Monthly

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

ਦਾ ਪੰਜਾਬ ਹੈਰਲਡ

The Punjab Herald

THE PUNJAB HERALD

FOR ALL TYPES OF ADVERTISEMENTS IN THE PUNJAB HERALD PLEASE CALL 0437641033

Chief Editor & Publisher - Dr.Avtar S.Sangha B.A.Hons., M.A., Ph.D.(English)-India | Graduate Dip. In Edu. - English & History (NSW) Certificate IV Course in Trg. & Assess. (TAFE)-Australia

Free Copy

Edition - (148) Nov. - 2026, Sydney, Phone - 0437641033 , Email - thepunjabherald1@gmail.com

www.thepunjabherald.com



May the lights of Diwali illuminate your home and heart with happiness and prosperity!





DHALLA AUTOMOTIVE

www.dhallaautomotive.com.au

Wishing you wealth and wisdom this Diwali !

DHALLA AUTOMOTIVE



We offer a commitment to personalized service for our clients. If you have further questions or need help with a case, please complete our quick form below. A team member will return your message as soon as possible.

CONTACT US FOR ALL YOUR MECHANICAL NEEDS

- DIAGNOSTIC SERVICES
- PERFORMANCE UPGRADES
- AIR CONDITIONING REPAIRS/ RE-GASSING
- LPG INSPECTION & MANY MORE.

SATINDERJIT SINGH DHALLA

Address:
70A Cox Ave, Kingswood
NSW 2747, Australia

Phone:
PH: 0430050714
W: 0247082717

Email: dhallaautomotive@yahoo.com.au

ਮਾਨਵੀ ਪਰਚਮ ਨੂੰ ਸਿਦਕ ਦਿਲੀ ਨਾਲ ਬੁਲੰਦ ਰੱਖਣ ਦਾ ਹਸਤਾਖਰ

Bilingual

ਦਾ ਪੰਜਾਬ ਹੈਰਲਡ

The PunjabHerald

THE PUNJAB HERALD IS LIVE NOW

For all types of advertisements in 'The Punjab Herald' please contact with us.

Scan this code

connect with us

☎ +61 437 641 033

✉ thepunjabherald1@gmail.com

🌐 www.thepunjabherald.com/

ADVERTISEMENT

HAPPY
Diwali
FESTIVAL OF LIGHTS

NSW Premier Chris Minns & Labor MPs
wish you and your family a joyous Diwali



The Hon Chris Minns MP
Member for Kogarah
Premier of New South Wales



The Hon Prue Car MP
Member for Londonderry, Deputy Premier, Minister for Education and Early Learning, Minister for Western Sydney



The Hon Daniel Mookhey MLC
Member of Legislative Council
Treasurer



The Hon Steve Kamper MP
Member for Rockdale, Minister for Lands and Property, Minister for Multiculturalism, Minister for Sport, Minister for Jobs and Tourism



The Hon Penny Sharpe MLC
Member of the Legislative Council, Minister for Climate Change, Minister for Energy, Minister for the Environment, Minister for Heritage



The Hon Michael Daley MP
Member for Maroubra
Attorney General



Julia Finn MP
Member for Granville
Parliamentary Secretary to the Premier
Parliamentary Secretary for the Arts



Dr Hugh McDermott MP
Member for Prospect
Parliamentary Secretary to the Attorney General



Edmond Atalla MP
Member for Mount Druitt
Parliamentary Secretary for Police and Counter-terrorism



Stephen Bali MP
Member for Blacktown
Parliamentary Secretary for Planning and Public Spaces



Greg Warren MP
Member for Campbelltown, Parliamentary Secretary to the Deputy Premier, Parliamentary Secretary for Education and Early Learning
Parliamentary Secretary for Western Sydney



Dr Marjorie O'Neill MP
Member for Coogee
Parliamentary Secretary for Transport



Lynda Voltz MP
Member for Auburn



Warren Kirby MP
Member for Riverstone

Authorised by Chris Minns MP, Prue Car MP, Daniel Mookhey MLC, Steve Kamper MP, Penny Sharpe MLC, Michael Daley MP, Julia Finn MP, Hugh McDermott MP, Edmond Atalla MP, Stephen Bali MP, Greg Warren MP, Marjorie O'Neill MP, Lynda Voltz MP and Warren Kirby MP. Funded using Parliamentary Entitlements.

A1 HOME IMPROVEMENTS

ABN: 44 105 366 809

0449 222 222

Jas@a1home.com.au

A1home.com.au



IMPROVE YOUR HOME TODAY

30+ YEARS OF EXPERIENCE WITH:

- Gates/Fences
- Stairs
- Automatic Gates
- Handrails
- Glassworks
- Timber Decks
- Awnings
- Gazebos
- Pergolas
- Showerscreens
- Structural Steel
- Pool Fences













Wishing you a Happy Diwali!
May your life shine bright with joy and love.

CALL NOW FOR END OF FINANCIAL YEAR SPECIALS

Let us build your dream home.

Custom | Luxury | Reliable

>CUSTOM HOMES
>SINGLE STOREY HOMES
>DOUBLE STOREY HOMES
>TOWN HOUSES / DUPLEX
>FACTORIES / RENOVATIONS
>GRANNY FLATS / SHOPS
>COMMERCIAL BUILDINGS
>PROJECT MANAGEMENT







Contact Jaswinder Bhogal



0449 111 111 (Text Please)

A1HOMEBUILDERS.COM.AU

JAS@A1HOMEBUILDERS.COM.AU

A1 HOME BUILDERS

LICENSE: 303056C

ਪੰਜਾਬ ਦੀ ਸਿਆਸਤ ਅਤੇ ਆਰਥਿਕਤਾ

ਪੰਜਾਬ ਇਸ ਵੇਲੇ ਗੰਭੀਰ ਆਰਥਿਕ ਸੰਕਟ ਵਿੱਚ ਘਿਰਿਆ ਹੋਇਆ ਹੈ। ਆਉਣ ਵਾਲੀਆਂ ਪੀੜ੍ਹੀਆਂ ਉੱਤੇ ਕਰਜੇ ਦਾ ਅਜਿਹਾ ਪਹਾੜ ਖੜ੍ਹਾ ਕਰ ਦਿੱਤਾ ਗਿਆ ਹੈ, ਜਿਸ ਨਾਲ ਉਨ੍ਹਾਂ ਦੇ ਹੱਕਾਂ ਦਾ ਘਾਣ ਹੋਇਆ ਹੈ ਅਤੇ ਸੂਬੇ ਦੀ ਆਰਥਿਕ ਖੁਦਮੁਖਤਿਆਰੀ ਕਮਜੋਰ ਹੋਈ ਹੈ। ਇਹ ਪਿਛਲੇ 30 ਸਾਲਾਂ ਦੌਰਾਨ ਸਿਆਸੀ ਆਗੂਆਂ ਵੱਲੋਂ ਜਾਣ-ਬੁੱਝ ਕੇ ਲਏ ਗਏ ਵਿਨਾਸਕਾਰੀ ਫੈਸਲਿਆਂ ਦਾ ਨਤੀਜਾ ਹੈ। ਸੂਬਾ ਪਿਛਲੇ ਦੋ ਦਹਾਕਿਆਂ ਤੋਂ ਵੱਧ ਸਮੇਂ ਤੋਂ ਆਪਣੀ ਹੈਸੀਅਤ ਤੋਂ ਵੱਧ ਖਰਚ ਕਰ ਰਿਹਾ ਹੈ। ਮਾਰਚ 2027 ਤੱਕ ਸੂਬੇ ਦੀਆਂ ਕੁੱਲ ਦੇਣਦਾਰੀਆਂ 4,47,754 ਕਰੋੜ ਰੁਪਏ ਤੱਕ ਪਹੁੰਚਣ ਦਾ ਅਨੁਮਾਨ ਹੈ, ਜੋ ਸੂਬੇ ਦੇ ਕੁੱਲ ਘਰੇਲੂ ਉਤਪਾਦ (ਜੀ ਐੱਸ ਡੀ ਪੀ) ਦਾ ਲਗਪਗ 45 ਫੀਸਦੀ ਹੈ। ਜੀ ਐੱਸ ਡੀ ਪੀ ਵਿੱਚ ਨਾਂ-ਮਾਤਰ ਵਾਧਾ ਹੋਣ ਦੇ ਬਾਵਜੂਦ ਇਹ ਅਨੁਪਾਤ ਲਗਾਤਾਰ 43 ਤੋਂ 48 ਫੀਸਦੀ ਦੇ ਵਿਚਕਾਰ ਹੀ ਬਣਿਆ ਹੋਇਆ ਹੈ।

ਕੰਪਟਰੋਲਰ ਅਤੇ ਆਡਿਟਰ ਜਨਰਲ (ਕੈਗ) ਨੇ ਮਾਰਚ 2024 ਤੱਕ ਸਰਕਾਰੀ ਅਦਾਰਿਆਂ ਅਤੇ ਅਧਿਕਾਰ ਖੇਤਰ ਵਾਲੀਆਂ ਸੰਸਥਾਵਾਂ ਰਾਹੀਂ 4,092.78 ਕਰੋੜ ਰੁਪਏ ਦੇ ਬਜਟ ਤੋਂ ਬਾਹਰਲੇ ਕਰਜਿਆਂ (ਆਫ-ਬਜਟ ਬੌਰੋਇੰਗਜ) ਵੱਲ ਇਸਾਰਾ ਕੀਤਾ ਸੀ। ਇਹ ਅਜਿਹੀਆਂ ਦੇਣਦਾਰੀਆਂ ਹਨ ਜੋ ਸਰਕਾਰੀ ਖਜਾਨੇ ਰਾਹੀਂ ਨਹੀਂ ਅਦਾ ਹੁੰਦੀਆਂ, ਫਿਰ ਵੀ ਇਨ੍ਹਾਂ ਦਾ ਭੁਗਤਾਨ ਬਜਟ ਵਿੱਚੋਂ ਹੀ ਕਰਨਾ ਪੈਂਦਾ ਹੈ। ਅੱਜ ਇਹ ਅੰਕੜਾ ਵਧ ਕੇ 23,654 ਕਰੋੜ ਰੁਪਏ ਹੋ ਗਿਆ ਹੈ। ਸਾਲ 2026-27 ਵਿੱਚ ਇਕੱਲੇ ਕਰਜੇ ਦਾ ਵਿਆਜ ਅਤੇ ਮੁੜ-ਭੁਗਤਾਨ 42,000 ਕਰੋੜ ਰੁਪਏ ਤੋਂ ਵੱਧ ਹੋਣ ਦਾ ਅਨੁਮਾਨ ਹੈ, ਜਿਸ ਵਿੱਚੋਂ ਮਹਿਜ ਵਿਆਜ ਦੇਣ ਵਿੱਚ ਹੀ ਮਾਲੀਆ ਪ੍ਰਾਪਤੀਆਂ ਦਾ 20 ਤੋਂ 25 ਫੀਸਦੀ ਹਿੱਸਾ ਖਪਤ ਹੋ ਰਿਹਾ ਹੈ। ਪੂੰਜੀਗਤ ਖਰਚ (ਕੈਪੀਟਲ ਐਕਸਪੈਂਡੀਚਰ) ਘਟ ਕੇ ਕੁੱਲ ਖਰਚੇ ਦੇ 5 ਫੀਸਦੀ ਤੋਂ ਵੀ ਹੇਠਾਂ ਆ ਗਿਆ ਹੈ, ਸਾਲ 2023-24 ਵਿੱਚ ਇਹ ਕੁੱਲ ਖਰਚੇ ਦਾ ਸਿਰਫ 3.88 ਫੀਸਦੀ ਸੀ ਅਤੇ ਕਰਜਿਆਂ ਦਾ ਮਹਿਜ 4.4 ਫੀਸਦੀ ਹਿੱਸਾ ਹੀ ਨਵੇਂ ਸਰੋਤਾਂ ਦੀ ਸਿਰਜਣਾ ਲਈ ਵਰਤਿਆ ਗਿਆ।

ਸਾਲ 2019 ਤੋਂ 2024 ਦੇ ਵਿਚਕਾਰ ਵਚਨਬੱਧ ਖਰਚੇ (ਤਨਖਾਹਾਂ, ਪੈਨਸਨਾਂ ਅਤੇ ਵਿਆਜ) ਮਾਲੀਆ ਪ੍ਰਾਪਤੀਆਂ ਦਾ ਔਸਤਨ 78 ਫੀਸਦੀ ਰਹੇ, ਜੋ ਕਿ 2023-24 ਵਿੱਚ ਵਧ ਕੇ 80 ਫੀਸਦੀ ਤੱਕ ਪਹੁੰਚ ਗਏ। ਜਿਹੜਾ ਸੂਬਾ ਕਿਸੇ ਵੀ ਨਵੇਂ ਸਕੂਲ, ਹਸਪਤਾਲ ਜਾਂ ਸੜਕ ਲਈ ਫੰਡ ਦੇਣ ਤੋਂ ਪਹਿਲਾਂ ਹੀ ਆਪਣੀ ਨਿਯਮਤ ਆਮਦਨ ਦਾ ਵੱਡਾ ਹਿੱਸਾ ਖਰਚ ਚੁੱਕਾ ਹੋਵੇ, ਉਸ ਨੇ ਵਿੱਤੀ ਨੀਤੀ ਤਹਿਤ ਫੈਸਲੇ ਲੈਣ ਦੇ ਆਪਣੇ ਅਧਿਕਾਰ ਪਹਿਲਾਂ ਹੀ ਤਿਆਗ ਦਿੱਤੇ ਹੁੰਦੇ ਹਨ। ਮਾਲੀ ਘਾਟਾ ਸਾਲ 2016-17 ਦੇ 7,311 ਕਰੋੜ ਰੁਪਏ ਤੋਂ ਵਧ ਕੇ ਸਾਲ 2025-26 ਵਿੱਚ (ਸੋਧੇ ਹੋਏ ਅਨੁਮਾਨਾਂ ਮੁਤਾਬਿਕ) 27,007 ਕਰੋੜ ਰੁਪਏ ਹੋ ਗਿਆ ਹੈ ਅਤੇ ਸਾਲ 2026-27 ਲਈ ਵਿੱਤੀ ਘਾਟਾ 39,971 ਕਰੋੜ ਰੁਪਏ (ਜੀ ਐੱਸ ਡੀ ਪੀ ਦਾ 4.1 ਫੀਸਦੀ) ਹੋਣ ਦਾ ਅੰਦਾਜਾ ਲਾਇਆ ਗਿਆ ਹੈ। ਇਸ ਲਈ ਉਹ ਸਾਰੀਆਂ ਵੱਖ-ਵੱਖ ਪਾਰਟੀਆਂ ਜਿੰਮੇਵਾਰ ਹਨ, ਜਿਨ੍ਹਾਂ ਨੇ ਚੋਣਾਂ ਵਿੱਚ ਲਾਹਾ ਲੈਣ ਲਈ ਵਚਨਬੱਧ ਖਰਚਿਆਂ ਅਤੇ ਬਜਟ ਤੋਂ ਬਾਹਰਲੀਆਂ ਦੇਣਦਾਰੀਆਂ ਨੂੰ ਵਧਾਉਣਾ ਫਾਇਦੇਮੰਦ ਸਮਝਿਆ ਜਦੋਂਕਿ ਇਸ ਦੇ ਸੁਧਾਰ ਦਾ ਸਾਰਾ ਆਰਥਿਕ ਬੋਝ ਆਉਣ ਵਾਲੀਆਂ ਸਰਕਾਰਾਂ ਉੱਤੇ ਛੱਡ ਦਿੱਤਾ। ਮੁਫਤ ਸਹੂਲਤਾਂ, ਖਾਸਕਰ ਬਿਜਲੀ ਦੀਆਂ ਸਬਸਿਡੀਆਂ, ਜੋ ਮਾਲੀਆ ਪ੍ਰਾਪਤੀਆਂ ਦਾ ਲਗਪਗ 20 ਫੀਸਦੀ ਹਿੱਸਾ ਨਿਗਲ ਜਾਂਦੀਆਂ ਹਨ (ਜਿਸ ਨਾਲ ਇਹ ਦੇਸ ਦੇ ਸਾਰੇ ਸੂਬਿਆਂ ਵਿੱਚੋਂ ਸਭ ਤੋਂ ਵੱਧ ਸਬਸਿਡੀ ਤੇ ਮਾਲੀਏ ਦਾ ਅਨੁਪਾਤ ਬਣ ਜਾਂਦਾ ਹੈ), ਰਾਜ ਦੇ ਉਸ ਮਾਡਲ ਦੀ ਪਛਾਣ ਬਣ ਗਈਆਂ ਹਨ ਜੋ ਸਰਕਾਰੀ ਖਜਾਨੇ ਨੂੰ ਵਿਕਾਸ ਦੇ ਸਾਧਨ ਵਜੋਂ ਨਹੀਂ ਸਗੋਂ ਸਿਆਸੀ ਰਿਆਇਤਾਂ ਵੰਡਣ ਦੇ ਸੰਦ ਵਜੋਂ ਵਰਤਦਾ ਹੈ। ਇਸ ਦਾ ਨਤੀਜਾ ਇਹ ਹੈ ਕਿ ਅਜਿਹੇ ਬਜਟ ਵਿੱਚ ਅਨੁਮਾਨਿਤ ਮਾਲੀਆ ਪ੍ਰਾਪਤੀਆਂ ਦਾ 90 ਫੀਸਦੀ ਤੋਂ ਵੱਧ ਹਿੱਸਾ ਵਿਆਜ, ਤਨਖਾਹਾਂ, ਪੈਨਸਨਾਂ ਅਤੇ ਬਿਜਲੀ ਦੀ ਸਬਸਿਡੀ ਵਿੱਚ ਹੀ ਖਪਤ ਹੋ ਜਾਂਦਾ ਹੈ, ਜਿਸ ਨਾਲ ਬੁਨਿਆਦੀ ਢਾਂਚੇ ਅਤੇ ਪ੍ਰਮੁੱਖ ਸਕੀਮਾਂ ਲਈ ਮਹਿਜ 11,000 ਕਰੋੜ ਰੁਪਏ ਬਚਦੇ ਹਨ।



ਮਾਰਚ 2027 ਵਿੱਚ ਸੱਤਾ ਵਿੱਚ ਆਉਣ ਵਾਲੀ ਨਵੀਂ ਸਰਕਾਰ ਨੂੰ ਅਜਿਹਾ ਬਜਟ ਵਿਰਸੇ ਵਿੱਚ ਮਿਲੇਗਾ, ਜਿਸ ਵਿੱਚ ਮਾਲੀਏ ਉੱਤੇ ਪਹਿਲਾ ਹੱਕ ਉਸ ਦੇ ਆਪਣੇ ਚੋਣ ਮਨੋਰਥ ਪੱਤਰ ਦਾ ਨਹੀਂ ਸਗੋਂ ਪਿਛਲੀਆਂ ਸਰਕਾਰਾਂ ਦੌਰਾਨ ਸਿਰ ਚੜ੍ਹੇ ਕਰਜਿਆਂ ਅਤੇ ਦੇਣਦਾਰੀਆਂ ਦਾ ਹੋਵੇਗਾ। ਸੂਬਾਈ ਵਿੱਤ ਕਮਿਸਨ ਦਾ ਅਨੁਮਾਨ ਹੈ ਕਿ ਜੇਕਰ ਮੌਜੂਦਾ ਰੁਝਾਨ ਇਸੇ ਤਰ੍ਹਾਂ ਜਾਰੀ ਰਹੇ ਤਾਂ ਸਾਲ 2030-31 ਤੱਕ ਕਰਜੇ ਅਤੇ ਜੀ ਐੱਸ ਡੀ ਪੀ ਦਾ ਅਨੁਪਾਤ ਵਧ ਕੇ 62 ਫੀਸਦੀ ਤੱਕ ਪਹੁੰਚ ਸਕਦਾ ਹੈ।

ਕਿਸੇ ਵੀ ਸੁਧਾਰਵਾਦੀ ਕਦਮ ਦੀ ਸੁਰੂਆਤ ਲਈ ਥੋੜ੍ਹੇ ਸਮੇਂ ਦੇ ਸਿਆਸੀ ਚੋਣ ਲਾਭਾਂ ਵਾਲੀ ਸੌੜੀ ਸੋਚ ਦਾ ਟਾਕਰਾ ਕਰਨ ਵਾਸਤੇ ਸਿਆਸੀ ਇੱਛਾ ਸਕਤੀ ਅਤੇ ਦ੍ਰਿੜ੍ਹਤਾ ਦੀ ਲੋੜ ਹੁੰਦੀ ਹੈ। ਮੁਫਤ ਸਹੂਲਤਾਂ ਉੱਤੇ ਕੀਤੇ ਜਾ ਰਹੇ ਬੇਲੋੜੇ ਸਮਾਜਿਕ ਭਲਾਈ ਖਰਚਿਆਂ ਵਿੱਚ ਵੱਡੇ ਪੱਧਰ ਉੱਤੇ ਸੁਧਾਰ ਕਰਨ ਦੀ ਸਖਤ ਲੋੜ ਹੈ। ਸਰਕਾਰ ਦਾ ਫਰਜ ਹਰ ਕਿਸੇ ਨੂੰ ਬੇਲੋੜੀ ਖੈਰਾਤ ਦੇਣਾ ਜਾਂ ਖਪਤ ਲਈ ਸਬਸਿਡੀਆਂ ਦੇਣਾ ਨਹੀਂ ਹੈ। ਇਸ ਦਾ ਮੁੱਢਲਾ ਫਰਜ ਸਮਾਜਿਕ ਉਪ-ਪੂੰਜੀ (ਸੋਸਲ ਓਵਰਹੈੱਡ ਕੈਪੀਟਲ) ਦੀ ਸਿਰਜਣਾ ਅਤੇ ਅਜਿਹੇ ਸਮਰੱਥ ਭਾਈਚਾਰਕ ਸਾਧਨ ਪੈਦਾ ਕਰਨਾ ਹੈ ਜੋ ਨਾਗਰਿਕਾਂ ਨੂੰ ਆਰਥਿਕ ਵਿਕਾਸ ਵਿੱਚ ਉਤਪਾਦਕ ਹਿੱਸੇਦਾਰ ਬਣਨ ਦੇ ਸਮਰੱਥ ਬਣਾਉਣ।

ਹੁਣ ਪੰਜਾਬੀਆਂ ਨੂੰ 'ਆਮਦਨੀ ਅਠਿਆਨੀ, ਖਰਚਾ ਰੁਪੱਈਆ' ਵਾਲੀ ਹਕੀਕਤ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਸ ਸਚਾਈ ਨੂੰ ਸੂਬੇ ਦੇ ਸਿਆਸੀ ਵਰਗ ਨੇ ਲੰਮੇ ਸਮੇਂ ਤੋਂ ਮੰਨਣ ਤੋਂ ਇਨਕਾਰ ਕੀਤਾ ਹੈ। ਆਰਥਿਕ ਅਨੁਸਾਸਨ ਦੀ ਪ੍ਰਾਪਤੀ ਵਿਕਾਸ ਲਈ ਪਹਿਲੀ ਸਰਤ ਹੈ।

ਸੁਧਾਰਵਾਦੀ ਕਦਮ ਦਾ ਦੂਜਾ ਅਤੇ ਵਧੇਰੇ ਆਸਾਵਾਦੀ ਪੱਖ ਇਹ ਹੈ ਕਿ ਅਸੀਂ ਅਤੀਤ ਦੀਆਂ ਬੌਧਿਕ ਅਤੇ ਆਰਥਿਕ ਜੰਜੀਰਾਂ ਤੋਂ ਆਜਾਦ ਹੋਈਏ। ਪੰਜਾਬ ਨੂੰ ਖੁਦ ਨੂੰ ਮਹਿਜ ਇੱਕ ਅਜਿਹੇ ਖੇਤੀ ਪ੍ਰਧਾਨ ਸੂਬੇ ਵਜੋਂ ਦੇਖਣਾ ਬੰਦ ਕਰ ਦੇਣਾ ਚਾਹੀਦਾ ਹੈ ਜਿਸ ਨੂੰ ਸਨਅਤ ਦੀ ਲੋੜ ਹੈ ਸਗੋਂ ਇਸ ਦੀ ਬਜਾਏ ਉੱਨਤ ਖੇਤੀ-ਸਨਅਤੀ (ਐਗਰੀ-ਇੰਡਸਟਰੀਅਲ) ਸੂਬੇ ਵਜੋਂ ਸੁਰਜੀਤ ਕਰਨਾ ਚਾਹੀਦਾ ਹੈ, ਜਿੱਥੇ ਇਸ ਦੇ ਖੇਤ ਇਸ ਦੀਆਂ ਫੈਕਟਰੀਆਂ ਨੂੰ ਕੱਚਾ ਮਾਲ ਮੁਹੱਈਆ ਕਰਵਾਉਣ। ਇਸ ਲਈ ਘੱਟ ਮੁੱਲ ਵਾਲੇ ਤੇ ਧਰਤੀ ਹੇਠਲੇ ਪਾਣੀ ਨੂੰ ਨਿਗਲਣ ਵਾਲੇ ਝੋਨੇ-ਕਣਕ ਦੇ ਚੱਕਰ ਤੋਂ ਸੋਚ-ਸਮਝ ਕੇ ਕਿਨਾਰਾ ਕਰਨਾ ਪਵੇਗਾ ਅਤੇ ਉੱਚ-ਮੁੱਲ ਵਾਲੇ ਬਾਗਬਾਨੀ, ਫੂਡ ਪ੍ਰੋਸੈਸਿੰਗ ਅਤੇ ਖੇਤੀ ਨਿਰਯਾਤ ਵੱਲ ਪਰਤਣਾ ਪਵੇਗਾ। ਵਿਸੇਸ ਸਨਅਤੀ ਕੇਂਦਰਾਂ ਨਾਲ ਜੁੜੇ ਆਰਥਿਕ ਖਿੱਤੇ ਸੂਬੇ ਦੀਆਂ ਮੌਜੂਦਾ ਸਮਰੱਥਾਵਾਂ ਨੂੰ ਹੋਰ ਬੁਲੰਦ ਕਰਨਗੇ। ਉੱਤਰੀ ਖਿੱਤਾ (ਪਠਾਨਕੋਟ ਅਤੇ ਗੁਰਦਾਸਪੁਰ) ਵੱਡੇ ਫੌਜੀ ਟਿਕਾਣਿਆਂ ਦੀ ਨੇੜਤਾ ਦਾ ਲਾਹਾ ਲੈਂਦਿਆਂ ਰੱਖਿਆ ਅਤੇ ਏਅਰੋਸਪੇਸ ਪੁਰਜਿਆਂ, ਹਵਾਈ ਜਹਾਜਾਂ ਦੇ ਇਲੈਕਟ੍ਰਾਨਿਕ ਸਾਜੋ-ਸਾਮਾਨ ਅਤੇ ਬਾਰੀਕ ਤੇ ਸਟੀਕ ਮਸੀਨੀ ਪੁਰਜਿਆਂ ਦੇ ਨਿਰਮਾਣ ਲਈ ਵਿਕਸਤ ਕੀਤਾ ਜਾ ਸਕਦਾ ਹੈ। ਇਹ ਫੌਜੀ ਅਤੇ ਆਮ ਦੋਹਾਂ ਵਰਤੋਂ ਵਾਲਾ ਹਾਈ-ਟੈੱਕ ਕੇਂਦਰ ਬਣ ਸਕਦਾ ਹੈ, ਜਿੱਥੇ ਬਾਗਬਾਨੀ ਨੂੰ ਵਿਸੇਸ ਤੌਰ 'ਤੇ ਉੱਚ-ਮੁੱਲ ਵਾਲੀਆਂ ਅਤੇ ਛੇਤੀ ਖਰਾਬ ਹੋਣ ਵਾਲੀਆਂ ਫਸਲਾਂ ਲਈ ਤਿਆਰ ਕੀਤਾ ਜਾਵੇਗਾ ਤਾਂ ਜੋ ਇਨ੍ਹਾਂ ਨੂੰ ਹਵਾਈ ਮਾਰਗ ਰਾਹੀਂ ਬਾਹਰ ਭੇਜਿਆ ਜਾ ਸਕੇ। ਮੱਧ-ਪੱਛਮੀ ਖਿੱਤਾ (ਅੰਮ੍ਰਿਤਸਰ ਅਤੇ ਤਰਨ ਤਾਰਨ) ਹਵਾਈ ਅੱਡੇ ਦੀ ਕਾਰਗੋ ਸਹੂਲਤ ਦੀ ਵਰਤੋਂ ਕਰਦਿਆਂ ਪ੍ਰੋਸੈੱਸਡ ਸਬਜੀਆਂ, ਫਲਾਂ, ਡੇਅਰੀ ਉਤਪਾਦਾਂ, ਮਸਾਲਿਆਂ ਅਤੇ ਤਿਆਰ ਖੁਰਾਕੀ ਵਸਤਾਂ 'ਤੇ ਧਿਆਨ ਕੇਂਦਰਿਤ ਕਰ ਸਕਦਾ ਹੈ। ਇਸ ਦੇ ਨਾਲ ਹੀ ਇਹ ਕੱਪੜਾ ਉਦਯੋਗ, ਖੇਡਾਂ ਦੇ ਸਾਮਾਨ ਅਤੇ ਹਲਕੀ ਇੰਜੀਨੀਅਰਿੰਗ ਵੱਲ ਵੀ ਪੈਰ ਪਸਾਰ ਸਕਦਾ ਹੈ। ਮੱਧ ਖਿੱਤਾ (ਲੁਧਿਆਣਾ, ਜਲੰਧਰ ਅਤੇ ਕਪੂਰਥਲਾ) ਨੂੰ ਸਾਈਕਲਾਂ ਤੋਂ ਈ-ਸਾਈਕਲਾਂ, ਮੋਟਰਾਂ ਤੇ ਬਰਾਮਦ ਵੱਲ ਕਦਮ ਵਧਾਉਣ ਅਤੇ ਕਪੂਰਥਲਾ ਦੀ ਰੇਲ ਕੋਚ ਫੈਕਟਰੀ ਦੇ ਆਧਾਰ 'ਤੇ ਸਾਧਾਰਨ ਮਸੀਨ ਟੂਲਜ ਤੋਂ ਅੱਗੇ ਨਿਕਲ ਕੇ ਉੱਨਤ ਨਿਰਮਾਣ (ਐਡਵਾਂਸਡ ਮੈਨੂਫੈਕਚਰਿੰਗ) ਅਤੇ ਰੇਲਵੇ ਉਪਕਰਨਾਂ ਤੱਕ ਦਾ ਸਫਰ ਤੈਅ ਕਰਨ ਲਈ ਉਤਸਾਹਿਤ ਕੀਤਾ ਜਾਣਾ ਚਾਹੀਦਾ ਹੈ।

ਦੱਖਣ-ਪੱਛਮੀ ਖਿੱਤਾ (ਬਠਿੰਡਾ, ਮਾਨਸਾ ਅਤੇ ਫਿਰੋਜਪੁਰ) ਖੇਤੀਬਾੜੀ ਮਸੀਨਰੀ, ਬੀਜ ਪ੍ਰੋਸੈਸਿੰਗ ਅਤੇ ਸੌਰ ਤੇ ਬਿਜਲੀ ਉਪਕਰਨਾਂ ਵਿੱਚ ਮੋਹਰੀ ਹੋ ਕੇ ਖੇਤੀ-ਆਧਾਰਿਤ ਉਦਯੋਗਾਂ (ਐਗਰੋ-ਪ੍ਰੋਸੈਸਿੰਗ) ਦੀ ਰਾਜਧਾਨੀ ਬਣ ਸਕਦਾ ਹੈ। ਰੂਪਨਗਰ, ਸਹੀਦ ਭਗਤ ਸਿੰਘ ਨਗਰ (ਨਵਾਂਸਹਿਰ) ਅਤੇ ਹੁਸਿਆਰਪੁਰ ਦੇ ਜਿਲ੍ਹੇ ਬੱਦੀ ਦੇ ਫਾਰਮਾ ਸਨਅਤੀ ਮਾਹੌਲ ਦਾ ਵਿਸਥਾਰ ਬਣ ਸਕਦੇ ਹਨ। ਅਖੀਰ ਵਿੱਚ ਪੂਰਬੀ ਖਿੱਤਾ (ਮੁਹਾਲੀ, ਪਟਿਆਲਾ ਅਤੇ ਸੰਗਰੂਰ) ਮਸਨੂਈ ਬੁੱਧੀ ਯਾਨੀ ਆਰਟੀਫੀਸੀਅਲ ਇੰਟੈਲੀਜੈਂਸ, ਸੌਫਟਵੇਅਰ, ਬਾਇਓਟੈਕਨਾਲੋਜੀ, ਮੈਡੀਕਲ ਤਕਨਾਲੋਜੀ ਅਤੇ ਸੈਮੀਕੰਡਕਟਰ ਡਿਜਾਈਨ ਲਈ ਇੱਕ ਨਿਵੇਕਲਾ ਕੇਂਦਰ ਹੋਣਾ ਚਾਹੀਦਾ ਹੈ ਤਾਂ ਜੋ ਯੂਨੀਵਰਸਿਟੀਆਂ ਤੋਂ ਲੈ ਕੇ ਪ੍ਰਯੋਗਸਾਲਾਵਾਂ, ਸਟਾਰਟ-ਅੱਪਸ ਅਤੇ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਤੱਕ ਇੱਕ ਨਿਰਵਿਘਨ ਲੜੀ ਕਾਇਮ ਹੋ ਸਕੇ। ਇਨ੍ਹਾਂ ਖਿੱਤਿਆਂ ਨੂੰ ਦੁਨੀਆ ਨਾਲ ਜੋੜਨ ਲਈ ਹਵਾਈ ਅੱਡਿਆਂ 'ਤੇ ਆਧਾਰਿਤ ਬਰਾਮਦ ਕੇਂਦਰਾਂ ਦਾ ਜਾਲ ਵਿਛਾਉਣਾ ਬਹੁਤ ਜਰੂਰੀ ਹੈ। ਅੰਮ੍ਰਿਤਸਰ, ਮੁਹਾਲੀ, ਹਲਵਾਰਾ, ਆਦਮਪੁਰ, ਬਠਿੰਡਾ ਅਤੇ ਪਠਾਨਕੋਟ ਦੇ ਹਵਾਈ ਅੱਡਿਆਂ ਨੂੰ ਵਿਸੇਸ ਕਾਰਗੋ ਟਰਮੀਨਲਾਂ ਵਿੱਚ ਬਦਲਿਆ ਜਾਣਾ ਚਾਹੀਦਾ ਹੈ, ਜਿੱਥੋਂ ਉੱਚ-ਮੁੱਲ ਅਤੇ ਘੱਟ ਵਜਨ ਵਾਲੀਆਂ ਵਸਤਾਂ ਹਵਾਈ ਰਸਤੇ ਭੇਜੀਆਂ ਜਾ ਸਕਣ। ਇਸ ਖਾਕੇ ਵਿੱਚ ਅਜਿਹੀ ਊਰਜਾ ਨੀਤੀ ਵੀ ਸਾਮਲ ਹੋਣੀ ਚਾਹੀਦੀ ਹੈ, ਜੋ ਸੂਰਜੀ ਊਰਜਾ, ਪਰਾਲੀ/ਬਾਇਓਮਾਸ ਅਤੇ ਊਰਜਾ ਭੰਡਾਰਨ ਦੇ ਤਰੀਕੇ 'ਤੇ ਧਿਆਨ ਕੇਂਦਰਿਤ ਕਰੇ ਅਤੇ ਨਾਲ ਹੀ ਸਨਅਤਾਂ ਨੂੰ ਭਰੋਸੇਯੋਗ ਤੇ ਸਾਫ-ਸੁਥਰੀ ਬਿਜਲੀ ਦੇਣ ਲਈ ਸਾਲ 2040 ਤੱਕ 1,400 ਮੈਗਾਵਾਟ ਪਰਮਾਣੂ ਊਰਜਾ ਸਮਰੱਥਾ ਤਿਆਰ ਕਰਨ ਦੀ ਲੰਮੇ ਸਮੇਂ ਦੀ ਯੋਜਨਾ ਵੀ ਤਿਆਰ ਕਰੇ।

ਹੁਨਰਮੰਦ ਕਾਰਜਸੀਲ ਤਾਕਤ ਲਈ ਹਰ ਖਿੱਤੇ ਵਿੱਚ ਸਨਅਤਾਂ ਵੱਲੋਂ ਚਲਾਏ ਜਾਂਦੇ ਹੁਨਰ ਸਿਖਲਾਈ ਕੇਂਦਰ ਅਤੇ ਮੁਹਾਲੀ, ਪਟਿਆਲਾ, ਲੁਧਿਆਣਾ ਤੇ ਅੰਮ੍ਰਿਤਸਰ ਵਿਖੇ ਯੂਨੀਵਰਸਿਟੀ ਰਿਸਰਚ ਪਾਰਕ ਹੋਣੇ ਅਤਿ-ਲਾਜਮੀ ਹਨ। ਸਮੁੰਦਰੀ ਕੰਢੇ ਅਤੇ ਸਨਅਤੀ ਲਾਭਾਂ ਵਾਲੇ ਗੁਜਰਾਤ ਜਾਂ ਮਹਾਰਾਸਟਰ ਵਾਂਗ ਪੰਜਾਬ ਨੂੰ ਵੀ ਆਪਣੀ ਨਿਵੇਕਲੀ ਪਛਾਣ ਬਣਾਉਣੀ ਪਵੇਗੀ ਅਤੇ ਭਾਰਤ ਦਾ ਪਹਿਲਾ ਵੱਡੇ ਪੱਧਰ ਦਾ ਅਜਿਹਾ ਸੂਬਾ ਬਣਨਾ ਪਵੇਗਾ, ਜਿੱਥੇ ਖੇਤੀ-ਸਨਅਤ, ਇੰਜੀਨੀਅਰਿੰਗ, ਡਿਜੀਟਲ ਤਕਨਾਲੋਜੀ ਅਤੇ ਉੱਚ-ਮੁੱਲ ਵਾਲੀ ਬਾਗਬਾਨੀ ਦਾ ਸੁਮੇਲ ਹੋਵੇ। ਸਿਆਸੀ ਚੁਣੌਤੀ ਬਹੁਤ ਵੱਡੀ ਹੈ ਕਿਉਂਕਿ ਵਿੱਤੀ ਅਨੁਸਾਸਨ ਕਾਰਨ ਸੰਗਠਿਤ ਹਿੱਤਾਂ ਨੂੰ ਤੁਰੰਤ ਮਾਰ ਪੈਂਦੀ ਹੈ ਜਦੋਂਕਿ ਇਸ ਦੇ ਲਾਭ ਲੰਮੇ ਸਮੇਂ ਬਾਅਦ ਵਿਆਪਕ ਰੂਪ ਵਿੱਚ ਸਾਹਮਣੇ ਆਉਂਦੇ ਹਨ। ਇਸ ਲਈ ਇਹ ਕਿਸੇ ਇੱਕ ਪਾਰਟੀ ਜਾਂ ਸਰਕਾਰ ਦਾ ਇਕੱਲੇ ਦਾ ਪ੍ਰੋਜੈਕਟ ਨਹੀਂ ਹੋ ਸਕਦਾ। ਬਦਕਿਸਮਤੀ ਨਾਲ, ਪੰਜਾਬ ਦਾ ਸਿਆਸੀ ਵਰਗ 1966 ਵਿੱਚ ਸੂਬੇ ਦੀ ਤਿੰਨ ਹਿੱਸਿਆਂ 'ਚ ਵੰਡ ਤੋਂ ਲੈ ਕੇ ਅਤੇ ਖਾਸ ਕਰਕੇ 1995 ਵਿੱਚ ਪਾਕਿਸਤਾਨ ਦੀ ਸਹਿ ਪ੍ਰਾਪਤ ਦਹਿਸ਼ਤਗਰਦੀ ਦੇ ਖਾਤਮੇ ਮਗਰੋਂ ਚੋਣ ਲਾਭਾਂ ਤੋਂ ਅੱਗੇ ਦੇਖਣ ਵਿੱਚ ਅਸਫਲ ਹੀ ਰਿਹਾ ਹੈ। ਪੰਜਾਬ ਨੂੰ ਇੱਕ ਸਰਬ-ਪਾਰਟੀ ਵਿੱਤੀ ਸਹਿਮਤੀ ਦੀ ਲੋੜ ਹੈ ਤਾਂ ਜੋ ਅਗਲੇ ਪੰਜ ਸਾਲਾਂ ਵਿੱਚ ਮਾਲੀ ਘਾਟੇ ਨੂੰ ਘਟਾਇਆ ਜਾ ਸਕੇ ਅਤੇ ਵਿਕਾਸ ਕਾਰਜਾਂ (ਪੂੰਜੀਗਤ ਖਰਚੇ) ਉੱਤੇ ਖਰਚ ਹੁੰਦੀ ਰਕਮ ਨੂੰ 5 ਫੀਸਦੀ ਤੋਂ ਵਧਾ ਕੇ ਘੱਟੋ-ਘੱਟ 10 ਤੋਂ 20 ਫੀਸਦੀ ਦਰਮਿਆਨ ਲਿਜਾਇਆ ਜਾ ਸਕੇ। ਇਹ ਟੀਚਾ ਹਾਸਲ ਕਰਨ ਲਈ ਸੂਬੇ ਨੂੰ ਮੱਧ-ਕਾਲੀਨ ਖਰਚਾ ਢਾਂਚੇ (ਐੱਮ ਟੀ ਈ ਐੱਫ) ਤਹਿਤ ਪੱਕੀ ਵਚਨਬੱਧਤਾ ਦਿਖਾਉਣੀ ਪਵੇਗੀ।

ਬਜਟ ਤੋਂ ਬਾਹਰ ਲਏ ਗਏ ਕਰਜਿਆਂ (ਆਫ-ਬਜਟ ਬੌਰੋਇੰਗਜ) ਨੂੰ ਬਜਟ ਵਿੱਚ ਹੀ ਸਾਮਿਲ ਕੀਤਾ ਜਾਣਾ ਚਾਹੀਦਾ ਹੈ ਅਤੇ ਇਨ੍ਹਾਂ ਦਾ ਇੱਕੋ ਸਪੱਸਟ ਵੇਰਵਾ ਜਨਤਕ ਹੋਣਾ ਚਾਹੀਦਾ ਹੈ। ਜਾਇਦਾਦਾਂ ਦੀ ਵਿਕਰੀ (ਐਸੈੱਟ ਮੌਨੇਟਾਈਜੇਸਨ) ਨੂੰ ਵਾਰ-ਵਾਰ ਫੰਡ ਜੁਟਾਉਣ ਦੇ ਸਾਧਨ ਵਜੋਂ ਵਰਤਣ ਦੀ ਬਜਾਏ ਸਿਰਫ ਇੱਕ ਵਾਰ ਦੀ ਅਸਥਾਈ ਮਦਦ ਵਜੋਂ ਦੇਖਿਆ ਜਾਣਾ ਚਾਹੀਦਾ ਹੈ ਕਿਉਂਕਿ ਤਨਖਾਹਾਂ ਦੇਣ ਲਈ ਸਰਕਾਰੀ ਜਾਇਦਾਦਾਂ ਨੂੰ ਗਹਿਣੇ ਰੱਖਣਾ ਵਿੱਤੀ ਪ੍ਰਬੰਧਨ ਨਹੀਂ ਸਗੋਂ ਸੂਬੇ ਨੂੰ ਆਰਥਿਕ ਮੌਤ ਵੱਲ ਧੱਕਣਾ ਹੈ।

ਕਰਜੇ ਦੇ ਬੋਝ ਨੂੰ ਉਦੋਂ ਹੀ ਕਾਬੂ ਹੇਠ ਲਿਆਂਦਾ ਜਾ ਸਕਦਾ ਹੈ ਜੇਕਰ ਸੂਬੇ ਦੀ ਕੁੱਲ ਆਰਥਿਕ ਵਿਕਾਸ ਦਰ ਅਸਰਦਾਰ ਵਿਆਜ ਦਰ ਨਾਲੋਂ ਵੱਧ ਹੋਵੇ ਅਤੇ ਮੁੱਢਲਾ ਘਾਟਾ ਕਾਫੀ ਹੱਦ ਤੱਕ ਘਟਾਇਆ ਜਾਵੇ। ਇਹ ਆਰਥਿਕ ਸਮੀਕਰਨ ਉਦੋਂ ਹੀ ਸਫਲ ਹੋਣਗੇ ਜਦੋਂ ਸਿਆਸੀ ਆਗੂ ਉਸ ਅਨੁਸਾਸਨ ਨੂੰ ਕਬੂਲ ਕਰਨਗੇ, ਜੋ ਮੌਜੂਦਾ ਹਾਕਮਾਂ ਦੇ ਨਾਲ-ਨਾਲ ਉਨ੍ਹਾਂ ਦੇ ਵਾਰਿਸਾਂ (ਆਉਣ ਵਾਲੀਆਂ ਸਰਕਾਰਾਂ) ਨੂੰ ਵੀ ਬੰਨ੍ਹ ਕੇ ਰੱਖੇ। ਇਹ ਮਿਸਨ ਪੰਜਾਬ, ਪੰਜਾਬੀਆਂ ਅਤੇ ਪੰਜਾਬੀਅਤ ਦੇ ਮਾਣਯੋਗ ਭਵਿੱਖ ਨਾਲ ਜੁੜਿਆ ਹੈ। ਸੂਬੇ ਨੂੰ 'ਪੱਛੜੇ ਸੂਬੇ' ਦੇ ਇਸ ਮਾਰੂ ਚੱਕਰ ਵਿੱਚੋਂ (ਜਿਸ ਨੂੰ ਅੱਜ ਨਸ਼ਿਆਂ ਨੇ ਬੁਰੀ ਤਰ੍ਹਾਂ ਜਕੜਿਆ ਹੋਇਆ ਹੈ) ਸਿਰਫ ਇਹੋ ਰਾਹ ਬਾਹਰ ਕੱਢ ਸਕਦਾ ਹੈ।

ਮਨੀਸ਼ ਤਿਵਾਰੀ

ਤਬਦੀਲੀ ਦਾ ਹੋਕਾ: ਫਰਾਂਸ ਦਾ ਵਿਦਿਆਰਥੀ ਅੰਦੋਲਨ

ਬੀਤੇ ਕੁਝ ਵਰ੍ਹਿਆਂ ਦੌਰਾਨ ਨਵ-ਉਦਾਰਵਾਦੀ ਨੀਤੀਆਂ, ਭ੍ਰਿਸ਼ਟਾਚਾਰ, ਮਹਿੰਗਾਈ, ਵਿੱਦਿਅਕ ਬਜਟ ਵਿੱਚ ਕਟੌਤੀ, ਜੰਗ ਅਤੇ ਜਮਹੂਰੀ ਹੱਕਾਂ ਦੇ ਘਾਣ ਵਿਰੁੱਧ ਪੂਰੀ ਦੁਨੀਆ ਵਿੱਚ ਨੌਜਵਾਨਾਂ ਤੇ ਵਿਦਿਆਰਥੀਆਂ ਦਾ ਰੋਹ ਲਗਾਤਾਰ ਫੁੱਟ ਰਿਹਾ ਹੈ। ਇਨ੍ਹੀਂ ਦਿਨੀਂ ਫਰਾਂਸ ਵਿੱਚ ਸਕੂਲੀ ਬੁਨਿਆਦੀ ਢਾਂਚੇ ਦੀ ਖਸਤਾ ਹਾਲਤ ਤੇ ਫੰਡਾਂ 'ਚ ਕਟੌਤੀ, ਭਾਰਤ ਵਿੱਚ ਚੋਣ ਕਮਿਸ਼ਨ ਵਿਰੁੱਧ ਰੋਸ, ਅਲਬਾਨੀਆ ਵਿੱਚ ਉੱਚ ਸਿੱਖਿਆ ਦੀ ਲਾਗਤ, ਵਿੱਤੀ ਮਦਦ ਦੀ ਘਾਟ ਅਤੇ ਗ੍ਰੈਜੂਏਸ਼ਨ ਤੋਂ ਬਾਅਦ ਨੌਕਰੀਆਂ ਦੀ ਅਣਹੋਂਦ, ਸਰਬੀਆ ਵਿੱਚ ਸਰਕਾਰੀ ਭ੍ਰਿਸ਼ਟਾਚਾਰ, ਇੰਡੋਨੇਸ਼ੀਆ ਵਿੱਚ ਫੌਜੀ ਦਖਲ ਤੇ ਮਹਿੰਗਾਈ, ਬੰਗਲਾਦੇਸ਼ ਵਿੱਚ ਨਵੀਂ ਸਰਕਾਰ ਦੀਆਂ ਨਾਕਾਮੀਆਂ, ਪਾਕਿਸਤਾਨ ਵਿੱਚ ਗੁਰਬਤ ਤੇ ਬੇਰੁਜਗਾਰੀ, ਬੈਲਜੀਅਮ ਵਿੱਚ ਸਿੱਖਿਆ ਸਹੂਲਤਾਂ 'ਚ ਕਟੌਤੀ ਅਤੇ ਫਿਲਪੀਨਜ਼ ਵਿੱਚ ਜੀਵਨ ਲਾਗਤਾਂ 'ਚ ਵਾਧੇ ਵਿਰੁੱਧ ਨੌਜਵਾਨ-ਵਿਦਿਆਰਥੀ ਸਫਬੰਦ ਹੋ ਰਹੇ ਹਨ। ਇਸ ਤੋਂ ਇਲਾਵਾ ਅਮਰੀਕਾ ਅਤੇ ਕੈਨੇਡਾ ਦੀਆਂ ਯੂਨੀਵਰਸਿਟੀਆਂ ਵਿੱਚ ਫਲਸਤੀਨ ਨਾਲ ਹਮ-ਆਵਾਜੀ, ਜੰਗਾਂ ਤੇ ਵਿਦਿਆਰਥੀ ਕਰਜੇ ਵਿਰੁੱਧ, ਸਪੇਨ ਵਿੱਚ ਰਿਹਾਇਸ਼ੀ ਘਰਾਂ ਦੇ ਸੰਕਟ ਤੇ ਕਿਰਾਏ ਵਿੱਚ ਵਾਧੇ ਖਿਲਾਫ, ਬਰਤਾਨੀਆ ਵਿੱਚ ਆਸਮਾਨ ਛੂੰਹਦੀਆਂ ਫੀਸਾਂ ਖਿਲਾਫ ਅਤੇ ਲਾਤੀਨੀ ਅਮਰੀਕਾ (ਅਰਜਨਟੀਨਾ ਤੇ ਚਿੱਲੀ) ਵਿੱਚ ਯੂਨੀਵਰਸਿਟੀ ਫੰਡਾਂ 'ਚ ਕਟੌਤੀ ਵਿਰੁੱਧ ਵਿਸ਼ਾਲ ਸੰਘਰਸ਼ ਚੱਲ ਰਹੇ ਹਨ। ਇਹ ਸਾਰੇ ਸੰਘਰਸ਼ ਇਸ ਗੱਲ ਦੀ ਗਵਾਹੀ ਭਰਦੇ ਹਨ ਕਿ ਹਕੂਮਤਾਂ ਦੀਆਂ ਲੋਕ-ਵਿਰੋਧੀ ਨੀਤੀਆਂ ਖਿਲਾਫ ਨੌਜਵਾਨ ਪੀੜ੍ਹੀ ਹਰ ਥਾਂ ਤਬਦੀਲੀ ਦਾ ਹਰਾਵਲ ਦਸਤਾ ਬਣੀ ਹੋਈ ਹੈ।

ਹਾਲ ਹੀ ਵਿੱਚ ਫਰਾਂਸ ਦੀ ਰਾਜਧਾਨੀ ਪੈਰਿਸ ਦੀਆਂ ਸੜਕਾਂ 'ਤੇ ਅੱਗ ਦੇ ਗੋਲਿਆਂ ਅਤੇ ਅੱਥਰੂ ਗੈਸ ਦੇ ਧੂੰਏਂ ਵਿੱਚੋਂ 'ਸਾਡਾ ਭਵਿੱਖ ਵੇਚਣਾ ਬੰਦ ਕਰੋ' ਦੇ ਨਾਅਰੇ ਗੂੰਜ ਰਹੇ ਹਨ। ਫਰਾਂਸ ਵਿੱਚ ਇਸ ਵੇਲੇ ਉੱਠਿਆ ਵਿਦਿਆਰਥੀ ਸੰਘਰਸ਼ ਮਹਿਜ ਯੂਨੀਵਰਸਿਟੀ ਫੰਡਾਂ ਦੀ ਕਟੌਤੀ ਵਰਗੀ ਇਕਹਿਰੀ ਘਟਨਾ ਦਾ ਵਿਰੋਧ ਨਹੀਂ ਹੈ ਸਗੋਂ ਇਹ ਪੂਰੇ ਪ੍ਰਬੰਧ ਦੀਆਂ ਢਾਂਚਾਗਤ ਨੀਤੀਆਂ ਖਿਲਾਫ ਇੱਕ ਜਬਰਦਸਤ ਸਿਆਸੀ ਸੰਘਰਸ਼ ਹੈ। ਇਸ ਵਿਦਿਆਰਥੀ ਸੰਘਰਸ਼ ਦੀ ਸਿਆਸੀ ਤਾਸੀਰ ਦੁਨੀਆ ਭਰ ਵਿੱਚ ਲਗਾਤਾਰ ਉੱਠ ਰਹੇ ਮੌਜੂਦਾ ਨੌਜਵਾਨ-ਵਿਦਿਆਰਥੀ (ਜੈੱਨ-ਜੀ) ਅੰਦੋਲਨਾਂ ਨਾਲੋਂ ਵਧੇਰੇ ਤਿੱਖੀ, ਸਿਆਸੀ ਤੇ ਅਰਥਪੂਰਨ ਹੈ। ਇਹ ਸੰਘਰਸ਼ ਕਿਸੇ ਅਚਾਨਕ ਵਾਪਰੀ ਘਟਨਾ ਦਾ ਨਤੀਜਾ ਨਹੀਂ ਹੈ ਸਗੋਂ ਇਹ ਨਵ-ਉਦਾਰਵਾਦੀ ਆਰਥਿਕ ਨੀਤੀਆਂ ਕਾਰਨ ਹੁੰਦੀ ਨਿਰੰਤਰ ਲੁੱਟ ਤੇ ਅਰਾਜਕਤਾ ਵਿਰੁੱਧ ਚੇਤੰਨ ਪ੍ਰਤੀਕਰਮ ਹੈ, ਜਿਸ ਨੇ ਨੌਜਵਾਨ ਪੀੜ੍ਹੀ ਨੂੰ ਅਨਿਸ਼ਚਿਤਤਾ, ਬੇਰੁਜਗਾਰੀ, ਮਹਿੰਗਾਈ ਅਤੇ ਮਾਨਸਿਕ ਤਣਾਅ ਦੇ ਹਨੇਰੇ ਭਵਿੱਖ ਵੱਲ ਧੱਕ ਦਿੱਤਾ ਹੈ।

ਫਰਾਂਸ ਦੇ ਵਿਦਿਆਰਥੀ ਅਧਿਆਪਕਾਂ ਦੀ ਘਾਟ, ਏਅਰ ਕੰਡੀਸ਼ਨਰਾਂ ਤੇ ਡੈਸਕਾਂ ਦੀ ਘਾਟ, ਟੁੱਟੀਆਂ-ਭੱਜੀਆਂ ਇਮਾਰਤਾਂ, ਪੇਂਡੂ ਤੇ ਸ਼ਹਿਰੀ ਸਿੱਖਿਆ ਸਹੂਲਤਾਂ ਵਿਚਲੇ ਫਰਕ ਅਤੇ ਖਚਾਖਚ ਭਰੀਆਂ ਜਮਾਤਾਂ ਵਾਲੀ ਤੰਗਹਾਲੀ ਖਿਲਾਫ ਰੋਹ ਵਿੱਚ ਹਨ। ਇਹ ਕਰਵਟ ਲੈ ਰਿਹਾ ਇੱਕ ਅਜਿਹਾ ਵਰਗ ਹੈ, ਜੋ ਸਿੱਖਿਆ ਮੰਡੀ ਵਿੱਚੋਂ ਹੁਨਰਮੰਦ ਕਾਮੇ ਵਜੋਂ ਤਿਆਰ ਹੋ ਕੇ ਫੈਕਟਰੀ ਵਿੱਚ ਦਾਖਲ ਹੋਣ ਤੋਂ ਪਹਿਲਾਂ ਆਪਣੇ ਆਪ ਨੂੰ ਪਛਾਣ ਰਿਹਾ ਹੈ। ਸਿੱਖਿਆ ਦੇ ਬੁਨਿਆਦੀ ਹੱਕਾਂ ਉੱਤੇ ਹਮਲਿਆਂ



ਖਿਲਾਫ ਸਕੂਲਾਂ ਤੋਂ ਸ਼ੁਰੂ ਹੋਇਆ ਇਹ ਵਿਦਿਆਰਥੀ ਸੰਘਰਸ਼ ਹੁਣ ਪੂਰੇ ਫਰਾਂਸ ਵਿੱਚ ਫੈਲ ਗਿਆ ਹੈ। 640 ਸਕੂਲਾਂ ਅਤੇ 30 ਯੂਨੀਵਰਸਿਟੀਆਂ ਦੇ ਵਿਦਿਆਰਥੀਆਂ ਤੋਂ ਇਲਾਵਾ ਅਧਿਆਪਕ, ਮਾਪੇ ਅਤੇ ਮਜਦੂਰ-ਮੁਲਾਜਮ ਯੂਨੀਅਨਾਂ ਵੀ ਇਸ ਵਿੱਚ ਸ਼ਾਮਿਲ ਹੋ ਰਹੀਆਂ ਹਨ। ਫਰਾਂਸ ਦੇ ਗ੍ਰਹਿ ਮੰਤਰਾਲੇ ਮੁਤਾਬਿਕ ਇਸ ਸੰਘਰਸ਼ ਵਿੱਚ 2,56,000 ਪ੍ਰਦਰਸ਼ਨਕਾਰੀਆਂ ਦੇ ਸ਼ਾਮਲ ਹੋਣ, ਲਗਪਗ 1,800 ਸਕੂਲ ਤਾਲਾਬੰਦ ਹੋਣ ਅਤੇ 6,500 ਗ੍ਰਿਫਤਾਰੀਆਂ ਹੋਣ ਦਾ ਅਨੁਮਾਨ ਹੈ। ਸਰਕਾਰ ਵਿਰੋਧ ਪ੍ਰਦਰਸ਼ਨਾਂ ਨੂੰ ਜਬਰੀ ਦਬਾਉਣ ਦੇ ਰਾਹ ਪਈ ਹੋਈ ਹੈ, ਜਿਸ ਨਾਲ ਇਹ ਸੰਘਰਸ਼ ਹਿੰਸਕ ਰੂਪ ਧਾਰਨ ਕਰ ਗਏ ਹਨ। ਫਰਾਂਸ ਦੀ ਇਤਿਹਾਸਕ ਰਵਾਇਤ ਰਹੀ ਹੈ ਕਿ ਉੱਥੋਂ ਦੇ ਵਿਦਿਆਰਥੀ ਸਿਰਫ ਆਪਣੀਆਂ ਜਮਾਤਾਂ ਤੱਕ ਸੀਮਿਤ ਰਹਿਣ ਵਾਲੇ ਪੜ੍ਹਾਕੂ ਨਹੀਂ ਸਗੋਂ ਉਹ ਸਮਾਜਿਕ ਤਬਦੀਲੀ ਦੀਆਂ ਲਹਿਰਾਂ ਵਿੱਚ ਸਦਾ ਮੋਹਰੀ ਰਹੇ ਹਨ। ਅੱਜ ਫਰਾਂਸ ਦੇ ਨੌਜਵਾਨ ਯੂਨੀਵਰਸਿਟੀਆਂ 'ਤੇ ਕਬਜੇ, ਹੜਤਾਲਾਂ ਅਤੇ ਪੁਲੀਸ ਦੇ ਜਬਰ-ਜੁਲਮ ਦਾ ਡਟ ਕੇ ਸਾਹਮਣਾ ਕਰ ਰਹੇ ਹਨ। ਇਉਂ ਇਹ ਸੰਘਰਸ਼ ਸਥਾਨਕ ਵਿਰੋਧ ਤੋਂ ਅੱਗੇ ਵਧ ਕੇ ਵਿਸ਼ਵਵਿਆਪੀ ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਤਿੱਖੇ ਪ੍ਰਤੀਰੋਧ ਦਾ ਰੂਪ ਧਾਰਨ ਕਰ ਰਿਹਾ ਹੈ ਅਤੇ ਯੂਰੋਪ ਤੇ ਲਾਤੀਨੀ ਅਮਰੀਕੀ ਮੁਲਕਾਂ ਦੇ ਵਿਦਿਆਰਥੀ ਸੰਘਰਸ਼ਾਂ ਲਈ ਮਿਸਾਲ ਬਣ ਰਿਹਾ ਹੈ। ਦੂਜੀ ਆਲਮੀ ਜੰਗ ਤੋਂ ਬਾਅਦ ਫਰਾਂਸ ਵਿੱਚ ਲੋਕਾਂ ਦੀ ਸੁਰੱਖਿਆ ਤੇ ਵਿਕਾਸ ਲਈ ਚੱਲੇ ਸੰਘਰਸ਼ਾਂ ਮਗਰੋਂ ਸਮਾਜਿਕ ਕਲਿਆਣਕਾਰੀ ਯੋਜਨਾਵਾਂ ਸ਼ੁਰੂ ਕੀਤੀਆਂ ਗਈਆਂ ਸਨ, ਪਰ ਦੁਨੀਆ ਭਰ ਵਿੱਚ ਤੇਜੀ ਨਾਲ ਬਦਲਦੇ ਆਰਥਿਕ-ਸਮਾਜਿਕ ਹਾਲਾਤ ਕਾਰਨ ਇਹ ਪੂੰਜੀਵਾਦੀ ਮਾਡਲ ਸੰਕਟ ਵਿੱਚ ਘਿਰ ਰਿਹਾ ਹੈ। ਇਸ ਮਾਡਲ ਦਾ ਵਿਸ਼ਵਵਿਆਪੀ ਕੇਂਦਰ ਯਾਨੀ ਅਮਰੀਕਾ ਦੁਨੀਆ ਦਾ ਸਭ ਤੋਂ ਵੱਧ ਕਰਜਈ ਮੁਲਕ ਬਣ ਚੁੱਕਾ ਹੈ ਅਤੇ ਆਪਣੇ ਕਰਜੇ ਦੇ ਸੰਕਟ ਦਾ ਬੋਝ ਉਹ ਹੋਰ ਕਈ ਮੁਲਕਾਂ ਵਿੱਚ ਜੰਗਾਂ ਅਤੇ ਅਰਾਜਕਤਾਵਾਦੀ ਆਰਥਿਕ ਨੀਤੀਆਂ ਦਾ ਹਮਲਾ ਵਿੱਢ ਕੇ, ਮਹਿੰਗਾਈ ਦੇ ਰੂਪ ਵਿੱਚ ਦੁਨੀਆ ਭਰ ਦੇ ਲੋਕਾਂ ਉੱਤੇ ਲੱਦਣ ਦਾ ਰਾਹ ਅਪਣਾ ਰਿਹਾ ਹੈ। ਇਸ ਦੇ ਚੱਲਦਿਆਂ ਰੱਖਿਆ ਖੇਤਰ ਵਿੱਚ ਬਜਟ ਵਾਧੇ ਦੀਆਂ ਸਾਮਰਾਜੀ ਤਜਵੀਜਾਂ ਤੇਜੀ ਫੜ ਰਹੀਆਂ ਹਨ। ਯੂਰੋਪ ਸਮੇਤ ਫਰਾਂਸ ਦੀ ਸਰਕਾਰ ਵੀ ਇਨ੍ਹਾਂ ਸਾਮਰਾਜੀ ਦਿਸ਼ਾ-ਨਿਰਦੇਸ਼ਾਂ ਹੇਠ ਨਿਹੱਕੀਆਂ ਜੰਗਾਂ ਦਾ ਸਾਥ ਦੇ ਰਹੀ ਹੈ। ਸਾਮਰਾਜੀ ਜੰਗਾਂ ਦਾ ਬੋਝ ਦੁਨੀਆ ਭਰ ਦੇ ਲੋਕਾਂ ਉੱਤੇ ਪਾਇਆ ਜਾ ਰਿਹਾ ਹੈ ਤੇ ਇਹ ਬੋਝ ਫਰਾਂਸ ਦੇ ਆਮ ਲੋਕਾਂ ਉੱਤੇ ਵੀ ਪੈ ਰਿਹਾ ਹੈ, ਜਿਸ ਦੀ ਭਰਪਾਈ ਜਨਤਕ ਸਹੂਲਤਾਂ ਉੱਤੇ ਕੱਟ ਲਾ ਕੇ ਕੀਤੀ ਜਾ ਰਹੀ ਹੈ। ਇਸ ਸਿਆਸੀ ਖੇਡ ਨੂੰ ਸਮਝਦਿਆਂ ਫਰਾਂਸ ਦੇ ਵਿਦਿਆਰਥੀਆਂ ਨੇ ਸੋਸ਼ਲ ਮੀਡੀਆ ਰਾਹੀਂ ਲਾਮਬੰਦੀ ਕਰਕੇ ਸੜਕਾਂ 'ਤੇ ਇਨ੍ਹਾਂ ਨਵ-ਉਦਾਰਵਾਦੀ ਨੀਤੀਆਂ ਖਿਲਾਫ ਮੋਰਚਾ ਖੋਲ੍ਹ ਦਿੱਤਾ ਹੈ।

ਫਰਾਂਸ ਦੀ ਆਰਥਿਕਤਾ ਇਸ ਸਮੇਂ ਵੱਡੇ ਸੰਕਟ ਵਿੱਚ ਹੈ। ਦੇਸ਼ ਦਾ ਕੁੱਲ ਜਨਤਕ ਕਰਜਾ ਵਧ ਕੇ ਜੀ ਡੀ ਪੀ ਦੇ ਲਗਪਗ 116 ਤੋਂ 119 ਫੀਸਦੀ ਤੱਕ ਪਹੁੰਚ ਗਿਆ ਹੈ, ਜੋ ਦੂਜੀ ਆਲਮੀ ਜੰਗ ਤੋਂ ਬਾਅਦ ਦਾ ਸਭ ਤੋਂ ਉੱਚਾ ਪੱਧਰ ਹੈ। ਸਰਕਾਰ ਦਾ ਵਿੱਤੀ ਘਾਟਾ ਜੀ ਡੀ ਪੀ ਦੇ 5 ਫੀਸਦੀ ਤੋਂ ਉੱਪਰ ਹੈ, ਜਿਸ ਨੂੰ ਪੂਰਾ ਕਰਨ ਲਈ ਮੈਕਰੋਂ ਸਰਕਾਰ ਜਨਤਕ ਖੇਤਰਾਂ (ਸਿੱਖਿਆ ਅਤੇ ਪੈਨਸ਼ਨਾਂ) ਵਿੱਚ ਕਟੌਤੀ ਕਰ ਰਹੀ ਹੈ। ਫਰਾਂਸ ਵਿੱਚ ਬੇਰੁਜਗਾਰੀ ਦੀ ਦਰ ਵਧ ਕੇ ਲਗਪਗ 8.3 ਫੀਸਦੀ ਹੋ ਗਈ ਹੈ। ਨੌਜਵਾਨਾਂ ਵਿੱਚ ਇਹ ਹਾਲਤ ਹੋਰ ਵੀ ਨਿੱਘਰ ਚੁੱਕੀ ਹੈ, ਜਿੱਥੇ ਹਰ ਛੋਟਾ-ਮੋਟਾ ਰੁਜਗਾਰ ਵੀ ਅਸਥਾਈ ਹੁੰਦਾ ਹੈ। ਇਸੇ ਕਾਰਨ ਯੂਨੀਵਰਸਿਟੀ ਪਾਸ ਕਰਨ ਵਾਲੇ ਨੌਜਵਾਨਾਂ ਨੂੰ ਵੀ ਆਪਣਾ ਭਵਿੱਖ ਸੁਰੱਖਿਅਤ ਨਹੀਂ ਜਾਪਦਾ। ਅਮਰੀਕੀ ਸਾਮਰਾਜ ਅਤੇ ਨਾਟੋ ਦੇ ਦਬਾਅ ਹੇਠ ਫਰਾਂਸ ਆਪਣੇ ਫੌਜੀ ਬਜਟ ਵਿੱਚ ਲਗਾਤਾਰ ਵੱਡਾ ਵਾਧਾ ਕਰ ਰਿਹਾ ਹੈ। ਫਰਾਂਸ ਦਾ ਸਾਲਾਨਾ ਫੌਜੀ ਖਰਚਾ ਵਧ ਕੇ ਲਗਪਗ 68 ਬਿਲੀਅਨ ਅਮਰੀਕੀ ਡਾਲਰ ਤੱਕ ਜਾ ਪੁੱਜਿਆ ਹੈ। ਸਿੱਖਿਆ ਫਰਾਂਸੀਸੀ ਰਾਜ ਦੇ ਬਜਟ ਵਿੱਚ ਸਭ ਤੋਂ ਮਹਿੰਗੀਆਂ ਮੱਦਾਂ ਵਿੱਚੋਂ ਇੱਕ ਹੈ ਅਤੇ ਬੱਚਤ ਦੀ ਨੀਤੀ 'ਤੇ ਚੱਲ ਰਹੀ ਸਰਕਾਰ ਲਈ ਇਹ ਖੇਤਰ ਸਿੱਧਾ ਨਿਸ਼ਾਨੇ ਹੇਠ ਹੈ। ਫਰਾਂਸ ਦੀ ਸਰਕਾਰ ਨੇ ਆਪਣੀ ਫੌਜੀ ਤਾਕਤ ਅਤੇ ਹਥਿਆਰਾਂ ਦੀ ਖਰੀਦ ਨੂੰ ਮਜਬੂਤ ਕਰਨ ਲਈ ਸੈਂਕੜੇ ਬਿਲੀਅਨ ਯੂਰੋ ਰੱਖਿਆ ਪ੍ਰੋਗਰਾਮ ਉੱਤੇ ਲਾਏ ਹੋਏ ਹਨ। ਪਹਿਲਾਂ ਫਰਾਂਸ ਅਤੇ ਯੂਰੋਪੀਅਨ ਦੇਸ਼ ਰੂਸ ਤੋਂ ਬਹੁਤ ਘੱਟ ਭਾਅ 'ਤੇ ਸਸਤੀ ਗੈਸ ਅਤੇ ਤੇਲ ਲੈਂਦੇ ਸਨ, ਜਿਸ ਨਾਲ ਉੱਥੋਂ ਦੀ ਆਰਥਿਕਤਾ ਅਤੇ ਆਮ ਲੋਕਾਂ ਦੀ ਜਿੰਦਗੀ ਮੁਕਾਬਲਤਨ ਸੌਖੀ ਸੀ। ਫਿਰ ਅਮਰੀਕੀ ਸਾਮਰਾਜ ਦੀ ਮੰਨਦਿਆਂ ਯੂਕਰੇਨ-ਰੂਸ ਜੰਗ ਅਤੇ ਹੋਰ ਭੂ-ਸਿਆਸੀ ਕਾਰਨਾਂ ਕਰਕੇ ਰੂਸੀ ਊਰਜਾ 'ਤੇ ਪਾਬੰਦੀਆਂ ਲਗਾ ਦਿੱਤੀਆਂ ਗਈਆਂ। ਹੁਣ ਫਰਾਂਸ ਨੂੰ ਅਮਰੀਕਾ ਤੋਂ ਸਮੁੰਦਰੀ ਜਹਾਜਾਂ ਰਾਹੀਂ ਬਹੁਤ ਜਿਆਦਾ ਮਹਿੰਗਾ ਤੇਲ-ਗੈਸ ਮੰਗਵਾਉਣਾ ਪੈ ਰਿਹਾ ਹੈ। ਇਸ ਮਹਿੰਗੀ ਊਰਜਾ ਕਾਰਨ ਫਰਾਂਸ ਵਿੱਚ ਬਿਜਲੀ, ਗੈਸ ਅਤੇ ਰੋਜਮੱਰ੍ਹਾ ਦੀਆਂ ਚੀਜਾਂ ਦੇ ਭਾਅ ਆਸਮਾਨੀਂ ਚੜ੍ਹ ਗਏ ਹਨ। ਸਰਕਾਰ ਇਸ ਵਾਧੂ ਬੋਝ ਨੂੰ ਪੂਰਾ ਕਰਨ ਲਈ ਜਨਤਕ ਸੇਵਾਵਾਂ ਅਤੇ ਸਿੱਖਿਆ ਦੇ ਬਜਟ ਵਿੱਚ ਕਟੌਤੀ ਕਰ ਰਹੀ ਹੈ, ਜਿਸ ਦੇ ਵਿਰੋਧ ਵਿੱਚ ਅੱਜ ਫਰਾਂਸ ਦਾ ਵਿਦਿਆਰਥੀ ਅਤੇ ਮਜਦੂਰ ਵਰਗ ਸੜਕਾਂ 'ਤੇ ਸੰਘਰਸ਼ ਕਰ ਰਿਹਾ ਹੈ। ਇਸ ਤੋਂ ਇਲਾਵਾ ਇਹ ਅੰਦੋਲਨ ਨਵ-ਫਾਸੀਵਾਦੀ ਤਾਕਤਾਂ ਦੇ ਉਭਾਰ ਵਿਰੁੱਧ ਵੀ ਇੱਕ ਵੱਡਾ ਬੰਨ੍ਹ ਬਣ ਰਿਹਾ ਹੈ।

ਫਰਾਂਸ ਵਿੱਚ ਉੱਭਰੇ ਵਿਦਿਆਰਥੀ ਅੰਦੋਲਨ ਪਿੱਛੇ ਆਰਥਿਕ ਨਾਬਰਾਬਰੀ, ਸਿੱਖਿਆ ਦਾ ਮੰਡੀਕਰਨ ਅਤੇ ਰਾਜਸੀ ਜਬਰ- ਤਿੰਨ ਵੱਡੇ ਸੰਕਟ ਕੰਮ ਕਰ ਰਹੇ ਹਨ। ਫਰਾਂਸੀਸੀ ਸਰਕਾਰਾਂ (ਖਾਸ ਕਰਕੇ ਮੈਕਰੋਂ ਪ੍ਰਸ਼ਾਸਨ) ਨੇ ਪਿਛਲੇ ਕੁਝ ਸਾਲਾਂ ਤੋਂ ਸਿੱਖਿਆ ਖੇਤਰ ਵਿੱਚ ਕਲਿਆਣਕਾਰੀ ਰਾਜ ਦੇ ਨਿਯਮਾਂ ਨੂੰ ਤਿਲਾਂਜਲੀ ਦੇ ਕੇ ਅਮਰੀਕੀ ਅਤੇ ਬਰਤਾਨਵੀ ਸਾਮਰਾਜੀ ਤਰਜ 'ਤੇ ਸਿੱਖਿਆ ਦਾ ਵਪਾਰੀਕਰਨ ਕਰਨ ਦੀ ਕੋਸ਼ਿਸ਼ ਕੀਤੀ ਹੈ। ਉੱਚ ਸਿੱਖਿਆ ਦੀਆਂ ਫੀਸਾਂ ਵਿੱਚ ਵਾਧਾ ਅਤੇ ਨਸਲਵਾਦੀ ਤੇ ਜਮਾਤੀ ਫਿਲਟਰੇਸ਼ਨ ਪ੍ਰਣਾਲੀਆਂ ਲਾਗੂ ਕਰਨ ਨਾਲ ਮਜਦੂਰ ਵਰਗ ਦੇ ਬੱਚਿਆਂ ਲਈ ਉੱਚ ਸਿੱਖਿਆ ਦੇ ਦਰਵਾਜੇ ਬੰਦ ਕੀਤੇ ਜਾ ਰਹੇ ਹਨ। ਦੂਜਾ, ਫਰਾਂਸ ਵਿੱਚ ਅਨਿਸ਼ਚਿਤਤਾ ਅੱਜ ਦੇ ਨੌਜਵਾਨਾਂ ਦੀ ਸਭ ਤੋਂ ਵੱਡੀ ਤ੍ਰਾਸਦੀ ਹੈ। ਮਹਿੰਗਾਈ, ਰਿਹਾਇਸ਼ੀ ਮਕਾਨਾਂ ਦੇ ਆਸਮਾਨ ਛੂੰਹਦੇ ਕਿਰਾਏ ਅਤੇ ਖੁਰਾਕੀ ਵਸਤਾਂ ਦੀਆਂ ਕੀਮਤਾਂ ਨੇ ਹਜਾਰਾਂ ਵਿਦਿਆਰਥੀਆਂ ਨੂੰ ਫੂਡ ਬੈਂਕਾਂ ਦੀਆਂ ਕਤਾਰਾਂ ਵਿੱਚ ਖੜ੍ਹਾ ਕਰ ਦਿੱਤਾ ਹੈ। ਤੀਜਾ, ਪੈਨਸ਼ਨ ਸੁਧਾਰ ਅਤੇ ਕਲਿਆਣਕਾਰੀ ਢਾਂਚੇ ਦਾ ਉਜਾੜਾ ਇਸ ਸੰਘਰਸ਼ ਦੀ ਚੂਲ ਬਣ ਗਿਆ ਹੈ। ਹਾਲ ਹੀ ਵਿੱਚ ਲਾਗੂ ਕੀਤੇ ਗਏ ਪੈਨਸ਼ਨ ਸੁਧਾਰਾਂ ਨੇ ਨੌਜਵਾਨਾਂ ਵਿੱਚ ਇਹ ਅਹਿਸਾਸ ਭਰ ਦਿੱਤਾ ਹੈ ਕਿ ਪੂੰਜੀਵਾਦੀ ਪ੍ਰਣਾਲੀ ਉਨ੍ਹਾਂ ਦੇ ਬੁਢਾਪੇ ਨੂੰ ਵੀ ਸੁਰੱਖਿਅਤ ਨਹੀਂ ਛੱਡੇਗੀ। ਵਿਦਿਆਰਥੀਆਂ ਦਾ ਮੰਨਣਾ ਹੈ ਕਿ ਇਹ ਲੜਾਈ ਸਿਰਫ ਉਨ੍ਹਾਂ ਦੀ ਵਰਤਮਾਨ ਪੜ੍ਹਾਈ ਦੀ ਨਹੀਂ ਸਗੋਂ ਉਨ੍ਹਾਂ ਦੇ ਭਵਿੱਖ ਦੀ ਵੀ ਹੈ। ਫਰਾਂਸ ਦੇ ਵਿਦਿਆਰਥੀ ਜਿੰਦਗੀ ਦੀ ਉਸ ਗੁਣਵੱਤਾ ਵਿਰੁੱਧ ਬਗਾਵਤ ਕਰ ਰਹੇ ਹਨ, ਜਿਸ ਦਾ ਪੂੰਜੀਵਾਦ ਨੇ ਉਨ੍ਹਾਂ ਨਾਲ ਵਾਅਦਾ ਕੀਤਾ ਸੀ।

ਵਿਦਿਆਰਥੀ ਅੰਦੋਲਨ ਦੀਆਂ ਮੁੱਖ ਮੰਗਾਂ ਹਨ ਕਿ ਸਿੱਖਿਆ ਦੇ ਮੰਡੀਕਰਨ 'ਤੇ ਰੋਕ ਲਗਾਈ ਜਾਵੇ, ਸਾਰੇ ਨਵ-ਉਦਾਰਵਾਦੀ ਸੁਧਾਰਾਂ ਨੂੰ ਰੱਦ ਕੀਤਾ ਜਾਵੇ ਅਤੇ ਸਿੱਖਿਆ ਨੂੰ ਪੂਰੀ ਤਰ੍ਹਾਂ ਮੁਫਤ ਤੇ ਸਰਬ-ਵਿਆਪੀ ਬਣਾਇਆ ਜਾਵੇ। ਹਰ ਵਿਦਿਆਰਥੀ ਲਈ ਇੱਕ ਬੁਨਿਆਦੀ ਜੀਵਨ-ਨਿਰਬਾਹ ਭੱਤਾ ਨਿਸ਼ਚਿਤ ਕੀਤਾ ਜਾਵੇ ਤਾਂ ਜੋ ਉਨ੍ਹਾਂ ਨੂੰ ਪੜ੍ਹਾਈ ਛੱਡ ਕੇ ਮਜਦੂਰੀ ਨਾ ਕਰਨੀ ਪਵੇ। 'ਪਾਰਕੋਰਸਿਊਪ' ਪ੍ਰਣਾਲੀ ਦਾ ਖਾਤਮਾ ਕੀਤਾ ਜਾਵੇ, ਜਿਸ ਤਹਿਤ ਯੂਨੀਵਰਸਿਟੀ ਵਿੱਚ ਦਾਖਲੇ ਦੀਆਂ ਅਸੰਵੇਦਨਸ਼ੀਲ ਅਤੇ ਜਮਾਤੀ ਸ਼ਰਤਾਂ ਲਾਗੂ ਹੁੰਦੀਆਂ ਹਨ, ਕੈਂਪਸਾਂ ਵਿੱਚੋਂ ਪੁਲੀਸ ਦੀ ਵਾਪਸੀ ਯਕੀਨੀ ਬਣਾ ਕੇ ਗ੍ਰਿਫਤਾਰ ਕੀਤੇ ਵਿਦਿਆਰਥੀਆਂ ਨੂੰ ਬਿਨਾਂ ਸ਼ਰਤ ਰਿਹਾਅ ਕੀਤਾ ਜਾਵੇ ਅਤੇ ਪੂੰਜੀਵਾਦੀ ਲੁੱਟ ਦੇ ਨਤੀਜੇ ਵਜੋਂ ਪੈਦਾ ਹੋ ਰਹੇ ਜਲਵਾਯੂ ਸੰਕਟ ਵਿਰੁੱਧ ਠੋਸ ਰਾਜਸੀ ਨੀਤੀ ਬਣਾਈ ਜਾਵੇ। ਇਸ ਵਿਦਿਆਰਥੀ ਸੰਘਰਸ਼ ਦੀ ਤੁਲਨਾ 1968 ਦੇ ਇਤਿਹਾਸਕ ਫਰਾਂਸੀਸੀ ਵਿਦਿਆਰਥੀ ਅੰਦੋਲਨ ਨਾਲ ਕੀਤੀ ਜਾ ਰਹੀ ਹੈ, ਜੋ ਹੋਸਟਲ ਦੇ ਨਿਯਮਾਂ, ਵੀਅਤਨਾਮ ਯੁੱਧ ਅਤੇ ਯੂਨੀਵਰਸਿਟੀ ਦੀ ਤਾਨਾਸ਼ਾਹੀ ਵਿਰੁੱਧ ਉੱਠਿਆ ਸੀ ਪਰ ਮੌਜੂਦਾ ਅੰਦੋਲਨ ਕਈ ਪੱਖਾਂ ਤੋਂ ਉਸ ਨਾਲੋਂ ਵੱਖਰਾ ਹੈ। 1968 ਵਿੱਚ ਫਰਾਂਸ ਆਰਥਿਕ ਉਛਾਲ ਦੀ ਦਹਿਲੀਜ 'ਤੇ ਸੀ ਅਤੇ ਡਿਗਰੀ ਨੌਕਰੀ ਦੀ ਗਾਰੰਟੀ ਹੁੰਦੀ ਸੀ ਪਰ ਅੱਜ ਇਹ ਗਾਰੰਟੀ ਖਤਮ ਹੋ ਚੁੱਕੀ ਹੈ। 1968 ਦਾ ਅੰਦੋਲਨ ਯੂਨੀਵਰਸਿਟੀ ਤੱਕ ਸੀਮਿਤ ਸੀ ਜਦੋਂਕਿ ਮੌਜੂਦਾ ਅੰਦੋਲਨ ਹਾਈ ਸਕੂਲਾਂ ਤੋਂ ਸ਼ੁਰੂ ਹੋ ਕੇ ਸਮਾਜ ਦੇ ਸਮੁੱਚੇ ਵਰਗਾਂ ਨੂੰ ਆਪਣੇ ਕਲਾਵੇ ਵਿੱਚ ਲੈ ਰਿਹਾ ਹੈ। ਦੋਵਾਂ ਦੀ ਸਾਂਝੀ ਰੂਹ ਇਹ ਹੈ ਕਿ ਇਹ ਲੋਕ-ਵਿਰੋਧੀ ਢਾਂਚੇ ਨੂੰ ਬੁਨਿਆਦੀ ਤੌਰ 'ਤੇ ਰੱਦ ਕਰਦੇ ਹਨ। ਅੱਜ ਦੇ ਵਿਦਿਆਰਥੀ ਇਸ ਵਿਚਾਰ ਨੂੰ ਸੁਰਜੀਤ ਕਰ ਰਹੇ ਹਨ ਕਿ ਵਿਦਿਆਰਥੀ ਸੰਘਰਸ਼ ਨੂੰ ਮਜਦੂਰ ਜਮਾਤ ਦੀ ਲੜਾਈ ਤੋਂ ਵੱਖ ਕਰ ਕੇ ਨਹੀਂ ਦੇਖਿਆ ਜਾ ਸਕਦਾ। ਨਵ-ਉਦਾਰਵਾਦੀ ਨੀਤੀਆਂ ਵਿਰੁੱਧ ਇਹ ਪੀੜ੍ਹੀਗਤ ਬਗਾਵਤ ਨੌਜਵਾਨਾਂ ਦੀ ਅਗਵਾਈ ਵਾਲੇ ਵਿਸ਼ਵ-ਵਿਆਪੀ ਵਿਰੋਧ ਪ੍ਰਦਰਸ਼ਨਾਂ ਦਾ ਨਵਾਂ ਅਧਿਆਏ ਬਣ ਸਕਦੀ ਹੈ। ਫਰਾਂਸ ਵਿੱਚ ਵਾਪਰ ਰਿਹਾ ਇਹ ਵਰਤਾਰਾ ਸਰਮਾਏਦਾਰੀ ਦੇ ਸੰਕਟ ਦਾ ਹਿੱਸਾ ਹੈ ਅਤੇ ਇਸ ਖਿਲਾਫ ਵਿਸ਼ਵ-ਵਿਆਪੀ ਵਿਰੋਧ ਦੀ ਤੰਦ ਸਾਂਝੀ ਹੈ।

ਮਨਦੀਪ



ਨਾਨਾ ਪਾਟੇਕਰ



ਉਸ ਦਿਨ ਮੈਂ ਮਰਾਠੀ ਸਮਾਜ ਸੁਧਾਰਕ ਕੇਸ਼ਵ ਢੋਂਡੇ ਕਾਰਵੇ ਦੇ ਜੀਵਨ ਬਾਰੇ ਪੜ੍ਹ ਰਿਹਾ ਸੀ ਜਿਸ ਦਿਨ ਨਾਨਾ ਪਾਟੇਕਰ ਦੀ ਮੌਤ ਦੀ ਖਬਰ ਆਈ। ਕਾਰਵੇ 104 ਸਾਲਾਂ ਦੀ ਉਮਰ ਵਿੱਚ ਪੂਰਾ ਹੋਇਆ ਸੀ ਤੇ ਉਹ ਮਹਾਰਾਸ਼ਟਰ ਵਿੱਚ ਵਿਧਵਾਵਾਂ ਦੇ ਪੁਨਰ ਵਿਆਹ ਤੇ ਵਿੱਦਿਆ ਲਈ ਕੀਤੇ ਗਏ ਕੰਮਾਂ ਬਾਰੇ ਜਾਣਿਆ ਜਾਂਦਾ ਹੈ। ਵੈਸੇ ਉਹ ਪ੍ਰੋਫੈਸਰ ਸੀ ਤੇ ਸਮਾਜ ਸੁਧਾਰ ਦੇ ਕੰਮਾਂ ਕਰਕੇ ਉਸਨੂੰ ਪਦਮ ਵਿਭੂਸ਼ਣ ਅਤੇ ਭਾਰਤ ਰਤਨ ਜਿਹੇ ਸਨਮਾਨਾਂ ਨਾਲ ਨਿਵਾਜਿਆ ਗਿਆ ਸੀ। ਉਸਦੀਆਂ ਇਹਨਾਂ ਪ੍ਰਾਪਤੀਆਂ ਨੂੰ ਸੋਚਦੇ ਮੇਰੇ ਮਨ ਵਿੱਚ ਨਾਨਾ ਪਾਟੇਕਰ ਦੀ ਨਾਮ ਫਾਊਂਡੇਸ਼ਨ ਆ ਗਈ। ਇਹ ਸੰਸਥਾਨ ਨਾਨਾ ਨੇ 2015 ਵਿੱਚ ਇੱਕ ਮਰਾਠੀ ਐਕਟਰ ਮਕਾਰੰਡ ਨੂੰ ਨਾਲ ਲੈ ਕੇ ਸਥਾਪਿਤ ਕੀਤਾ ਸੀ। ਮਕਸਦ ਸੀ ਮਹਾਰਾਸ਼ਟਰ ਵਿੱਚ ਸੋਕੇ ਦਾ ਪੀੜਿਤ ਕਿਸਾਨਾਂ ਦੀ ਮਦਦ ਕਰਨੀ। ਨਾਨਾ ਨੇ ਉਹਨਾਂ ਕਿਸਾਨਾਂ ਦੇ ਪਰਿਵਾਰਾਂ ਦੀ ਵੀ ਦਿਲ ਖੋਲ੍ਹ ਕੇ ਮਦਦ ਕੀਤੀ ਜਿਹੜੇ ਕਰਜ਼ਈ ਹੋਣ ਕਰਕੇ ਆਤਮ ਹੱਤਿਆ ਕਰ ਗਏ ਸਨ। ਜਦ ਉਸਨੂੰ 1000 000 ਰੁਪਏ ਦਾ ਰਾਜ ਕਪੂਰ ਪੁਰਸਕਾਰ ਮਿਲਿਆ ਤਾਂ ਉਸਨੇ ਇਹ ਸਾਰਾ ਪੈਸਾ ਵੀ ਸੋਕਾ ਪੀੜਿਤ ਕਿਸਾਨਾਂ ਵਿੱਚ ਹੀ ਵੰਡ ਦਿੱਤਾ ਸੀ। ਜੋ ਪੈਸਾ ਉਸਨੇ ਫਿਲਮ 'ਪਾਠਸ਼ਾਲਾ' ਵਿੱਚ ਆਪਣੇ ਰੋਲ ਤੋਂ ਕਮਾਇਆ ਉਹ ਵੀ ਉਸਨੇ ਪੰਜ ਸਾਲ ਸਮਾਜ ਸੇਵੀ ਸੰਸਥਾਵਾਂ ਨੂੰ ਦੇ ਦਿੱਤਾ ਸੀ। ਆਪਣੇ ਸਮਾਜ ਸੇਵੀ ਸੰਸਥਾਨ 'ਅਨੁਭੂਤੀ' ਰਾਹੀਂ ਉਸਨੇ ਹੜ੍ਹ ਪੀੜਤਾਂ ਲੋਕਾਂ ਦੀ ਵੀ ਮਦਦ ਕੀਤੀ ਸੀ।

ਵੈਸੇ ਉਹ ਸਿਰਕੱਢ ਫਿਲਮ ਐਕਟਰ, ਲਿਖਾਰੀ ਤੇ ਫਿਲਮ ਨਿਰਮਾਤਾ ਸੀ। ਉਸਨੇ ਹਿੰਦੀ ਅਤੇ ਮਰਾਠੀ ਦੋਹਾਂ ਪ੍ਰਕਾਰ ਦੀਆਂ ਫਿਲਮਾਂ ਵਿੱਚ ਕੰਮ ਕੀਤਾ। ਆਪਣੀ 'ਅਗਨੀ ਸਾਕਸ਼ੀ' ਫਿਲਮ ਵਿੱਚ ਵਿਲੱਖਣ ਭੂਮਿਕਾ ਨਿਭਾਉਣ ਕਰਕੇ ਉਸ ਨੇ ਨੈਸ਼ਨਲ ਫਿਲਮ ਫੇਅਰ ਅਵਾਰਡ ਜਿੱਤਿਆ ਸੀ। 'ਪਰਿੰਦਾ' ਵਿੱਚ ਬੈਸਟ ਸੁਪੋਰਟਿੰਗ ਐਕਟਰ ਦੇ ਤੌਰ ਤੇ ਕੰਮ ਕਰਨ ਕਰਕੇ ਉਸਨੂੰ 1989 ਵਿੱਚ ਫਿਲਮਫੇਅਰ ਅਵਾਰਡ ਮਿਲਿਆ। 1992 ਵਿੱਚ 'ਅੰਗਾਰ' ਵਿੱਚ ਬਦਮਾਸ਼ੀ ਦਾ ਰੋਲ ਕਰਨ ਕਰਕੇ ਉਸਨੇ ਫਿਲਮ ਫੇਅਰ ਅਵਾਰਡ ਜਿੱਤਿਆ। ਇਸੀ ਪ੍ਰਕਾਰ 'ਅਪਹਰਣ' ਅਤੇ 'ਕ੍ਰਾਂਤੀਵੀਰ' ਵਿੱਚ ਪ੍ਰਭਾਵਸ਼ਾਲੀ ਰੋਲ ਕਰਨ ਕਰਕੇ ਉਸਨੂੰ ਇਨਾਮ ਮਿਲੇ ਸਨ।

ਪਾਟੇਕਰ ਦਾ ਜੀਵਨ ਕਾਲ 1951 ਤੋਂ 2026 ਤੱਕ ਹੈ। ਉਹ ਜੇ. ਜੇ ਇੰਸਟੀਚਿਊਟ ਆਫ ਅਪਲਾਈਡ ਆਰਟ ਮੁੰਬਈ ਦਾ ਵਿਦਿਆਰਥੀ ਰਿਹਾ ਸੀ। ਉਸਦਾ ਅਭਿਨੈ ਜੀਵਨ 1978 ਵਿੱਚ 'ਗਮਨ' ਨਾਲ ਸ਼ੁਰੂ ਹੋਇਆ। ਫਿਰ ਉਸਨੇ 1986 ਵਿੱਚ ਮਰਾਠੀ ਫਿਲਮ 'ਮਾਫੀਚਾ ਸਾਕਸ਼ੀਧਰ' ਕੀਤੀ। ਉਸਨੇ 'ਲਾਰਡ ਮਾਊਂਟ ਬੇਟਨ' ਸੀਰੀਅਲ ਵਿੱਚ ਨੱਥੂਰਾਮ ਗੋਡਸੇ ਦਾ ਰੋਲ ਕੀਤਾ ਸੀ। ਉਸਦੇ ਰੋਲ 'ਆਜ ਕੀ ਆਵਾਜ਼', 'ਅੰਕੁਸ਼', 'ਪ੍ਰਤੀਘਾਤ', 'ਅੰਧਾ ਯੁੰਦ', 'ਮੋਹਰੇ', 'ਅਵਾਮ' ਅਤੇ 'ਸਾਗਰ ਸੰਗਮ' ਵਿੱਚ ਵੀ ਜਕਿਰਯੋਗ ਹਨ। 'ਪਰਹਾਰ' ਵਿੱਚ ਉਹ ਨਿਰਦੇਸ਼ਕ ਬਣ ਗਿਆ ਸੀ। 1991 ਦੀ 'ਦਾ ਫਾਈਨਲ ਅਟੈਕ' ਵਿੱਚ ਉਸਨੇ ਡਿੰਪਲ ਕਪਾਡੀਆ ਅਤੇ ਮਾਧੁਰੀ ਦਿਕਸਤਿ ਨਾਲ ਕੰਮ ਕਰਨ ਲਈ ਉਸਨੇ ਫੌਜੀ ਅਫਸਰ ਬਣਨ ਦੀ ਸਿਖਲਾਈ ਵੀ ਲਈ ਸੀ। 1992 ਵਿੱਚ ਬਣੀ 'ਰਾਜੂ ਬਣ ਗਿਆ ਜੈਂਟਲਮੈਨ' ਵਿੱਚ ਉਸਨੇ ਸ਼ਾਹਰੁਖ ਖਾਨ, ਜੂਹੀ ਚਾਵਲਾ ਅਤੇ ਅੰਮ੍ਰਿਤਾ ਸਿੰਘ ਨਾਲ ਕੰਮ ਕੀਤਾ। ਉਸਨੇ 'ਯਸ਼ਵੰਤ', 'ਵਾਜੂਦ' ਅਤੇ 'ਆਂਚ' ਵਿੱਚ ਗਾਇਕ ਦੇ ਤੌਰ ਤੇ ਵੀ ਕੰਮ ਕੀਤਾ।


ਉਸਨੇ 1978 ਵਿੱਚ ਨੀਲਕਾਂਤੀ ਨਾਲ ਸ਼ਾਦੀ ਕੀਤੀ। ਉਸਦੇ ਦੋ ਲੜਕੇ ਹੋਏ ਇੱਕ ਦੇ ਸਾਲ ਦੀ ਉਮਰ ਵਿੱਚ ਹੀ ਪੂਰਾ ਹੋ ਗਿਆ ਸੀ। 36 ਸਾਲ ਦੀ ਉਮਰ ਤੱਕ ਉਸਨੇ ਬਹੁਤ ਸਿਗਰਟਨੋਸ਼ੀ ਕੀਤੀ। ਉਸਦੇ ਪਿਤਾ ਨੇ ਉਸਨੂੰ ਅਭਿਨੈ ਕਰਨ ਵੱਲ ਪ੍ਰੇਰਿਆ। ਉਹ ਆਪਣੀ ਮਾਤਾ ਦੇ ਪ੍ਰਭਾਵ ਹੇਠ ਵੀ ਬਹੁਤ ਰਿਹਾ। 1988 ਵਿੱਚ ਉਸਨੇ ਟੈਰੀਟੋਰੀਅਲ ਆਰਮੀ ਵਿੱਚ ਸ਼ਿਰਕਤ ਕੀਤੀ। ਕਾਰਗਿਲ ਦੇ ਯੁੱਧ ਸਮੇਂ ਉਸਨੇ ਮਰਾਠਾ ਲਾਈਟ ਇਨਫੈਨਟਰੀ ਨਾਲ ਕੰਮ ਕੀਤਾ।

2013 ਵਿੱਚ ਫੌਜ ਤੋਂ ਲੈਫਟੀਨੈਂਟ ਕਰਨਲ ਦੇ ਤੌਰ ਤੇ ਸੇਵਾ ਮੁਕਤ ਹੋਇਆ। ਉਹ ਆਪਣੀ ਪਤਨੀ ਤੋਂ ਅਲੱਗ ਹੋ ਗਿਆ ਸੀ। ਉਹ 'ਅੰਧੇਰੀ' ਮੁੰਬਈ ਵਿਖੇ ਇੱਕ ਬੀਐਚਕੇ ਅਪਾਰਟਮੈਂਟ ਵਿੱਚ ਹੀ ਰਿਹਾ। ਭਾਵੇਂ ਉਸ ਉੱਤੇ ਇੱਕ ਐਕਟਰਸ ਵੱਲੋਂ ਜਬਰ ਜਨਾਹ ਕਰਨ ਦਾ ਦੋਸ਼ ਵੀ ਲਗਾਇਆ ਗਿਆ ਸੀ ਪਰ ਇਸ ਕੇਸ ਵਿੱਚੋਂ ਉਹ ਕੁਝ ਸਮੇਂ ਬਾਅਦ ਬਰੀ ਹੋ ਗਿਆ ਸੀ

8 ਅਕਤੂਬਰ 2026 ਨੂੰ ਨਾਨਾ ਪਾਟੇਕਰ ਨੇ ਸਵੇਰ ਸਵੇਰੇ ਛਾਤੀ ਦਾ ਦਰਦ ਮਹਿਸੂਸ ਕੀਤਾ। ਉਸ ਨੂੰ ਤੁਰੰਤ ਮਨੀਪਾਲ ਹਸਪਤਾਲ ਗੋਆ ਵਿੱਚ ਦਾਖਲ ਕਰਨ ਲਈ ਲਿਜਾਇਆ ਗਿਆ। ਉੱਥੇ ਪਹੁੰਚਦੇ ਸਾਰੇ ਡਾਕਟਰਾਂ ਨੇ ਉਸਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ।

- ਮਿੱਟੀ ਦੀ ਮਹਿਕ -

ਕੈਨੇਡਾ ਦੀ *Anne Carson* ਨੂੰ ਮਿਲਿਆ 2026 ਦਾ ਸਾਹਿਤ ਨੋਬਲ ਪੁਰਸਕਾਰ



ਨਵੀਂ ਦਿੱਲੀ, 8 ਅਕਤੂਬਰ (ਵਿਸ਼ਵ ਵਾਰਤਾ): ਕੈਨੇਡੀਅਨ ਕਲਾਸੀਕਲ ਵਿਦਵਾਨ, ਲੇਖਿਕਾ ਅਤੇ ਅਕਾਦਮਿਕ ਸਖਸੀਅਤ ਐਨ ਕਾਰਸਨ ਨੂੰ ਵੀਰਵਾਰ ਨੂੰ ਸਾਹਿਤ ਲਈ ਨੋਬਲ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੀਆਂ ਰਚਨਾਵਾਂ ਕਵਿਤਾ, ਵਾਰਤਕ, ਗਲਪ, ਗੈਰ-ਗਲਪ ਅਤੇ ਅਨੁਵਾਦ ਨੂੰ ਮਿਲਾ ਕੇ ਰਵਾਇਤੀ ਸਾਹਿਤਕ ਵਿਧਾਵਾਂ ਦੀਆਂ ਹੱਦਾਂ ਨੂੰ ਤੋੜਦੀਆਂ ਹਨ। ਉਨ੍ਹਾਂ ਦੀਆਂ ਰਚਨਾਵਾਂ ਵਿੱਚ 'ਹੈਲਨ ਆਫ ਟਰੌਏ' ਅਤੇ 'ਮੈਰਿਲਿਨ ਮੁਨਰੋ' ਦੀ ਤੁਲਨਾ ਕਰਨ ਵਾਲੀ ਰਚਨਾ ਵੀ ਸਾਮਲ ਹੈ, ਜਿਸਦਾ ਜਿਕਰ ਅਮਰੀਕੀ ਟੀਵੀ ਡਰਾਮਾ 'ਦਿ ਐਲ ਵਰਡ' (The L Word) ਵਿੱਚ ਵੀ ਕੀਤਾ ਗਿਆ ਸੀ।

ਸਾਹਿਤਕ ਪੁਰਸਕਾਰ ਜੇਤੂ ਦੀ ਚੋਣ ਕਰਨ ਵਾਲੀ ਸੰਸਥਾ 'ਸਵੀਡਿਸ ਅਕੈਡਮੀ' ਨੇ ਐਲਾਨ ਕੀਤਾ ਕਿ 76 ਸਾਲਾ ਕਾਰਸਨ ਨੂੰ ਇਹ ਪੁਰਸਕਾਰ "ਉਨ੍ਹਾਂ ਦੀ ਦਲੇਰ ਅਤੇ ਨਵੀਨਤਾਕਾਰੀ ਰਚਨਾਤਮਕਤਾ ਲਈ ਦਿੱਤਾ ਗਿਆ ਹੈ, ਜਿਸ ਨੇ ਕਲਾਸੀਕਲ ਪਰੰਪਰਾ ਨਾਲ ਰਚਨਾਤਮਕ ਸੰਵਾਦ ਰਚਾਉਂਦੇ ਹੋਏ ਸਮਕਾਲੀ ਸਾਹਿਤ ਲਈ ਨਵੇਂ ਰੂਪ ਸਿਰਜੇ ਹਨ।"

ਸਾਹਿਤ ਦਾ ਨੋਬਲ ਜਿੱਤਣ ਵਾਲੀ ਉਹ ਤੀਜੀ ਕੈਨੇਡੀਅਨ ਅਤੇ ਐਲਿਸ ਮੁਨਰੋ (2013) ਤੋਂ ਬਾਅਦ ਪਹਿਲੀ ਸਖਸੀਅਤ ਹਨ। ਕਾਰਸਨ ਪਿਛਲੇ 10 ਸਾਲਾਂ ਵਿੱਚ ਇਹ ਪੁਰਸਕਾਰ ਪ੍ਰਾਪਤ ਕਰਨ ਵਾਲੀ ਪੰਜਵੀਂ ਔਰਤ ਹਨ; ਇਸ ਤੋਂ ਪਹਿਲਾਂ 2024 ਵਿੱਚ ਦੱਖਣੀ ਕੋਰੀਆ ਦੀ ਹਾਨ ਕਾਂਗ ਨੇ ਇਹ ਪੁਰਸਕਾਰ ਜਿੱਤਿਆ ਸੀ।

ਹਾਲਾਂਕਿ ਉਨ੍ਹਾਂ ਦਾ ਪਿਛੋਕੜ ਕਲਾਸੀਕਲ ਯੂਨਾਨੀ ਅਤੇ ਲਾਤੀਨੀ ਸਾਹਿਤ ਨਾਲ ਜੁੜਿਆ ਹੋਇਆ ਹੈ, ਪਰ ਉਨ੍ਹਾਂ ਦੀ ਰੁਚੀ ਆਧੁਨਿਕ ਸਾਹਿਤਕ ਰਚਨਾਵਾਂ ਦੇ ਨਾਲ-ਨਾਲ ਇਤਿਹਾਸ ਅਤੇ ਮਾਨਵ-ਵਿਗਿਆਨ ਵਿੱਚ ਵੀ ਹੈ, ਜੋ ਅਕਸਰ ਉਨ੍ਹਾਂ ਦੀਆਂ ਰਚਨਾਵਾਂ ਵਿੱਚ ਝਲਕਦੇ ਹਨ। ਕਾਰਸਨ ਮੁੱਖ ਤੌਰ 'ਤੇ ਪ੍ਰਾਚੀਨ ਲੇਖਕਾਂ ਜਿਵੇਂ ਕਿ ਏਸਕਿਲਸ, ਯੂਰੀਪਿਡੀਜ, ਹੋਮਰ, ਸੈਫੋ, ਸੋਫੋਕਲਸ ਅਤੇ ਥੂਸੀਡਾਈਡਜ (ਪ੍ਰਾਚੀਨ ਯੂਨਾਨ) ਅਤੇ ਕੈਟੂਲਸ (ਪ੍ਰਾਚੀਨ ਰੋਮ) ਦੀਆਂ ਰਚਨਾਵਾਂ ਦੇ ਅਨੁਵਾਦ, ਹਵਾਲੇ ਅਤੇ ਆਧੁਨਿਕੀਕਰਨ ਲਈ ਜਾਣੇ ਜਾਂਦੇ ਹਨ।

ਇਸ ਦੇ ਨਾਲ ਹੀ, ਉਨ੍ਹਾਂ ਨੇ ਹਾਲੀਆ ਦੌਰ ਦੇ ਲੇਖਕਾਂ ਤੋਂ ਵੀ ਪ੍ਰੇਰਣਾ ਲਈ ਹੈ, ਜਿਨ੍ਹਾਂ ਵਿੱਚ ਨਾਵਲਕਾਰ ਐਮਿਲੀ ਬ੍ਰੋਂਟੇ, ਕਵੀ ਜੌਨ ਕੀਟਸ, ਜਰਮਨ ਦਾਰਸਨਿਕ ਜਾਰਜ ਵਿਲਹੈਲਮ ਫਰੈਡਰਿਕ ਹੇਗਲ ਅਤੇ ਮਾਰਟਿਨ ਹਾਈਡੇਗਰ, ਅਤੇ ਨਾਲ ਹੀ ਫ੍ਰਾਂਜ ਕਾਫਕਾ ਅਤੇ ਵਰਜੀਨੀਆ ਵੂਲਫ ਸਾਮਲ ਹਨ। ਕਾਰਸਨ ਦੁਆਰਾ ਪ੍ਰਾਚੀਨ ਯੂਨਾਨੀ ਰਚਨਾਵਾਂ ਦੇ ਅਨੁਵਾਦਾਂ ਵਿੱਚ ਸਾਮਲ ਹਨ: "ਇਲੈਕਟਰਾ" (2001) ਜੋ ਸੋਫੋਕਲਸ ਦੇ ਇਸੇ ਨਾਮ ਦੇ ਨਾਟਕ 'ਤੇ ਅਧਾਰਤ ਹੈ; "ਇਫ ਨੌਟ, ਵਿੰਟਰ" (2002) ਜੋ ਯੂਨਾਨੀ ਕਵਿਤਰੀ ਸੈਫੋ ਦੀਆਂ ਰਚਨਾਵਾਂ 'ਤੇ ਅਧਾਰਤ ਹੈ; "ਗ੍ਰੀਫ ਲੈਸਨਜ" (2006) ਜਿਸ ਵਿੱਚ ਯੂਰੀਪੀਡੀਜ ਦੀਆਂ ਰਚਨਾਵਾਂ "ਹੇਰਾਕਲਸ", "ਹੇਕੁਬਾ", "ਹਿਪੋਲਿਟਸ" ਅਤੇ "ਅਲਸੈਸਟਿਸ" ਦਾ ਸੰਗ੍ਰਹਿ ਸਾਮਲ ਹੈ; "ਐਨ ਓਰੇਸਟੀਆ" (2009) ਜਿਸ ਵਿੱਚ ਏਸਕਿਲਸ ਦਾ "ਅਗਾਮੇਮਨੋਨ", ਸੋਫੋਕਲਸ ਦਾ "ਇਲੈਕਟਰਾ" ਅਤੇ ਯੂਰੀਪੀਡੀਜ ਦਾ "ਓਰੇਸਟਿਸ" ਸਾਮਲ ਹਨ; "ਇਫਿਗੇਨੀਆ ਅਮੰਗ ਦ ਟੌਰੀਅਨਜ" (ਯੂਰੀਪੀਡੀਜ); "ਐਂਟੀਗੋਨ" (2015); ਅਤੇ "ਬਾਕਾਈ" (2015) (ਯੂਰੀਪੀਡੀਜ ਦੀ ਰਚਨਾ "ਦ ਬਾਕਾਈ")।

ਉਨ੍ਹਾਂ ਦੀ ਪਹਿਲੀ ਪ੍ਰਕਾਸਿਤ ਰਚਨਾ "ਈਰੋਸ ਦ ਬਿਟਰਸਵੀਟ: ਐਨ ਐਸੇ" (1986) ਸੀ। ਇਹ ਰਚਨਾ ਉਨ੍ਹਾਂ ਦੇ 1981 ਦੇ ਡਾਕਟੋਰਲ ਖੋਜ-ਪ੍ਰਬੰਧ, "ਓਡੀ ਏਟ ਅਮੋ ਏਰਗੋ ਸਮ" (Odi et Amo Ergo Sum – ਭਾਵ "ਮੈਂ ਨਫਰਤ ਕਰਦੀ ਹਾਂ ਅਤੇ ਮੈਂ ਪਿਆਰ ਕਰਦੀ ਹਾਂ, ਇਸ ਲਈ ਮੈਂ ਹੋਂਦ ਵਿੱਚ ਹਾਂ") ਦਾ ਹੀ ਇੱਕ ਸੋਧਿਆ ਹੋਇਆ ਰੂਪ ਸੀ। ਇਸ ਵਿੱਚ ਪ੍ਰਾਚੀਨ ਯੂਨਾਨ ਵਿੱਚ 'ਈਰੋਸ' (eros) ਜਾਂ ਪਿਆਰ ਦੀ ਅਵਸਥਾ ਦੇ ਸੰਕਲਪ ਦੀ ਪੜਚੋਲ ਕੀਤੀ ਗਈ ਸੀ, ਜਿਵੇਂ ਕਿ ਉਸ ਸਮੇਂ ਦੀਆਂ ਲਿਖਤਾਂ ਵਿੱਚ ਇਸਦਾ ਵਰਣਨ ਮਿਲਦਾ ਹੈ।

ਇਸੇ ਰਚਨਾ ਦਾ ਜਿਕਰ "ਦ ਐਲ ਵਰਡ" (The L Word) ਲੜੀਵਾਰ ਦੀ ਸ਼ੁਰੂਆਤ ਵਿੱਚ ਪਾਤਰਾਂ 'ਜੈਨੀ' ਅਤੇ 'ਮਰੀਨਾ' ਵਿਚਕਾਰ ਹੋਈ ਗੱਲਬਾਤ ਦੌਰਾਨ ਕੀਤਾ ਗਿਆ ਸੀ।

ਉਨ੍ਹਾਂ ਦੀਆਂ ਹੋਰ ਰਚਨਾਵਾਂ ਵਿੱਚ ਕਵਿਤਾ-ਸੰਗ੍ਰਹਿ "ਦ ਬਿਊਟੀ ਆਫ ਦ ਹਸਬੈਂਡ: ਏ ਫਿਕਸਨਲ ਐਸੇ ਇਨ 29 ਟੈਰੇਂਜ" (2001) ਸਾਮਲ ਹੈ। ਇਹ ਰਚਨਾ ਇੱਕ ਅਸਫਲ ਵਿਆਹੁਤਾ ਜੀਵਨ ਦੇ ਕਾਮੁਕ, ਦਰਦਨਾਕ ਅਤੇ ਦਿਲ-ਤੋੜਨ ਵਾਲੇ ਦ੍ਰਿਸਾਂ ਦਾ ਸੁਮੇਲ ਹੈ ਅਤੇ ਇਹ ਕੀਟਸ (Keats) ਨੂੰ ਸਮਰਪਿਤ ਹੈ, ਜਿਨ੍ਹਾਂ ਨੇ "ਓਡ ਓਨ ਏ ਗ੍ਰੀਸੀਅਨ ਅਰਨ" (Ode on a Grecian Urn) ਵਿੱਚ ਸੁੰਦਰਤਾ ਦੀ ਪਰਿਭਾਸਾ ਦਿੱਤੀ ਸੀ। ਇਸ ਤੋਂ ਬਾਅਦ "ਮੈਨ ਇਨ ਦ ਆਫ ਆਵਰਜ" (Men in the Off Hours) ਦੀ ਵਾਰੀ ਆਉਂਦੀ ਹੈ, ਜੋ ਛੋਟੀਆਂ ਕਵਿਤਾਵਾਂ, ਕਾਵਿ-ਨਿਬੰਧਾਂ, ਕਬਰ-ਲੇਖਾਂ (epitaphs), ਇੰਟਰਵਿਊਆਂ, ਸਕ੍ਰਿਪਟਾਂ ਅਤੇ ਅਨੁਵਾਦਾਂ ਦਾ ਇੱਕ ਵਿਭਿੰਨ ਸੰਗ੍ਰਹਿ ਹੈ। ਇਸ ਵਿੱਚ ਪੁਰਾਣੇ ਅਤੇ ਆਧੁਨਿਕ ਲੇਖਕਾਂ ਤੇ ਚਿੰਤਕਾਂ ਦੇ ਨਾਲ-ਨਾਲ ਇਤਿਹਾਸਕ ਅਤੇ ਪੌਰਾਣਿਕ ਸਖਸੀਅਤਾਂ ਦਾ ਜਿਕਰ ਮਿਲਦਾ ਹੈ, ਜਿਨ੍ਹਾਂ ਵਿੱਚ ਐਨਾ ਅਖਮਾਤੋਵਾ, ਅਰਸਤੂ, ਸੈਮੂਅਲ ਬੈਕੇਟ, ਬੀਥੋਵਨ, ਬਰਟੋਲਟ ਬ੍ਰੇਖਤ, ਕੈਥਰੀਨ ਡੇਨੇਵ, ਜੈਕ ਡੇਰੀਡਾ, ਰੇਨੇ ਡੇਕਾਰਟ, ਜੌਨ ਡਨ, ਜਾਰਜ ਏਲੀਅਟ, ਸਿਗਮੰਡ ਫਰਾਇਡ, ਮੈਕਸਿਮ ਗੌਰਕੀ, ਈਡੀਪਸ, ਸੈਤਾਨ, ਸੁਕਰਾਤ, ਥੂਸੀਡਾਈਡਸ ਅਤੇ ਲਿਓ ਟਾਲਸਟਾਏ ਸਾਮਲ ਹਨ।

(ਵਿਸਵ ਵਾਰਤਾ 'ਚੋਂ ਧੰਨਵਾਦ ਸਹਿਤ)



ਸੰਪਾਦਕ ਅਵਤਾਰ ਐਸ. ਸੰਘਾ ਦੀ ਪੁਸਤਕਾਂ ਤੇ ਹੋਰ ਰਚਨਾਵਾਂ ਤੇ ਪ੍ਰਾਪਤੀਆਂ ਦੀ ਸੂਚੀ

1). **ਸਿਡਨੀ ਦੀਆਂ ਰੇਲ ਗੱਡੀਆਂ** (ਕਹਾਣੀ-ਨੁਮਾ ਲੇਖ ਅਤੇ ਲੇਖ-ਨੁਮਾ ਕਹਾਣੀਆਂ) ਸਿੰਘ ਬ੍ਦਰਜ਼, ਸਿਟੀ ਸੈਂਟਰ, ਅੰਮ੍ਰਿਤਸਰ
2). **ਦਿਲਹੁ ਮੁਹੱਬਤ ਜਿਨ** (ਨਾਵਲ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2011)
3). **ਬਿਲੌਰੀ ਅੱਖਾਂ** (ਕਹਾਣੀ ਸੰਗ੍ਰਹਿ), ਪੰਜ ਆਬ ਪ੍ਰਕਾਸ਼ਨ, ਜਲੰਧਰ (2013)
4). **ਘੋੜਾ ਡਾਕਟਰ** (ਕਹਾਣੀ ਸੰਗ੍ਰਹਿ), ਲੋਕਗੀਤ ਪ੍ਰਕਾਸ਼ਨ, ਮੋਹਾਲੀ (2019)
5). .....**'ਤੇ ਪ੍ਰੀਖਿਆ ਚਲਦੀ ਰਹੀ** (ਨਾਵਲ) (2021) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
6). **5 ਪਰਵਾਸੀ ਕਹਾਣੀਕਾਰ** (ਸੰਪਾਦਿਤ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ(2021)
7). ਸੰਨ 2026 ਦੇ ਅੰਤ ਤੱਕ ਡਾ: ਅਵਤਾਰ ਐਸ. ਸੰਘਾ ਦੀਆਂ ਦੋ ਕਹਾਣੀ ਸੰਗ੍ਰਿਹ ਛਪ ਕੇ ਬਾਜ਼ਾਰ ਵਿੱਚ ਆ ਰਹੇ ਹਨ। (1) **ਮੈਹਲਾ ਮਾਜਰਾ ਤੇ ਹੋਰ ਕਹਾਣੀਆਂ** (ਪੰਜਾਬੀ) (2) **Free Train Ride and other stories (English)**
8). **ਮੰਗਵੇਂ ਕੋਟ ਦਾ ਨਿੱਘ** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2023)
9). **ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** (ਵਾਰਤਕ) (2025) ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ
10). ਲੇਖਕ ਦਾ ਨਵਾਂ ਕਹਾਣੀ ਸੰਗ੍ਰਹਿ **'ਕੁਝੀ ਕਹਾਣੀ ਥਣਦੀ ਗਈ'** (ਕਹਾਣੀ ਸੰਗ੍ਰਹਿ), ਆਜ਼ਾਦ ਬੁੱਕ ਡੀਪੋ, ਅੰਮ੍ਰਿਤਸਰ (2025)
11). **'ਦਾ ਪੰਜਾਬ ਹੈਰਲਡ'** (ਦੋ ਭਾਸ਼ੀ ਮਾਸਿਕ ਪਰਚਾ) 2014 ਸ਼ੁਰੂ ਤੋਂ ਚਲਦਾ ਆ ਰਿਹਾ ਹੈ।
12). **ਵਿਚਾਰਾ ਵਿਲੀਅਮ, ਓਵਰਟਾਈਮ, ਮੈਂ ਸਿਡਨੀ ਤੋਂ ਸੂਬੇਦਾਰ ਸਰੈਣ ਸਿੰਘ ਬੋਲਦਾਂ** (ਤਿੰਨ ਲਘੂ ਨਾਟਕ) ਮੀਡੀਆ ਪੰਜਾਬ, ਜਰਮਨੀ ਤੇ ਪੜ੍ਹੋ ਤੇ ਚੌਥਾ ਨਾਟਕ **ਵਾਪੂ ਭਾਰ** Likhari.net ਤੇ ਪੜ੍ਹਿਆ ਜਾ ਸਕਦਾ ਹੈ।
13). (A) 5 Essays in English (B) 3 ਵਾਰ ਟੀ.ਵੀ ਦੇ 'ਅਕਾਲ ਚੈਨਲ' ਤੇ, 1 ਵਾਰ ਪੀ. ਟੀ. ਸੀ ਤੇ, 1 ਵਾਰ ਚੜ੍ਹਦੀ ਕਲਾ ਤੇ, 5 ਵਾਰ UK ਤੇ ਸਿਡਨੀ ਦੇ ਰੇਡੀਓ ਤੇ ਮੁਲਾਕਾਤ।
14). ਲੇਖਕ ਦੀਆਂ ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ', 'ਸਿਡਨੀ ਦੀਆਂ ਰੇਲ ਗੱਡੀਆਂ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਦੀਆਂ ਆਡੀਓ ਵੀ ਸੁਹਾਵੀ ਡਾਟ ਕਾਮ ਤੇ ਉਪਲੱਬਧ ਹੋ ਗਈਆਂ ਹਨ। ਇਨ੍ਹਾਂ ਦਾ Suhaviaudiobooks.com ਵਲੋਂ ਆਡੀਓ ਬਣਾਇਆ ਗਿਆ ਹੈ।
15). Keerti, Kalicharan, and Karla--a short story in English fiction book-- 'Tales of Our Times: An Elixir for the Wise'--edited by Dr. Sushminderjeet Kaur, Head, Post-graduate Deptt.of English, GGN Khalsa College, Ludhiana
16). Essay--Ageing Cautiously and Conscientiously--in the book--'Life after 65'--edited by Dr. M. L. Sood, retd. Professor PAU, Ludhiana.
17). ਚੰਦ ਰਿਸਰਚ ਲੇਖ ਅੰਗਰੇਜ਼ੀ ਵਿੱਚ ਜਿਵੇਂ Entropic Vision of Thomas Pynchon ਤੇ Another Contem porary Novelist in hiding.
18). The Tribune, Chandigarh ਨੇ 1983 ਤੋਂ 1986 ਤੱਕ ਲੇਖਕ ਦੀਆਂ 6 ਕਹਾਣੀਆਂ ਅੰਗਰੇਜ਼ੀ ਵਿੱਚ ਛਾਪੀਆਂ। ਬਾਅਦ ਵਿੱਚ ਇਹ 6 ਤੇ 5 ਹੋਰ ਹੈਦਰਾਬਾਦ ਦੇ Vipula ਰਸਾਲੇ ਨੇ ਤੇਲਗੂ ਵਿੱਚ ਅਨੁਵਾਦ ਕਰਕੇ ਛਾਪੀਆਂ।
19). ਲੇਖਕ ਦੀਆਂ 22 ਕਹਾਣੀਆਂ ਪੰਜਾਬੀ ਟ੍ਰਿਬਿਊਨ, 6 ਪ੍ਰੀਤ ਲੜੀ, 4 ਪੰਜ ਦਰਿਆ (UK), 13 Likhari.net, 3 ਡੇਲੀ ਆਸ਼ਿਆਨਾ (ਪਟਿਆਲਾ), 2 ਪੰਜਾਬ ਟਾਈਮਜ਼ (USA), 4 ਟ੍ਰਿਬਿਊਨ, 4 'ਸਰੋਕਾਰ' ਯੂ. ਐਸ. ਵਿੱਚ, 2 'ਪਰਵਾਸ' ਲੁਧਿਆਣਾ ਵਿੱਚ, 1 ਲੇਖ ਤੇ 1 ਕਹਾਣੀ'ਅਜੀਤ' ਜਲੰਧਰ ਵਿੱਚ, 3 ਰੋਜ਼ਾਨਾ ਸਪੋਕਸਮੈਨ ਮੋਹਾਲੀ ਵਿੱਚ ਅਤੇ 15 ਕੁ ਕਹਾਣੀਆਂ ਕੈਨੇਡਾ ਤੇ ਅਮਰੀਕਾ ਦੇ ਹੋਰ ਅਖਬਾਰਾਂ ਵਿੱਚ ਛਪ ਚੁੱਕੀਆਂ ਹਨ।
20). ਲੇਖਕ ਦੀ ਅੰਗਰੇਜੀ ਦੀਆਂ ਕਹਾਣੀਆਂ ਦੀ ਪੁਸਤਕ **'Storm in a Teacup and other stories'** ਉੱਪਰ ਜੀ. ਜੀ. ਐਨ. ਖਾਲਸਾ ਕਾਲਜ ਲੁਧਿਆਣਾ ਦੀ ਅੰਗਰੇਜ਼ੀ ਦੀ ਪੋਸਟ ਗ੍ਰੈਜੂਏਟ ਜਮਾਤਾਂ ਦੀ ਹੈਡ ਡਾ: ਸੁਸ਼ਮਿੰਦਰਜੀਤ ਕੌਰ ਵਲੋਂ 1 ਮਈ 2025 ਨੂੰ ਬਰਧਮਾਨ ਯੂਨੀਵਰਸਿਟੀ ਪੱਛਮੀ ਬੰਗਾਲ ਵਿਖੇ ਪਰਚਾ ਪੜ੍ਹਿਆ ਗਿਆ।
21). ਲੇਖਕ ਦੀਆਂ ਰਚਨਾਵਾਂ ਤੇ ਉੱਤਰੀ ਭਾਰਤ ਦੀ ਇੱਕ ਯੂਨੀਵਰਸਿਟੀ ਵਿੱਚ ਇੱਕ ਖੋਜਾਰਥੀ ਲੜਕੀ ਵਲੋਂ ਪੀ. ਐਚ. ਡੀ. ਕੀਤੀ ਜਾ ਰਹੀ ਏ।
22). ਲੇਖਕ ਦੀ ਕਹਾਣੀ 'ਚੋਰ ਅੱਖ' ਐਸ.ਡੀ ਕਾਲਜ ਪਠਾਨਕੋਟ ਦੀ ਪ੍ਰੋ: (ਅੰਗਰੇਜ਼ੀ) ਛਾਇਆ ਸ਼ਰਮਾ ਨੇ ਅੰਗਰੇਜ਼ੀ ਵਿੱਚ ਅਨੁਵਾਦ ਕੀਤੀ ਤੇ ਛਪਵਾਈ।
23). ਲੇਖਕ ਦੀਆਂ ਤਿੰਨ ਪੁਸਤਕਾਂ **ਮੰਗਵੇਂ ਕੋਟ ਦਾ ਨਿੱਘ, ਸੇਵਾਮੁਕਤ ਸੈਲਾਨੀ ਤੇ ਹੋਰ ਲੇਖ** ਅਤੇ **Storm in a Tea Cup & Other Stories** ਪੰਜਾਬ ਭਵਨ ਸਰੀ (ਕੈਨੇਡਾ) ਵਿਖੇ 8 ਸਤੰਬਰ 2024 ਨੂੰ ਲੋਕ ਅਰਪਣ ਕੀਤੀਆਂ ਗਈਆਂ। ਇਸ ਸਮੇਂ ਲੇਖਕ ਨੂੰ ਸਨਮਾਨਿਤ ਵੀ ਕੀਤਾ ਗਿਆ।
24). ਲੇਖਕ ਨੂੰ 15 ਸਤੰਬਰ 2024 ਨੂੰ ਸੈਕਰਾਮੈਂਟੋ (ਯੂ. ਐਸ.) ਗਦਰੀ ਬਾਬਿਆਂ ਦੇ ਮੇਲੇ ਸਮੇਂ ਵੀ ਮੇਲਾ ਕਮੇਟੀ ਵਲੋਂ ਸਨਮਾਨਿਤ ਕੀਤਾ ਗਿਆ।
25). ਅਵਤਾਰ ਸੰਘਾ ਯੂ-ਟਿਊਬ ਚੈਨਲ ਵੀ ਸ਼ੁਰੂ ਹੋ ਚੁੱਕਾ ਹੈ।
26). ਲੇਖਕ ਦੀਆਂ 3 ਪੁਸਤਕਾਂ **'ਮੰਗਵੇਂ ਕੋਟ ਦਾ ਨਿੱਘ'**, '.....**'ਤੇ ਪ੍ਰੀਖਿਆ ਚਲਦੀ ਰਹੀ'** ਅਤੇ **'ਸੇਵਾਮੁਕਤ ਸੈਲਾਨੀ ਤੇ ਹੋਰ ਲੇਖ'** ਪ੍ਰੋ: ਸੁਖਵੰਤ ਸਿੰਘ ਗਿੱਲ ਨੇ ਆਪਣੀ ਸੰਪਾਦਿਤ ਪੁਸਤਕ 'ਕਿਤਾਬਾਂ ਬੋਲਦੀਆਂ' ਵਿੱਚ ਦਰਜ ਕੀਤੀਆਂ ਹਨ।
27). 15 ਨਵੰਬਰ 2025 ਨੂੰ ਅਕਾਲ ਚੈਨਲ ਟੀ. ਵੀ. ਚੈਨਲ ਤੇ ਡਾ: ਸੰਘਾ ਦੇ ਗਲਪ ਨਿੱਕੀ ਹੁਨਰੀ ਕਹਾਣੀ ਬਾਰੇ ਵਿਚਾਰ ਪੇਸ਼ ਕੀਤੇ।
28). ਲੇਖਕ ਦੀਆਂ ਛੇ ਕਹਾਣੀਆਂ ਮੁਫਤ ਰੇਲ ਸਫਰ, ਬੱਦਲਾਂ ਹੇਠ ਛੁਪਿਆ ਸੂਰਜ, ਟੇਢੀ ਲੱਕੜੀ, ਚੋਰ ਅੱਖ ਲੱਲੂ ਕਰੇ ਕਵੱਲੀਆਂ ਤੇ ਜਲੌਰਾ ਐਂਡ ਬੌਰਾ ਏਅਰਲਾਈਨ ਪ੍ਰਸਿੱਧ ਆਡੀਓਗ੍ਰਾਫਰ ਸ਼੍ਰੀਮਤੀ ਦਵਿੰਦਰ ਕੌਰ ਸੈਣੀ ਆਪਣੇ ਯੂ-ਟਿਊਬ ਚੈਨਲ ਤੇ ਪਾ ਚੁੱਕੇ ਹਨ।

ਜਥੇਦਾਰ ਗੜਗੱਜ ਵੱਲੋਂ ਨਾਰਵੇ ਵਿੱਚ ਸਿੱਖੀ ਪਛਾਣ ਕਾਇਮ ਰੱਖਣ ਦਾ ਸੱਦਾ

ਸ੍ਰੀ ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਨਾਰਵੇ ਦੀ ਸਿੱਖ ਸੰਗਤ ਨੂੰ ਆਪਣੀ ਅਤੇ ਬੱਚਿਆਂ ਦੀ ਸਿੱਖੀ ਪਛਾਣ ਕਾਇਮ ਰੱਖਣ, ਆਪਸੀ ਏਕਤਾ ਮਜਬੂਤ ਕਰਨ ਅਤੇ ਨਵੀਂ ਪੀੜ੍ਹੀ ਨੂੰ ਗੁਰੂ ਸਾਹਿਬਾਨ ਨਾਲ ਜੋੜਨ ਦਾ ਸੱਦਾ ਦਿੱਤਾ ਹੈ। ਨਾਰਵੇ ਦੇ ਦੌਰੇ ਦੌਰਾਨ ਉਨ੍ਹਾਂ ਓਸਲੋ ਦੇ ਗੁਰਦੁਆਰਾ ਸ੍ਰੀ ਗੁਰੂ ਨਾਨਕ ਦੇਵ ਜੀ ਵਿਖੇ ਬਾਬਾ ਬੁੱਢਾ ਜੀ ਦੇ ਜਨਮ ਦਿਹਾੜੇ ਨੂੰ ਸਮਰਪਿਤ ਗੁਰਮਤਿ ਸਮਾਗਮ ਵਿੱਚ ਸ਼ਮੂਲੀਅਤ ਕੀਤੀ।

ਉਨ੍ਹਾਂ ਬਾਬਾ ਬੁੱਢਾ ਜੀ ਦੇ ਜੀਵਨ, ਸਿੱਖ ਸਿਧਾਂਤਾਂ, ਪੰਥ ਪ੍ਰਵਾਨਿਤ ਸਿੱਖ ਰਹਿਤ ਮਰਿਆਦਾ ਅਤੇ ਸ੍ਰੀ ਅਕਾਲ ਤਖਤ ਸਾਹਿਬ ਦੀ ਮਹੱਤਤਾ ਬਾਰੇ ਵਿਚਾਰ ਸਾਂਝੇ ਕੀਤੇ।

ਬੱਚਿਆਂ ਦੇ ਕੇਸਾਂ ਦੀ ਸੁਰੱਖਿਆ ਲਈ ਸਕੂਲ ਪ੍ਰਸਾਸਨ ਨਾਲ ਗੱਲ ਕਰਨ ਲਈ ਕਿਹਾ

ਜਥੇਦਾਰ ਨੇ ਕਿਹਾ ਕਿ ਨਾਰਵੇ ਵਿੱਚ ਕੁਝ ਸਿੱਖ ਪਰਿਵਾਰਾਂ ਨੂੰ ਸਕੂਲਾਂ ਵਿੱਚ ਦੂਜੇ ਭਾਈਚਾਰਿਆਂ ਦੇ ਬੱਚਿਆਂ ਵੱਲੋਂ ਤੰਗ-ਪ੍ਰੇਸਾਨ ਕੀਤੇ ਜਾਣ ਕਾਰਨ ਆਪਣੇ ਬੱਚਿਆਂ ਦੇ ਕੇਸ ਸਾਬਤ ਰੱਖਣ ਵਿੱਚ ਮੁਸਕਲਾਂ ਆ ਰਹੀਆਂ ਹਨ। ਉਨ੍ਹਾਂ ਸਿੱਖ ਆਗੂਆਂ, ਗੁਰਦੁਆਰਾ ਪ੍ਰਬੰਧਕਾਂ ਅਤੇ ਸੰਗਤ ਨੂੰ ਇਕਜੁੱਟ ਹੋ ਕੇ ਨਾਰਵੇ ਦੇ ਸਿੱਖਿਆ ਵਿਭਾਗ ਤੇ ਸਕੂਲ ਪ੍ਰਸਾਸਨ ਨਾਲ



ਗੱਲਬਾਤ ਰਾਹੀਂ ਮਸਲਾ ਹੱਲ ਕਰਨ ਦੀ ਅਪੀਲ ਕੀਤੀ।

ਉਨ੍ਹਾਂ ਕਿਹਾ ਕਿ ਬੱਚਿਆਂ ਨੂੰ ਬਚਪਨ ਤੋਂ ਹੀ ਗੁਰੂ ਘਰ ਨਾਲ ਜੋੜਿਆ ਜਾਵੇ ਅਤੇ ਉਨ੍ਹਾਂ ਨੂੰ ਗੁਰਦੁਆਰਿਆਂ ਦੀਆਂ ਸੇਵਾਵਾਂ ਵਿੱਚ ਹਿੱਸਾ ਲੈਣ ਲਈ ਪ੍ਰੇਰਿਤ ਕੀਤਾ ਜਾਵੇ। ਵਿਦੇਸਾਂ ਵਿੱਚ ਹਰ ਐਤਵਾਰ ਬੱਚਿਆਂ ਸਮੇਤ ਗੁਰਦੁਆਰਾ ਸਾਹਿਬ ਜਾਣ ਦੀ ਰਵਾਇਤ ਕਾਇਮ ਰੱਖਣ ਅਤੇ ਮਾਪਿਆਂ ਵੱਲੋਂ ਬੱਚਿਆਂ ਨਾਲ ਸਮਾਂ ਬਿਤਾਉਣ 'ਤੇ ਵੀ ਜੋਰ ਦਿੱਤਾ।

ਸਿੱਖ ਪਰਿਵਾਰਾਂ ਵਿੱਚ ਰਿਸਤੇ ਕਰਨ ਦੀ ਅਪੀਲ

ਜਥੇਦਾਰ ਨੇ ਕਿਹਾ ਕਿ ਸਿੱਖ ਬੱਚਿਆਂ ਦੇ ਵਿਆਹ ਸਿੱਖ ਪਰਿਵਾਰਾਂ ਵਿੱਚ ਹੀ ਕਰਨੇ ਚਾਹੀਦੇ ਹਨ। ਉਨ੍ਹਾਂ ਕਿਹਾ ਕਿ ਆਨੰਦ ਕਾਰਜ ਸੋਚ ਦਾ ਵੀ ਮੋਲ ਹੈ। ਉਨ੍ਹਾਂ ਸਿੱਖ ਨੌਜਵਾਨ ਧੀਆਂ ਨੂੰ ਕਥਿਤ ਤੌਰ 'ਤੇ ਵਰਗਲਾਉਣ ਦੀਆਂ ਘਟਨਾਵਾਂ ਨਾਲ ਨਜਿੱਠਣ ਲਈ ਹੋਰ ਠੋਸ ਕਦਮ ਚੁੱਕਣ ਦੀ ਲੋੜ ਦੱਸੀ।

ਉਨ੍ਹਾਂ ਸਿੱਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਪੂਰਨ ਵਿਸਵਾਸ ਰੱਖਣ, ਆਪਸੀ ਵਿਵਾਦਾਂ ਤੋਂ ਉੱਪਰ ਉੱਠਣ ਅਤੇ ਸ੍ਰੀ ਅਕਾਲ ਤਖਤ ਸਾਹਿਬ ਪ੍ਰਤੀ ਸਮਰਪਿਤ ਰਹਿਣ ਦਾ ਸੱਦਾ ਦਿੱਤਾ। ਉਨ੍ਹਾਂ ਨਾਰਵੇ ਦੀ ਸੰਗਤ ਨੂੰ ਹਰ ਇੱਕ-ਦੋ ਸਾਲ ਬਾਅਦ ਬੱਚਿਆਂ ਨੂੰ ਪੰਜਾਬ ਲਿਆਉਣ, ਸ੍ਰੀ ਦਰਬਾਰ ਸਾਹਿਬ ਦੇ ਦਰਸਨ ਕਰਵਾਉਣ ਅਤੇ ਪੰਜਾਬ ਵਿੱਚ ਆਪਣੀਆਂ ਜਮੀਨਾਂ ਨਾ ਵੇਚਣ ਦੀ ਅਪੀਲ ਵੀ ਕੀਤੀ। ਉਨ੍ਹਾਂ ਅੰਮ੍ਰਿਤਸਰ ਦੇ 450 ਸਾਲਾ ਸਥਾਪਨਾ ਦਿਹਾੜੇ ਮੌਕੇ ਸੰਗਤ ਨੂੰ ਸਹਿਰ ਆਉਣ ਦਾ ਸੱਦਾ ਦਿੱਤਾ। ਇਸ ਮੌਕੇ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਜਥੇਦਾਰ ਦਾ ਸਿਰੋਪਾਓ ਦੇ ਕੇ ਸਨਮਾਨ ਕੀਤਾ।

ਸ੍ਰੀ ਗੁਰੂ ਰਾਮਦਾਸ ਜੀ ਦੇ ਪ੍ਰਕਾਸ ਪੁਰਬ 'ਤੇ ਸ੍ਰੀ ਅਕਾਲ ਤਖਤ ਸਾਹਿਬ ਤੋਂ ਸਜਾਇਆ ਅਲੌਕਿਕ ਨਗਰ ਕੀਰਤਨ



ਸ੍ਰੀ ਗੁਰੂ ਰਾਮਦਾਸ ਸਾਹਿਬ ਜੀ ਦੇ ਪ੍ਰਕਾਸ ਪੁਰਬ ਦੇ ਸਬੰਧ ਵਿੱਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ-ਛਾਇਆ ਹੇਠ ਸ੍ਰੀ ਅਕਾਲ ਤਖਤ ਸਾਹਿਬ ਤੋਂ ਵਿਸਾਲ ਨਗਰ ਕੀਰਤਨ ਸਜਾਇਆ ਗਿਆ।

ਸ੍ਰੀ ਅਕਾਲ ਤਖਤ ਸਾਹਿਬ ਤੋਂ ਖਾਲਸਾਈ ਰਵਾਇਤਾਂ ਮੁਤਾਬਕ ਜੈਕਾਰਿਆਂ ਦੀ ਗੂੰਜ ਨਾਲ ਆਰੰਭ ਹੋਇਆ ਨਗਰ ਕੀਰਤਨ ਪਲਾਜਾ ਘੰਟਾ ਘਰ, ਜਲ੍ਹਿਆਂਵਾਲਾ ਬਾਗ, ਖਿਓ ਮੰਡੀ ਚੌਕ, ਸੋਰਾਂ ਵਾਲਾ ਗੇਟ, ਮਹਾਂ ਸਿੰਘ ਗੇਟ, ਚੌਕ ਰਾਮ ਬਾਗ, ਹਾਲ ਗੇਟ, ਹਾਥੀ ਗੇਟ, ਲੋਹਗੜ੍ਹ ਗੇਟ, ਲਾਹੌਰੀ ਗੇਟ, ਬੇਰੀ ਗੇਟ, ਖਜਾਨਾ ਗੇਟ, ਗੇਟ ਹਕੀਮਾਂ, ਭਰਤਾਂ ਵਾਲਾ ਚੌਕ, ਚਾਟੀਵਿੰਡ ਚੌਕ, ਸੁਲਤਾਨਵਿੰਡ ਗੇਟ, ਖਿਓ ਮੰਡੀ ਚੌਕ ਅਤੇ ਪਲਾਜਾ ਘੰਟਾ ਘਰ ਤੋਂ ਹੁੰਦਾ ਹੋਇਆ ਸਾਮ ਵੇਲੇ ਸ੍ਰੀ ਅਕਾਲ ਤਖਤ ਸਾਹਿਬ ਵਿਖੇ ਸੰਪੂਰਨ ਹੋਵੇਗਾ।

ਇਸ ਮੌਕੇ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਗਿਆਨੀ ਅਮਰਜੀਤ ਸਿੰਘ, ਤਖਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ, ਸ਼੍ਰੋਮਣੀ ਕਮੇਟੀ ਦੇ ਮੁੱਖ ਸਕੱਤਰ ਕੁਲਵੰਤ ਸਿੰਘ ਮੰਨਣ, ਮੈਂਬਰ ਭਾਈ ਰਜਿੰਦਰ ਸਿੰਘ ਮਹਿਤਾ, ਭਾਈ ਗੁਰਚਰਨ ਸਿੰਘ ਗਰੇਵਾਲ, ਸੁਰਜੀਤ ਸਿੰਘ ਭਿੰਟੇਵੱਡ, ਕੇਵਲ ਸਿੰਘ, ਭਾਈ ਅਜੈਬ ਸਿੰਘ ਅਭਿਆਸੀ, ਹਰਪਾਲ ਸਿੰਘ ਜੱਲਾ, ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਅਤੇ ਸੰਗਤ ਸਮੇਤ ਹੋਰ ਵੱਡੀ ਗਿਣਤੀ ਵਿੱਚ ਸਖਸੀਅਤਾਂ ਹਾਜਰ ਸਨ।

ਪਾਕਿਸਤਾਨ ਦੇ ਮੰਤਰੀ ਵੱਲੋਂ ਪੰਜਾਬ ਦੇ ਮੁੱਖ ਮੰਤਰੀ ਮਾਨ ਸਮੇਤ ਪੂਰੀ ਅਸੈਂਬਲੀ ਨੂੰ ਪਾਕਿ ਆਉਣ ਦਾ ਸੱਦਾ

ਮੁੱਖ ਮੰਤਰੀ ਵੱਲੋਂ ਲਾਹੌਰ ਵਿੱਚ ਇੱਕ ਅੰਤਰਰਾਸਟਰੀ ਪੰਜਾਬੀ ਸੰਮੇਲਨ ਵਿੱਚ ਸਾਮਲ ਹੋਣ ਦੀ ਹਾਲ ਹੀ ਵਿੱਚ ਜਤਾਈ ਗਈ ਇੱਛਾ ਤੋਂ ਬਾਅਦ, ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਸੂਬਾਈ ਮੰਤਰੀ ਰਮੇਸ ਸਿੰਘ ਅਰੋੜਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਪੰਜਾਬ ਵਿਧਾਨ ਸਭਾ ਨੂੰ ਪਾਕਿਸਤਾਨ ਆਉਣ ਦਾ ਰਸਮੀ ਸੱਦਾ ਦਿੱਤਾ ਹੈ।



ਅਰੋੜਾ, ਜੋ ਪਾਕਿਸਤਾਨ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਪੀਐੱਸਜੀਪੀਸੀ) ਦੇ ਪ੍ਰਧਾਨ ਵੀ ਹਨ, ਨੇ ਕਿਹਾ ਕਿ ਪਾਕਿਸਤਾਨ ਸਰਹੱਦ ਪਾਰ ਧਾਰਮਿਕ, ਸੱਭਿਆਚਾਰਕ ਅਤੇ ਲੋਕਾਂ-ਨਾਲ-ਲੋਕਾਂ ਦੇ ਸਬੰਧਾਂ ਨੂੰ ਮਜਬੂਤ ਕਰਨ ਲਈ ਵਚਨਬੱਧ ਹੈ।

ਸੱਦਾ ਦਿੰਦਿਆਂ ਉਨ੍ਹਾਂ ਕਿਹਾ, "ਸਰਦਾਰ ਭਗਵੰਤ ਸਿੰਘ ਮਾਨ, ਅਸੀਂ ਤੁਹਾਨੂੰ ਸਲਾਮ ਕਰਦੇ ਹਾਂ। ਤੁਸੀਂ ਅਸੈਂਬਲੀ ਦੇ ਫਲੋਰ 'ਤੇ ਕਿਹਾ ਸੀ ਕਿ ਤੁਸੀਂ ਪਾਕਿਸਤਾਨ ਜਾਣਾ ਚਾਹੁੰਦੇ ਹੋ। ਪਾਕਿਸਤਾਨ ਦੇ ਘੱਟ ਗਿਣਤੀ ਮਾਮਲਿਆਂ ਦੇ ਮੰਤਰੀ ਵਜੋਂ, ਪੀਐੱਸਜੀਪੀਸੀ ਵੱਲੋਂ ਅਤੇ ਪਾਕਿਸਤਾਨ ਤੇ ਪੰਜਾਬ ਦੇ ਇੱਕ ਨਾਗਰਿਕ ਵਜੋਂ, ਮੈਂ ਤੁਹਾਨੂੰ ਸੱਦਾ ਦਿੰਦਾ ਹਾਂ।"

ਪੰਜਾਬ ਅਸੈਂਬਲੀ ਵਿੱਚ ਸੀਐੱਮ ਮਾਨ ਦੀਆਂ ਟਿੱਪਣੀਆਂ ਦਾ ਜਵਾਬ ਦਿੰਦਿਆਂ, ਅਰੋੜਾ ਨੇ ਸੱਭਿਆਚਾਰਕ ਅਦਾਨ-ਪ੍ਰਦਾਨ, ਧਾਰਮਿਕ ਸੈਰ-ਸਪਾਟੇ ਅਤੇ ਅੰਤਰ-ਧਰਮ ਸਦਭਾਵਨਾ ਲਈ ਪਾਕਿਸਤਾਨ ਦੇ ਸਮਰਥਨ ਨੂੰ ਦੁਹਰਾਇਆ। ਉਨ੍ਹਾਂ ਉਮੀਦ ਪ੍ਰਗਟਾਈ ਕਿ ਭਾਰਤੀ ਅਧਿਕਾਰੀ ਇਸ ਯਾਤਰਾ ਦੀ ਇਜਾਜਤ ਦੇਣਗੇ, ਨਾਲ ਹੀ ਅਸੈਂਬਲੀ ਸਪੀਕਰ ਕੁਲਤਾਰ ਸਿੰਘ ਸੰਧਵਾਂ ਅਤੇ ਪੰਜਾਬ ਦੇ ਸਾਰੇ ਵਿਧਾਇਕਾਂ ਨੂੰ ਵੀ ਸੱਦਾ ਦਿੱਤਾ।

ਉਨ੍ਹਾਂ ਕਿਹਾ, "ਮੈਨੂੰ ਨਹੀਂ ਪਤਾ ਕਿ ਭਾਰਤ ਸਰਕਾਰ ਉਨ੍ਹਾਂ ਨੂੰ ਪਾਕਿਸਤਾਨ ਜਾਣ ਦੀ ਇਜਾਜਤ ਦਵੇਗੀ ਜਾਂ ਨਹੀਂ, ਪਰ ਮੈਂ ਸਪੀਕਰ ਸਾਹਿਬ ਕੁਲਤਾਰ ਸਿੰਘ ਸੰਧਵਾਂ ਦੀ ਸਲਾਘਾ ਕਰਦਾ ਹਾਂ, ਜਿਨ੍ਹਾਂ ਨਾਲ ਮੇਰੇ ਸੁਖਾਵੇਂ ਸਬੰਧ ਹਨ, ਉਹ ਵੀ ਕਰਤਾਰਪੁਰ ਲਾਂਘੇ ਰਾਹੀਂ ਆਉਣ ਦੇ ਇੱਛੁਕ ਸਨ। ਮੈਂ ਪੂਰੀ ਪੰਜਾਬ ਅਸੈਂਬਲੀ ਨੂੰ ਪਾਕਿਸਤਾਨ ਆਉਣ ਦਾ ਸੱਦਾ ਦਿੰਦਾ ਹਾਂ, ਨਾ ਸਿਰਫ ਗੁਰਦੁਆਰਾ ਦਰਬਾਰ ਸਾਹਿਬ ਕਰਤਾਰਪੁਰ ਦੇ ਦਰਸਨਾਂ ਲਈ, ਸਗੋਂ ਹੋਰ ਧਰਮਾਂ ਦੇ ਪਵਿੱਤਰ ਅਸਥਾਨਾਂ ਦੇ ਦਰਸਨਾਂ ਲਈ ਵੀ ਤਾਂ ਜੋ ਉਹ ਇੱਥੇ ਮੌਜੂਦ ਧਾਰਮਿਕ ਆਜਾਦੀ ਨੂੰ ਦੇਖ ਸਕਣ।"

ਇਹ ਸੱਦਾ ਮੁੱਖ ਮੰਤਰੀ ਵੱਲੋਂ 23 ਅਕਤੂਬਰ ਨੂੰ ਪੰਜਾਬ ਵਿਧਾਨ ਸਭਾ ਦੇ ਸੈਸਨ ਦੌਰਾਨ 27 ਤੋਂ 29 ਨਵੰਬਰ ਤੱਕ ਲਾਹੌਰ ਵਿੱਚ ਹੋਣ ਵਾਲੀ 4ਵੀਂ ਅੰਤਰਰਾਸਟਰੀ ਪੰਜਾਬੀ ਕਾਨਫਰੰਸ ਵਿੱਚ ਸਾਮਲ ਹੋਣ ਲਈ ਪਾਕਿਸਤਾਨ ਦੇ ਸੱਦੇ ਨੂੰ ਸਵੀਕਾਰ ਕਰਨ ਦੀ ਇੱਛਾ ਦੀ ਪੁਸਟੀ ਕਰਨ ਤੋਂ ਬਾਅਦ ਆਇਆ ਹੈ। ਇਹ ਸੱਦਾ ਪੰਜਾਬੀ ਕਵੀ ਬਾਬਾ ਬਸੀਰ ਹੁਸੈਨ ਨਜਮੀ (ਬਾਬਾ ਨਜਮੀ) ਅਤੇ ਪੰਜਾਬੀ ਪ੍ਰਚਾਰ ਸੰਗਠਨ ਸਮੇਤ ਆਯੋਜਕਾਂ ਦੁਆਰਾ ਦਿੱਤਾ ਗਿਆ ਸੀ।

ਹਾਲਾਂਕਿ, ਮੁੱਖ ਮੰਤਰੀ ਨੇ ਸੰਕਾ ਜਾਹਰ ਕੀਤੀ ਸੀ ਕਿ ਕੀ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਇਸ ਯਾਤਰਾ ਲਈ ਲੋੜੀਂਦੀ ਸਿਆਸੀ ਅਤੇ ਸੁਰੱਖਿਆ ਮਨਜੂਰੀ ਦੇਵੇਗੀ।

ਕੇਂਦਰ 'ਤੇ ਤਨਜ ਕੱਸਦਿਆਂ ਮੁੱਖ ਮੰਤਰੀ ਨੇ ਟਿੱਪਣੀ ਕੀਤੀ ਸੀ, "ਉਹ ਮੈਨੂੰ ਫਰਾਂਸ ਜਾਂ ਜਾਪਾਨ ਵੀ ਨਹੀਂ ਜਾਣ ਦਿੰਦੇ। ਉਹ ਮੈਨੂੰ ਪਾਕਿਸਤਾਨ ਕਿਵੇਂ ਜਾਣ ਦੇਣਗੇ?"

ਮੁੱਖ ਮੰਤਰੀ ਨੇ ਇਹ ਵੀ ਸੁਝਾਅ ਦਿੱਤਾ ਸੀ ਕਿ ਜੇ ਮਨਜੂਰੀ ਮਿਲ ਜਾਂਦੀ ਹੈ, ਤਾਂ ਪੂਰਾ ਸਦਨ ਪਾਕਿਸਤਾਨ ਦੇ ਇਤਿਹਾਸਕ ਸਿੱਖ ਧਾਰਮਿਕ ਅਸਥਾਨਾਂ 'ਤੇ ਨਤਮਸਤਕ ਹੋਣ ਲਈ ਕਰਤਾਰਪੁਰ ਸਾਹਿਬ ਲਾਂਘੇ ਰਾਹੀਂ ਇਕੱਠੇ ਯਾਤਰਾ ਕਰ ਸਕਦਾ ਹੈ।

ਸੀ ਬੀ ਆਈ ਅੱਗੇ ਪੇਸ਼ ਹੋਏ ਮੁੱਖ ਮੰਤਰੀ ਦੇ ਓ ਐੱਸ ਡੀ ਰਾਜਬੀਰ ਘੁੰਮਣ

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਅੱਜ ਚੌਥੀ ਵਾਰ ਸੀ ਬੀ ਆਈ ਅੱਗੇ ਪੇਸ਼ ਹੋਏ। ਚੰਡੀਗੜ੍ਹ ਦੇ ਸੈਕਟਰ-30 ਸਥਿਤ ਦਫਤਰ ਵਿੱਚ ਸੀ ਬੀ ਆਈ ਵੱਲੋਂ ਰਾਜਬੀਰ ਘੁੰਮਣ ਤੋਂ ਕਈ ਘੰਟੇ ਪੁੱਛ-ਪੜਤਾਲ ਕੀਤੀ ਗਈ।



ਇਸ ਦੌਰਾਨ ਸੀ ਬੀ ਆਈ ਨੇ ਘੁੰਮਣ ਨੂੰ ਪੁੱਛ-ਪੜਤਾਲ ਲਈ 27 ਅਕਤੂਬਰ ਨੂੰ ਫਿਰ ਸੱਦਿਆ ਹੈ। ਸੀ ਬੀ ਆਈ ਮੁਹਰੇ ਪੇਸ਼ ਹੋਣ ਤੋਂ ਬਾਅਦ ਰਾਜਬੀਰ ਸਿੰਘ ਘੁੰਮਣ ਨੇ ਦੋਸ਼ ਲਾਇਆ ਕਿ ਏਜੰਸੀ ਦਿੱਲੀ ਵਿੱਚ ਬੈਠੇ ਸਿਆਸੀ ਆਗੂਆਂ ਦੇ ਦਬਾਅ ਹੇਠ ਕੰਮ ਕਰ ਰਹੀ ਹੈ। ਇਸੇ ਕਰ ਕੇ ਉਸ ਨੂੰ ਵਾਰ-ਵਾਰ ਪੁੱਛ-ਪੜਤਾਲ ਲਈ ਸੱਦਿਆ ਜਾ ਰਿਹਾ ਹੈ। ਕੇਂਦਰੀ ਜਾਂਚ ਏਜੰਸੀਆਂ ਨੂੰ ਲੋਕਾਂ ਨੂੰ ਇਨਸਾਫ ਦੇਣ ਲਈ ਬਣਾਇਆ ਗਿਆ ਸੀ ਪਰ ਅੱਜ ਇਨ੍ਹਾਂ ਨੂੰ ਹੱਥਿਆਰ ਵਜੋਂ ਵਰਤਿਆਂ ਜਾ ਰਿਹਾ ਹੈ। ਜਿਕਰਯੋਗ ਹੈ ਕਿ ਸੀ ਬੀ ਆਈ ਨੇ ਮੁੱਖ ਮੰਤਰੀ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਅਤੇ ਹੋਰਨਾਂ ਵਿਰੁੱਧ ਭ੍ਰਿਸ਼ਟਾਚਾਰ ਅਤੇ ਆਪਣੇ ਰਸੂਖ ਦੀ ਵਰਤੋਂ ਕਰਕੇ ਤਬਾਦਲਿਆਂ, ਟੈਂਡਰ ਹਾਸਲ ਕਰਨ ਅਤੇ ਸਰਕਾਰੀ ਨੀਤੀਆਂ ਨੂੰ ਆਪਣੇ ਹੱਕ ਵਿੱਚ ਬਣਵਾਉਣ ਦੇ ਕਥਿਤ ਦੋਸ਼ਾਂ ਤਹਿਤ ਕੇਸ ਦਰਜ ਕੀਤਾ ਸੀ। ਇਸ ਤੋਂ ਪਹਿਲਾਂ ਸੁਪਰੀਮ ਕੋਰਟ ਨੇ ਮੁੱਖ ਮੰਤਰੀ ਭਗਵੰਤ ਮਾਨ ਦੇ ਓ ਐੱਸ ਡੀ ਰਾਜਬੀਰ ਸਿੰਘ ਘੁੰਮਣ ਖਿਲਾਫ ਦਰਜ ਭ੍ਰਿਸਟਾਚਾਰ ਦੇ ਮਾਮਲੇ ਵਿੱਚ ਸੀ ਬੀ ਆਈ ਨੂੰ ਕੋਈ ਵੀ ਸਖਤ ਕਾਰਵਾਈ ਕਰਨ ਤੋਂ ਰੋਕ ਦਿੱਤਾ ਸੀ। ਹਾਲਾਂਕਿ ਅਦਾਲਤ ਨੇ ਮਾਮਲੇ ਦੀ ਜਾਂਚ ਅਤੇ ਦਰਜ ਐੱਫ ਆਈ ਆਰ 'ਤੇ ਰੋਕ ਲਾਉਣ ਤੋਂ ਸਾਫ ਇਨਕਾਰ ਕਰ ਦਿੱਤਾ ਸੀ।

ਜਸਟਿਸ ਐੱਮ ਐੱਮ ਸੁੰਦਰੇਸ ਅਤੇ ਜਸਟਿਸ ਪੀ ਬੀ ਵਰਾਲੇ ਦੇ ਬੈਂਚ ਨੇ ਪੰਜਾਬ ਸਰਕਾਰ ਦੀ ਪਟੀਸਨ 'ਤੇ ਸੁਣਵਾਈ ਕਰਦਿਆਂ ਸੀ ਬੀ ਆਈ ਨੂੰ ਨੋਟਿਸ ਜਾਰੀ ਕੀਤਾ ਸੀ। ਬੈਂਚ ਨੇ ਸੁਣਵਾਈ ਦੌਰਾਨ ਸਪੱਸਟ ਕਿਹਾ, 'ਅਸੀਂ ਐੱਫ ਆਈ ਆਰ ਅਤੇ ਜਾਂਚ 'ਤੇ ਕੋਈ ਰੋਕ ਨਹੀਂ ਲਾ ਰਹੇ ਪਰ ਸੀ ਬੀ ਆਈ ਨੂੰ ਫਿਲਹਾਲ ਕੋਈ ਸਖਤ ਕਦਮ ਚੁੱਕਣ ਤੋਂ ਵਰਜ ਦਿੱਤਾ ਹੈ।'

ਵਿਦੇਸੀ ਹੈਂਡਲਰਾਂ ਨਾਲ ਜੁੜੇ ਦੋ ਗੈਰ-ਕਾਨੂੰਨੀ ਅਸਲਾ ਤਸਕਰੀ ਗਰੋਹ ਦਾ ਪਰਦਾਫਾਸ; ਦੋ ਨਾਬਾਲਗਾਂ ਸਮੇਤ 4 ਗ੍ਰਿਫਤਾਰ

ਵਿਦੇਸਾਂ ਵਿੱਚ ਬੈਠੇ ਹੈਂਡਲਰਾਂ ਨਾਲ ਜੁੜੇ ਦੋ ਗੈਰ-ਕਾਨੂੰਨੀ ਹਥਿਆਰ ਤਸਕਰੀ ਨੈੱਟਵਰਕਾਂ ਦਾ ਪਰਦਾਫਾਸ ਕਰਦਿਆਂ ਅੰਮ੍ਰਿਤਸਰ ਕਮਿਸਨਰੇਟ ਪੁਲੀਸ ਨੇ ਦੋ ਨਾਬਾਲਗਾਂ ਸਮੇਤ ਚਾਰ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ। ਪੁਲੀਸ ਨੇ ਮੁਲਜਮਾਂ ਦੇ ਕਬਜੇ ਵਿੱਚੋਂ 16 ਆਧੁਨਿਕ ਪਿਸਤੌਲਾਂ ਅਤੇ ਸੱਤ ਜਿੰਦਾ ਕਾਰਤੂਸ ਬਰਾਮਦ ਕਰਨ ਵਿੱਚ ਸਫਲਤਾ ਹਾਸਲ ਕੀਤੀ ਹੈ।



ਪੁਲੀਸ ਅਨੁਸਾਰ ਇਹ ਆਧੁਨਿਕ ਹਥਿਆਰ ਸਰਹੱਦ ਪਾਰ ਪਾਕਿਸਤਾਨ ਤੋਂ ਡਰੋਨਾਂ ਰਾਹੀਂ ਭਾਰਤੀ ਖੇਤਰ ਵਿੱਚ ਸੁੱਟੇ ਗਏ ਸਨ। ਡੀਜੀਪੀ ਗੌਰਵ ਯਾਦਵ ਨੇ ਦੱਸਿਆ ਕਿ ਇਹ ਹਥਿਆਰ ਇੱਕ ਸੰਗਠਿਤ ਨੈੱਟਵਰਕ ਰਾਹੀਂ ਸਮਾਜ ਵਿਰੋਧੀ ਅਨਸਰਾਂ ਅਤੇ ਅਪਰਾਧੀਆਂ ਨੂੰ ਵੰਡੇ ਜਾਣੇ ਸਨ।

ਇਸ ਬਰਾਮਦਗੀ ਦੇ ਸਬੰਧ ਵਿੱਚ ਪੁਲੀਸ ਥਾਣਾ ਛਾਉਣੀ (ਕੈਂਟ) ਅਤੇ ਗੇਟ ਹਕੀਮਾਂ ਵਿਖੇ ਵੱਖ-ਵੱਖ ਐੱਫ.ਆਈ.ਆਰ. ਦਰਜ ਕੀਤੀਆਂ ਗਈਆਂ ਹਨ। ਪੁਲੀਸ ਨੇ ਇਸ ਗੈਰ-ਕਾਨੂੰਨੀ ਨੈੱਟਵਰਕ ਦੇ ਹੋਰ ਮੈਂਬਰਾਂ ਦੀ ਪਛਾਣ ਕਰਨ ਅਤੇ ਇਸ ਦੇ ਅਗਲੇ-ਪਿਛਲੇ ਸਬੰਧਾਂ (ਲਿੰਕੇਜਿਜ) ਦੀ ਪੜਤਾਲ ਸ਼ੁਰੂ ਕਰ ਦਿੱਤੀ ਹੈ, ਜਿਸ ਵਿੱਚ ਹਥਿਆਰਾਂ ਦੇ ਮੂਲ ਸਰੋਤ ਅਤੇ ਇਨ੍ਹਾਂ ਨੂੰ ਪ੍ਰਾਪਤ ਕਰਨ ਵਾਲੇ ਲੋਕਾਂ ਦੀ ਭਾਲ ਸਾਮਲ ਹੈ। ਸਰਹੱਦੀ ਸੂਬੇ ਵਿੱਚ ਡਰੋਨਾਂ ਰਾਹੀਂ ਆਧੁਨਿਕ ਹਥਿਆਰਾਂ ਦੀ ਲਗਾਤਾਰ ਆਮਦ ਕਾਰਨ ਪੈਦਾ ਹੋ ਰਹੀ ਕਾਨੂੰਨ-ਵਿਵਸਥਾ ਦੀ ਚੁਣੌਤੀ ਦਰਮਿਆਨ ਇਹ ਗ੍ਰਿਫਤਾਰੀਆਂ ਕਾਫੀ ਅਹਿਮ ਮੰਨੀਆਂ ਜਾ ਰਹੀਆਂ ਹਨ।

ਚਾਰ ਮੁਲਜਮ 28 ਅਕਤੂਬਰ ਤੱਕ ਪੁਲੀਸ ਹਿਰਾਸਤ 'ਚ ਭੇਜੇ

ਮੁੰਬਈ ਦੀ ਅਦਾਲਤ ਨੇ ਸੋਮਵਾਰ ਨੂੰ ਅਦਾਕਾਰ ਟਾਈਗਰ ਸਰੰਫ ਨਾਲ ਸਬੰਧਤ ਗੋਲੀਬਾਰੀ ਮਾਮਲੇ ਵਿੱਚ ਚਾਰ ਮੁਲਜਮਾਂ ਨੂੰ 28 ਅਕਤੂਬਰ ਤੱਕ ਪੁਲੀਸ ਹਿਰਾਸਤ ਵਿੱਚ ਭੇਜ ਦਿੱਤਾ ਹੈ। ਇਨ੍ਹਾਂ ਦੀ ਪਛਾਣ ਕੁਨਾਲ, ਸੁਮਿਤ, ਰਾਧਾ ਅਤੇ ਬਬੀਤਾ ਵਜੋਂ ਹੋਈ ਹੈ। ਚਾਰਾਂ ਨੂੰ ਦੂਜੀ ਵਾਰ ਅਦਾਲਤ ਵਿੱਚ ਪੇਸ਼ ਕੀਤਾ ਗਿਆ ਸੀ। ਬਚਾਅ ਪੱਖ ਦੇ ਵਕੀਲ ਅਜੈਕਿਆ ਮਿਰਗਲ ਮਧੂਕਰ ਨੇ ਦੱਸਿਆ ਕਿ ਮੁਲਜਮਾਂ ਨੂੰ ਪਹਿਲਾਂ ਤਿੰਨ ਦਿਨ ਦੀ ਟਰਾਂਜਿ਼ਟ ਹਿਰਾਸਤ ਵਿੱਚ ਰੱਖਿਆ ਗਿਆ ਸੀ, ਜਿਸ ਦੌਰਾਨ ਉਨ੍ਹਾਂ ਤੋਂ ਵਿਸਥਾਰ ਨਾਲ ਪੁੱਛ-ਪੜਤਾਲ ਕੀਤੀ ਗਈ। ਪੁਲੀਸ ਨੇ ਹੁਣ ਉਨ੍ਹਾਂ ਦੀ ਹਿਰਾਸਤ 31 ਅਕਤੂਬਰ ਤੱਕ ਵਧਾਉਣ ਦੀ ਮੰਗ ਕੀਤੀ ਸੀ, ਪਰ ਅਦਾਲਤ ਨੇ 28 ਅਕਤੂਬਰ ਤੱਕ ਹੀ ਹਿਰਾਸਤ ਦਿੱਤੀ। ਉਨ੍ਹਾਂ ਮੁਤਾਬਕ ਇਹ ਹਿਰਾਸਤ ਮੁੱਖ ਤੌਰ 'ਤੇ ਆਵਾਜ ਦੇ ਨਮੂਨੇ ਲੈਣ ਲਈ ਦਿੱਤੀ ਗਈ ਹੈ।

ਮੁਲਜਮ ਸੁਮਿਤ ਦੇ ਵਕੀਲ ਵਿਕੇਸ ਮਹਿਰਾ ਨੇ ਕਿਹਾ ਕਿ ਪੁਲੀਸ ਨੇ ਚਾਰ ਦਿਨ ਦੀ ਹੋਰ ਹਿਰਾਸਤ ਮੰਗੀ ਸੀ ਪਰ ਅਦਾਲਤ ਨੇ ਸਿਰਫ ਦੋ ਦਿਨ ਦੀ ਮਨਜੂਰੀ ਦਿੱਤੀ। ਪੁਲੀਸ ਦਾ ਦੋਸ ਹੈ ਕਿ ਸੁਮਿਤ ਹਥਿਆਰ ਲੈਣ ਲਈ ਕੁਨਾਲ ਨਾਲ ਅੰਮ੍ਰਿਤਸਰ ਗਿਆ ਸੀ। ਹਾਲਾਂਕਿ, ਵਕੀਲ ਨੇ ਦਾਅਵਾ ਕੀਤਾ ਕਿ ਪੁਲੀਸ ਕੋਲ ਇਸ ਗੱਲ ਦਾ ਕੋਈ ਠੋਸ ਸਬੂਤ ਨਹੀਂ ਹੈ ਕਿ ਸੁਮਿਤ



ਅਸਲ ਵਿੱਚ ਹਥਿਆਰ ਲੈ ਕੇ ਆਇਆ ਸੀ। ਤਿੰਨ ਹੋਰ ਮੁਲਜਮ ਵੀ ਪੁਲੀਸ ਹਿਰਾਸਤ 'ਚ ਇਸੇ ਮਾਮਲੇ ਵਿੱਚ 23 ਅਕਤੂਬਰ ਨੂੰ ਅਦਾਲਤ ਨੇ ਤਿੰਨ ਹੋਰ ਮੁਲਜਮਾਂ ਅੰਕਿਤ ਖੱਟਰ, ਸਮੀਰ ਖੱਤਰੀ ਅਤੇ ਜਤਿਨ ਪੰਚਾਲ ਨੂੰ ਵੀ 28 ਅਕਤੂਬਰ ਤੱਕ ਪੁਲੀਸ ਹਿਰਾਸਤ ਵਿੱਚ ਭੇਜਿਆ ਸੀ। ਪੁਲੀਸ ਨੇ ਇਨ੍ਹਾਂ ਨੂੰ ਹਰਿਆਣਾ ਦੇ ਸੋਨੀਪਤ ਤੋਂ ਗ੍ਰਿਫਤਾਰ ਕੀਤਾ ਸੀ।

ਜਾਂਚ ਅਧਿਕਾਰੀ ਨੇ ਅਦਾਲਤ ਨੂੰ ਦੱਸਿਆ ਸੀ ਕਿ ਅੰਕਿਤ ਮੁੰਬਈ ਵਿੱਚ ਵਾਰਦਾਤ ਤੋਂ ਪਹਿਲਾਂ ਇਲਾਕੇ ਦੀ ਰੇਕੀ ਕਰਨ ਆਇਆ ਸੀ, ਸਮੀਰ ਦਾ ਅਨਿਲ ਪੰਡਿਤ ਨਾਲ ਸਿੱਧਾ ਸੰਪਰਕ ਸੀ ਅਤੇ ਜਤਿਨ ਨੇ ਕਥਿਤ ਤੌਰ 'ਤੇ ਅੰਕਿਤ ਤੇ ਸਮੀਰ ਲਈ ਹਥਿਆਰਾਂ ਦਾ ਪ੍ਰਬੰਧ ਕੀਤਾ ਸੀ। ਸਰਕਾਰੀ ਵਕੀਲ ਕ੍ਰਾਂਤੀ ਕੁੰਭਾਰ ਨੇ ਕਿਹਾ ਸੀ ਕਿ ਮਾਮਲੇ ਨਾਲ ਜੁੜੇ ਕਈ ਲੋਡ਼ੀਂਦੇ ਮੁਲਜਮ ਮਹਾਰਾਸਟਰ ਤੋਂ ਬਾਹਰ ਹਨ, ਇਸ ਲਈ ਜਾਂਚ ਲਈ ਹੋਰ ਸਮਾਂ ਚਾਹੀਦਾ ਹੈ।

ਹੋਟਲ ਦੀ ਸੀਸੀਟੀਵੀ ਫੁਟੇਜ ਵੀ ਜਾਂਚ ਦੇ ਘੇਰੇ 'ਚ

ਸਰਕਾਰੀ ਵਕੀਲ ਨੇ ਦੱਸਿਆ ਕਿ ਪੁਲੀਸ ਨੇ ਘਟਨਾ ਵਾਲੀ ਥਾਂ ਅਤੇ ਉਸ ਹੋਟਲ ਦੀ ਸੀਸੀਟੀਵੀ ਫੁਟੇਜ ਹਾਸਲ ਕੀਤੀ ਹੈ, ਜਿੱਥੇ ਮੁਲਜਮਾਂ ਵੱਲੋਂ ਕਥਿਤ ਤੌਰ 'ਤੇ ਗੋਲੀ ਚਲਾਉਣ ਦਾ ਅਭਿਆਸ ਕੀਤਾ ਗਿਆ ਸੀ। ਹੋਟਲ ਦਾ ਰਜਿਸਟਰ ਵੀ ਜਬਤ ਕੀਤਾ ਗਿਆ ਹੈ।

ਬਚਾਅ ਪੱਖ ਦੇ ਵਕੀਲ ਮਿਰਗਲ ਨੇ ਦਲੀਲ ਦਿੱਤੀ ਕਿ ਪੁਲੀਸ ਪਹਿਲਾਂ ਹੀ ਸੀਸੀਟੀਵੀ ਫੁਟੇਜ, ਹੋਟਲ ਦੇ ਰਜਿਸਟਰ ਅਤੇ ਹੋਰ ਸਬੂਤ ਹਾਸਲ ਕਰ ਚੁੱਕੀ ਹੈ, ਇਸ ਲਈ ਹੋਰ ਹਿਰਾਸਤ ਦੀ ਲੋੜ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਹਾਲੇ ਤੱਕ ਹਥਿਆਰ ਬਰਾਮਦ ਨਹੀਂ ਹੋਇਆ। ਮੁਲਜਮਾਂ ਦੇ ਫੋਨ ਜਬਤ ਹੋਣ ਕਾਰਨ ਕਾਲਾਂ ਦੇ ਵੇਰਵਿਆਂ ਦੀ ਜਾਂਚ ਫੋਰੈਂਸਿਕ ਮਾਹਿਰਾਂ ਰਾਹੀਂ ਵੀ ਕੀਤੀ ਜਾ ਸਕਦੀ ਹੈ।

ਇਹ ਮਾਮਲਾ 18 ਅਕਤੂਬਰ ਨੂੰ ਸਾਮ ਕਰੀਬ ਸੱਤ ਵਜੇ ਮੁੰਬਈ ਦੇ ਜੁਹੂ ਇਲਾਕੇ ਵਿੱਚ ਹੋਈ ਗੋਲੀਬਾਰੀ ਨਾਲ ਸਬੰਧਤ ਹੈ। ਉਸ ਸਮੇਂ ਟਾਈਗਰ ਸਰੰਫ ਇੱਕ ਫੁਟਬਾਲ ਕਲੱਬ ਤੋਂ ਬਾਹਰ ਆ ਰਹੇ ਸਨ। ਉਹ ਇਸ ਘਟਨਾ ਵਿੱਚ ਵਾਲ-ਵਾਲ ਬਚ ਗਏ ਸਨ, ਜਦਕਿ ਉਨ੍ਹਾਂ ਦਾ ਡਰਾਈਵਰ ਜਖਮੀ ਹੋ ਗਿਆ ਸੀ।

ਪੰਜਾਬ ਨਾਲ ਸਬੰਧਤ ਗੈਂਗਸਟਰ ਹਰਪ੍ਰੀਤ ਸਿੰਘ ਕੈਨੇਡਾ 'ਚ ਗ੍ਰਿਫਤਾਰ, ਹਵਾਲਗੀ ਦੀ ਪ੍ਰਕਿਰਿਆ ਸ਼ੁਰੂ

ਪੰਜਾਬ ਵਿੱਚ ਲਗਪਗ ਵੀਹ ਅਪਰਾਧਿਕ ਮਾਮਲਿਆਂ ਵਿੱਚ ਪੰਜਾਬ ਪੁਲੀਸ ਨੂੰ ਲੋੜੀਂਦੇ ਸ਼ੇਣੀ 'ਏ' ਦੇ ਗੈਂਗਸਟਰ ਹਰਪ੍ਰੀਤ ਸਿੰਘ ਨੂੰ ਕੈਨੇਡੀਅਨ ਪੁਲੀਸ ਨੇ ਹਿਰਾਸਤ ਵਿੱਚ ਲਿਆ ਹੈ। ਐੱਸਐੱਸਪੀ ਤਰਨ ਤਾਰਨ ਸੁਰੇਂਦਰ ਲਾਂਬਾ ਨੇ ਉਸ ਦੀ ਗ੍ਰਿਫਤਾਰੀ ਦੀ ਪੁਸਟੀ ਕਰਦਿਆਂ ਦੱਸਿਆ ਕਿ ਪੰਜਾਬ ਪੁਲੀਸ ਨੇ ਉਸ ਨੂੰ ਵਾਪਸ ਲਿਆਉਣ ਲਈ ਦਸਤਾਵੇਜੀ ਪ੍ਰਕਿਰਿਆ ਸ਼ੁਰੂ ਕਰ ਦਿੱਤੀ ਹੈ।

ਉਨ੍ਹਾਂ ਦੱਸਿਆ ਕਿ ਕੇਂਦਰੀ ਏਜੰਸੀਆਂ ਦੀ ਮਦਦ ਨਾਲ ਉਸ ਵਿਰੁੱਧ ਪਹਿਲਾਂ ਹੀ ਰੈੱਡ ਕਾਰਨਰ ਨੋਟਿਸ ਜਾਰੀ ਕੀਤਾ ਗਿਆ ਸੀ, ਜਿਸ ਦੇ ਚਲਦਿਆਂ ਉਸ ਦੀ ਗ੍ਰਿਫਤਾਰੀ ਹੋਈ ਹੈ।

ਉਨ੍ਹਾਂ ਕਿਹਾ ਕਿ ਕੈਨੇਡੀਅਨ ਅਧਿਕਾਰੀਆਂ ਨੇ ਅੱਗੇ ਦੀ ਕਾਰਵਾਈ ਲਈ ਉਸ ਨੂੰ ਆਪਣੀਆਂ ਕੇਂਦਰੀ ਏਜੰਸੀਆਂ ਹਵਾਲੇ ਕਰ ਦਿੱਤਾ ਹੈ। ਐੱਸਐੱਸਪੀ ਨੇ ਦੱਸਿਆ ਕਿ ਪੰਜਾਬ ਪੁਲੀਸ ਹਵਾਲਗੀ ਦੀ ਪ੍ਰਕਿਰਿਆ ਵਿੱਚ ਤੇਜੀ ਲਿਆਉਣ ਅਤੇ ਉਸ ਨੂੰ ਮੁਕੱਦਮੇ ਦਾ ਸਾਹਮਣਾ ਕਰਨ ਲਈ ਭਾਰਤ ਲਿਆਉਣ ਵਾਸਤੇ ਕੇਂਦਰੀ ਏਜੰਸੀਆਂ ਨਾਲ ਤਾਲਮੇਲ ਕਰ ਰਹੀ ਹੈ।



ਤਰਨ ਤਾਰਨ ਜਿਲ੍ਹੇ ਦੇ ਪਿੰਡ ਮੀਆਂਪੁਰ ਦੇ ਰਹਿਣ ਵਾਲੇ ਸਤਨਾਮ ਸਿੰਘ ਦੇ 33 ਸਾਲਾ ਪੁੱਤਰ ਹਰਪ੍ਰੀਤ ਵਿਰੁੱਧ ਕਤਲ, ਕਤਲ ਦੀ ਕੋਸਿਸ, ਗੈਰ-ਕਾਨੂੰਨੀ ਗਤੀਵਿਧੀਆਂ (ਰੋਕੂ) ਐਕਟ () ਅਤੇ ਅਸਲਾ ਐਕਟ ਤਹਿਤ ਦਰਜ ਮਾਮਲਿਆਂ ਸਮੇਤ ਲਗਪਗ 20 ਅਪਰਾਧਿਕ ਮਾਮਲੇ ਦਰਜ ਹਨ।

ਉਹ ਕਥਿਤ ਤੌਰ 'ਤੇ ਜਨਵਰੀ 2024 ਵਿੱਚ ਪਿੰਡ ਦੇ ਸਰਪੰਚ ਅਵਨ ਕੁਮਾਰ ਉਰਫ ਸੋਨੂ ਚੀਮਾ ਦੇ ਕਤਲ ਦਾ ਮੁੱਖ ਸਾਜਿਸਕਰਤਾ ਹੈ। ਇਸ ਤੋਂ ਬਾਅਦ ਉਸ ਨੂੰ ਭਗੌੜਾ ਕਰਾਰ ਦਿੱਤਾ ਗਿਆ ਸੀ ਅਤੇ ਖਦਸਾ ਹੈ ਕਿ ਉਹ ਗੈਰ-ਕਾਨੂੰਨੀ ਤਰੀਕੇ ਨਾਲ ਵਿਦੇਸ ਭੱਜ ਗਿਆ ਸੀ। ਉਸ ਦੇ ਖਾਲਿਸਤਾਨ ਜਿੰਦਾਬਾਦ ਫੋਰਸ ਨਾਲ ਵੀ ਸਬੰਧ ਹੋਣ ਦਾ ਖਦਸਾ ਹੈ, ਅਤੇ ਉਸ ਦੇ ਸਾਥੀ ਕਥਿਤ ਤੌਰ 'ਤੇ ਲੌਜਿਸਟਿਕਲ ਸਹਾਇਤਾ ਪ੍ਰਦਾਨ ਕਰਦੇ ਸਨ।

ਲਾਂਬਾ ਨੇ ਕਿਹਾ ਕਿ ਕੈਨੇਡਾ ਵਿੱਚ ਉਸ ਨੂੰ ਹਿਰਾਸਤ ਵਿੱਚ ਲੈਣਾ ਵਿਦੇਸਾਂ ਤੋਂ ਆਪਣੀਆਂ ਗਤੀਵਿਧੀਆਂ ਚਲਾ ਰਹੇ ਅਤੇ ਸੂਬੇ ਵਿੱਚ ਅਪਰਾਧਿਕ ਵਾਰਦਾਤਾਂ ਨੂੰ ਅੰਜਾਮ ਦੇ ਰਹੇ ਗੈਂਗਸਟਰਾਂ ਵਿਰੁੱਧ ਵਿੱਢੀ ਮੁਹਿੰਮ ਵਿੱਚ ਇੱਕ ਮਹੱਤਵਪੂਰਨ ਕਦਮ ਹੈ।

ਉਨ੍ਹਾਂ ਅੱਗੇ ਕਿਹਾ ਕਿ ਪੁਲੀਸ ਹੁਣ ਉਸ ਨੂੰ ਭਾਰਤ ਲਿਆਉਣ ਲਈ ਲੋੜੀਂਦੀਆਂ ਕਾਨੂੰਨੀ ਰਸਮੀ ਕਾਰਵਾਈਆਂ ਨੂੰ ਪੂਰਾ ਕਰਨ ਲਈ ਕੰਮ ਕਰ ਰਹੀ ਹੈ।

ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦਾ ਕੈਨੇਡਾ ਦੌਰਾ 13 ਦਸੰਬਰ ਤੋਂ ਹੋਣ ਦੇ ਚਰਚੇ

ਕੈਨੇਡਾ ਤੇ ਭਾਰਤ ਦੇ ਸਬੰਧਾਂ ਨੂੰ ਸੁਖਾਵਾਂ ਮੋੜ ਦੇਣ ਲਈ ਭਾਰਤ ਦੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ 13 ਦਸੰਬਰ ਤੋਂ ਤਿੰਨ ਦਿਨਾ ਕੈਨੇਡਾ ਦੌਰੇ 'ਤੇ ਆਉਣ ਦੀ ਸੂਚਨਾ ਹੈ। ਬੇਸ਼ੱਕ ਕੈਨੇਡਾ ਸਰਕਾਰ ਇਸ ਦੌਰੇ ਨੂੰ ਦੁਵੱਲੇ ਵਪਾਰਕ ਸਬੰਧਾਂ ਨਾਲ ਜੋੜ ਕੇ ਵੇਖ ਰਹੀ ਹੈ ਪਰ ਸੂਤਰਾਂ ਅਨੁਸਾਰ ਨਰਿੰਦਰ ਮੋਦੀ ਦੇ ਸਰੀ ਤੇ ਬਰੈਂਪਟਨ ਵਿੱਚ ਭਾਰਤੀਆਂ ਦੇ ਇਕੱਠਾਂ ਨੂੰ ਸੰਬੋਧਨ ਕਰਨ ਦੀ ਉਮੀਦ ਵੀ ਜਤਾਈ ਜਾ ਰਹੀ ਹੈ।



ਇਹ ਵੀ ਪਤਾ ਲੱਗਾ ਹੈ ਕਿ ਕੈਨੇਡਾ ਸਰਕਾਰ ਵਲੋਂ ਭਾਰਤੀ ਪ੍ਰਧਾਨ ਮੰਤਰੀ ਦੇ ਸਵਾਗਤ ਦੀਆਂ ਤਿਆਰੀਆਂ ਦੇ ਨਾਲ ਨਾਲ ਸੁਰੱਖਿਆ ਪ੍ਰਬੰਧਾਂ ਵੱਲ ਵਿਸ਼ੇਸ਼ ਧਿਆਨ ਦਿੱਤਾ ਜਾਏਗਾ। ਉਧਰ ਸਿਆਸੀ ਸੂਝ ਰੱਖਦੇ ਕੁਝ ਲੋਕਾਂ ਦਾ ਕਹਿਣਾ ਹੈ ਕਿ ਭਾਰਤੀ ਪ੍ਰਧਾਨ ਮੰਤਰੀ ਦੇ ਕੈਨੇਡਾ ਟੂਰ ਬਾਰੇ ਬ੍ਰਿਟਿਸ਼ ਕੋਲੰਬੀਆ ਸੂਬੇ ਦੀ ਸੱਤਾ ਵਿੱਚ ਹੋਏ ਫੇਰਬਦਲ ਤੋਂ ਬਾਅਦ ਨਵੇਂ ਸਿਰਿਓਂ ਵਿਚਾਰ ਦੀਆਂ ਸੰਭਾਵਨਾਵਾਂ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਭਾਰਤ ਨਾਲ ਕਾਰੋਬਾਰ ਦੇ ਇੱਛੁਕ ਵਪਾਰਕ ਅਦਾਰੇ ਇਸ ਦੌਰੇ ਤੋਂ ਵੱਡੀਆਂ ਉਮੀਦਾਂ ਲਾਈ ਬੈਠੇ ਹਨ।

ਪਿਛਲੇ ਸਾਲ ਜੂਨ ਵਿੱਚ ਜੀ 7 ਨਾਲ ਜੁੜੇ ਦੇਸ਼ਾਂ ਦੀ ਕੈਨੇਡਾ 'ਚ ਹੋਈ 51ਵੀਂ ਕਨਵੈਨਸ਼ਨ ਮੌਕੇ ਭਾਰਤੀ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਸ਼ਮੂਲੀਅਤ ਨੂੰ ਲੈ ਕੇ ਦੋਹਾਂ ਦੇਸ਼ਾਂ ਦੇ ਸਬੰਧਾਂ ਵਿੱਚ ਥੱਝੇ ਸੁਧਾਰ ਦੇ ਮੁੱਢ ਤੋਂ ਬਾਅਦ ਕਈ ਵਪਾਰਕ ਮੀਟਿੰਗਾਂ ਹੋ ਚੁੱਕੀਆਂ ਹਨ।

ਕੈਨੇਡਾ ਦੇ ਪ੍ਰਧਾਨ ਮੰਤਰੀ ਨੇ ਇਸੇ ਸਾਲ ਫਰਵਰੀ ਵਿੱਚ ਭਾਰਤ ਦਾ ਚਾਰ ਦਿਨਾ ਦੌਰਾ ਵੀ ਕੀਤਾ ਸੀ, ਜਿਸ ਵਿੱਚ ਉਨ੍ਹਾਂ ਵਲੋਂ ਭਾਰਤ ਦੇ ਵੱਡੇ ਵਪਾਰਕ ਅਦਾਰਿਆਂ ਦੇ ਪ੍ਰਤੀਨਿਧਾਂ ਨਾਲ ਮੀਟਿੰਗਾਂ ਕੀਤੀਆਂ ਗਈਆਂ ਸਨ।

ਸਮੱਸਿਆ ਨੂੰ ਜੜ੍ਹ ਤੋ ਖਤਮ ਕਰਨਾ ਹਰ ਇੱਕ ਦੇ ਵੱਸ ਦੀ ਗੱਲ ਨਹੀਂ
ਕੋਈ ਕੰਮ ਮੁਸ਼ਕਲ ਨਹੀ ਹੁੰਦਾ, ਉਸਨੂੰ ਕਰਨ ਵਾਲਾ ਹੋਣਾ ਚਾਹੀਦਾ ਹੈ।



ASTROLOGER BABA JI
ਸ਼ਬਦਾ ਦੇ ਜਾਲ 'ਚ ਨਾ ਫਸੋ, ਸਹੀ ਜਗਾ ਸੰਪਰਕ ਕਰੋ
ਅੱਜ ਤੱਕ ਤੁਹਾਡਾ ਕੰਮ ਕਿਉ ਨਹੀ ਹੋਇਆ, ਸੱਚਾਈ ਜਾਣੋ
ਦਿਵਾਲੀ ਦੀ ਵਿਸ਼ੇਸ਼ ਪੂਜਾ ਰਾਹੀ ਆਪਣੀ ਹਰ ਸਮੱਸਿਆ ਦਾ ਸਮਾਧਾਨ ਪਾਉ
ਪ੍ਰੇਸ਼ਾਨੀ ਜਿਵੇ ਕਿ : ਵਸ਼ੀਕਰਣ • ਵਿਦੇਸ਼ ਚ ਪੱਕਾ ਹੋਣਾ • ਤਲਾਕ ਕੇਸ • ਵਿਆਹ 'ਚ ਦੇਰੀ • ਕਾਰੋਬਾਰ 'ਚ ਰੁਕਾਵਟ,• ਘਰੇਲੂ ਕਲੇਸ਼ • ਔਲਾਦ ਦਾ ਸੁੱਖ • ਕੀਤਾ ਕਰਾਇਆ • ਪਿੱਤਰ ਦੋਸ਼ • ਮੰਗਲੀਕ ਦੋਸ਼ • ਖੋਇਆ ਪਿਆਰ ਵਾਪਸ ਪਾਉ
ਤੁਸੀ ਵਿਡਿਓ ਕਾਲ ਰਾਹੀ ਅਪਨਾ ਕੰਮ ਹੁੰਦਾ ਹੋਇਆ ਵੇਖ ਸਕਦੇ ਹੋ
ਜੋਤਿਸ਼ ਤਾਂਤਰਿਕ ਤੋ ਧੋਖਾ ਖਾ ਚੁੱਕੇ ਭੈਣ ਭਰਾ ਇੱਕ ਵਾਰ ਜ਼ਰੂਰ ਸੰਪਰਕ ਕਰੋ



ਲਾਟਰੀ ਦਾ ਲੱਕੀ ਨੰਬਰ, ਕਰਜ਼ਾ ਮੁਕਤੀ ਦੇ ਵਿਸ਼ੇਸ਼ ਉਪਾਅ ਜਾਣੋ



+91-96369-76365

ਪੰਜਾਬ 'ਚ ਪਰਾਲੀ ਸਾੜਨ ਦੇ ਕੇਸ ਮੁੜ ਵਧੇ



ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੀ ਪੰਜਾਬ 'ਚ ਸਖਤੀ ਦੇ ਬਾਵਜੂਦ ਇਸ ਵਾਰ ਝੋਨੇ ਦੀ ਪਰਾਲੀ ਸਾੜਨ ਦਾ ਰੁਝਾਨ ਮੁੜ ਵਧਿਆ ਹੈ। ਹਾਲਾਂਕਿ ਪੰਜਾਬ 'ਚ ਪਰਾਲੀ ਸਾੜਨ ਦੇ ਕੇਸਾਂ 'ਚ ਲੰਘੇ ਛੇ ਵਰ੍ਹਿਆਂ ਤੋਂ ਲਗਾਤਾਰ ਕਟੌਤੀ ਹੋ ਰਹੀ ਸੀ। ਪਿਛਲੇ ਵਰ੍ਹੇ ਪੰਜਾਬ 'ਚ 24 ਅਕਤੂਬਰ ਤੱਕ ਪਰਾਲੀ ਸਾੜਨ ਦੇ 561 ਕੇਸ ਸਾਹਮਣੇ ਆਏ ਸਨ; ਐਤਕੀਂ ਇਹ ਅੰਕੜਾ 574 ਕੇਸਾਂ ਦਾ ਹੈ।

ਪ੍ਰਾਪਤ ਵੇਰਵਿਆਂ ਅਨੁਸਾਰ ਤਰਨ ਤਾਰਨ ਜ਼ਿਲ੍ਹਾ ਇਸ ਵੇਲੇ ਸਿਖਰ 'ਤੇ ਹੈ ਜਿੱਥੇ ਪਿਛਲੇ ਸਾਲ ਇਸ ਸਮੇਂ ਤੱਕ 175 ਕੇਸ ਰਿਪੋਰਟ ਹੋਏ ਸਨ ਪਰ ਇਸ ਵੇਲੇ 270 ਕੇਸ ਸਾਹਮਣੇ ਆ ਚੁੱਕੇ ਹਨ। ਹਵਾ ਗੁਣਵੱਤਾ ਪ੍ਰਬੰਧਨ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਵਰਮਾ ਨੇ ਅੰਮ੍ਰਿਤਸਰ ਅਤੇ ਤਰਨ ਤਾਰਨ ਦੇ ਡਿਪਟੀ ਕਮਿਸ਼ਨਰਾਂ ਤੇ ਹੋਰਨਾਂ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਹੈ।

ਕਮਿਸ਼ਨ ਨੇ ਤਰਨ ਤਾਰਨ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਨੂੰ ਕਾਰਵਾਈ ਲਈ ਕਿਹਾ ਹੈ। ਉੱਤਰੀ ਭਾਰਤ 'ਚ ਪਰਾਲੀ ਸਾੜਨ ਦੇ ਹੁਣ ਤੱਕ 1,823 ਕੇਸ ਰਿਪੋਰਟ ਹੋਏ ਹਨ ਜਿਨ੍ਹਾਂ 'ਚੋਂ ਸਭ ਤੋਂ ਵੱਧ 574 ਕੇਸ ਪੰਜਾਬ 'ਚ ਰਿਪੋਰਟ ਹੋਏ ਹਨ। ਹਰਿਆਣਾ 'ਚ ਸਿਰਫ 18 ਕੇਸ ਹੀ ਸਾਹਮਣੇ ਆਏ ਹਨ ਜਦਕਿ ਪਿਛਲੇ ਸਾਲ ਹਰਿਆਣਾ 'ਚ ਇਸ ਸਮੇਂ ਤੱਕ 61 ਕੇਸ ਰਿਪੋਰਟ ਹੋਏ ਸਨ। ਮੱਧ ਪ੍ਰਦੇਸ਼ (439 ਕੇਸ) ਦਾ ਦੂਜਾ ਨੰਬਰ ਹੈ। ਪੰਜਾਬ ਦੇ ਜ਼ਿਲ੍ਹਾ ਅੰਮ੍ਰਿਤਸਰ 'ਚ ਹੁਣ ਤੱਕ 144, ਗੁਰਦਾਸਪੁਰ 'ਚ 37, ਫਿਰੋਜਪੁਰ 'ਚ 26 ਅਤੇ ਲੁਧਿਆਣਾ 'ਚ 27 ਕੇਸ ਰਿਪੋਰਟ ਹੋਏ ਹਨ।

ਕੇਂਦਰੀ ਪ੍ਰਦੂਸ਼ਣ ਕੰਟਰੋਲ ਬੋਰਡ ਨੇ ਜ਼ਮੀਨੀ ਪੱਧਰ 'ਤੇ ਨਜ਼ਰ ਰੱਖਣ ਲਈ ਉਡਣ ਦਸਤੇ ਤਾਇਨਾਤ ਕੀਤੇ ਹੋਏ ਹਨ। ਪੰਜਾਬ ਸਰਕਾਰ ਨੇ ਵੀ ਸਟਾਫ ਤਾਇਨਾਤ ਕੀਤਾ ਹੋਇਆ ਹੈ। ਹੁਣ ਤੱਕ ਪੰਜਾਬ 'ਚ 113 ਪੁਲੀਸ ਕੇਸ ਦਰਜ ਕੀਤੇ ਜਾ ਚੁੱਕੇ ਹਨ ਜਿਨ੍ਹਾਂ 'ਚੋਂ 23 ਕੇਸ ਇਕੱਲੇ ਤਰਨ ਤਾਰਨ 'ਚ ਦਰਜ ਹੋਏ ਹਨ। ਇਸੇ ਤਰ੍ਹਾਂ ਮਾਲ ਰਿਕਾਰਡ 'ਚ 205 ਰੈੱਡ ਐਂਟਰੀਆਂ ਪਾਈਆਂ ਗਈਆਂ ਹਨ ਜਿਨ੍ਹਾਂ 'ਚ 113 ਰੈੱਡ ਐਂਟਰੀਆਂ ਇਕੱਲੇ ਤਰਨ ਤਾਰਨ ਜ਼ਿਲ੍ਹੇ ਦੇ ਕਿਸਾਨਾਂ ਦੇ ਮਾਲ ਰਿਕਾਰਡ 'ਚ ਹਨ। ਪੰਜਾਬ ਸਰਕਾਰ ਹੁਣ ਤੱਕ 11.4 ਲੱਖ ਦਾ ਜੁਰਮਾਨਾ ਕਿਸਾਨਾਂ ਨੂੰ ਲਾ ਚੁੱਕੀ ਹੈ।

ਪਹਿਲੀ ਜਨਵਰੀ ਤੋਂ ਵਟਸਐਪ ਤੇ ਟੈਲੀਗ੍ਰਾਮ ਵਰਤਣ ਲਈ ਫੋਨ 'ਚ ਸਿਮ ਹੋਣਾ ਲਾਜਮੀ



ਭਾਰਤੀ ਦੂਰਸੰਚਾਰ ਵਿਭਾਗ ਪਹਿਲੀ ਜਨਵਰੀ 2027 ਤੋਂ ਦੇਸ ਵਿੱਚ ਸਿਮ ਬਾਈਡਿੰਗ ਸਬੰਧੀ ਨਵੇਂ ਨਿਯਮ ਲਾਗੂ ਕਰਨ ਦੀ ਤਿਆਰੀ ਕਰ ਰਿਹਾ ਹੈ। ਇਨ੍ਹਾਂ ਨਿਯਮਾਂ ਤਹਿਤ ਵਟਸਐਪ ਅਤੇ ਟੈਲੀਗ੍ਰਾਮ ਵਰਗੀਆਂ ਮੈਸੇਜਿੰਗ ਐਪਾਂ ਦੀ ਵਰਤੋਂ ਕਰਨ ਲਈ ਫੋਨ ਵਿੱਚ ਉਸ ਮੋਬਾਈਲ ਨੰਬਰ ਦਾ ਚਲਦਾ ਸਿਮ ਕਾਰਡ ਹੋਣਾ ਲਾਜਮੀ ਹੋਵੇਗਾ, ਜਿਸ ਨਾਲ ਸਬੰਧਤ ਐਪ ਦਾ ਖਾਤਾ ਬਣਾਇਆ ਗਿਆ ਹੈ। ਦੂਰਸੰਚਾਰ ਵਿਭਾਗ ਨੇ ਸਬੰਧਤ ਐਪ ਕੰਪਨੀਆਂ ਨੂੰ 31 ਦਸੰਬਰ 2026 ਤੱਕ ਨਵੇਂ ਨਿਰਦੇਸਾਂ ਦੀ ਪਾਲਣਾ ਕਰਨ ਲਈ ਕਿਹਾ ਹੈ। ਇਨ੍ਹਾਂ ਨਿਯਮਾਂ ਤਹਿਤ ਜੇਕਰ ਰਜਿਸਟਰਡ ਮੋਬਾਈਲ ਨੰਬਰ ਦਾ ਸਿਮ ਕਾਰਡ ਫੋਨ ਵਿੱਚੋਂ ਕੱਢ ਦਿੱਤਾ ਜਾਂਦਾ ਹੈ, ਬੰਦ ਹੋ ਜਾਂਦਾ ਹੈ ਜਾਂ ਉਸ ਦੀ ਥਾਂ ਕੋਈ ਹੋਰ ਸਿਮ ਪਾ ਦਿੱਤਾ ਜਾਂਦਾ ਹੈ ਤਾਂ ਸਬੰਧਤ ਮੈਸੇਜਿੰਗ ਐਪ ਦੀ ਵਰਤੋਂ ਪ੍ਰਭਾਵਿਤ ਹੋ ਸਕਦੀ ਹੈ। ਸੇਵਾ ਜਾਰੀ ਰੱਖਣ ਲਈ ਰਜਿਸਟਰਡ ਨੰਬਰ ਵਾਲਾ ਸਹੀ ਤੇ ਸਰਗਰਮ ਸਿਮ ਕਾਰਡ ਫੋਨ ਵਿੱਚ ਪਾਉਣਾ ਜਰੂਰੀ ਹੋਵੇਗਾ।

ਸਾਈਬਰ ਧੋਖਾਧੜੀ ਰੋਕਣ ਲਈ ਚੁੱਕਿਆ ਕਦਮ

ਸਰਕਾਰ ਮੁਤਾਬਕ ਕੁਝ ਮੈਸੇਜਿੰਗ ਐਪਾਂ 'ਤੇ ਮੋਬਾਈਲ ਨੰਬਰ ਰਾਹੀਂ ਖਾਤਾ ਬਣਾਉਣ ਤੋਂ ਬਾਅਦ ਸਬੰਧਤ ਸਿਮ ਕਾਰਡ ਫੋਨ ਵਿੱਚ ਮੌਜੂਦ ਨਾ ਹੋਣ ਦੇ ਬਾਵਜੂਦ ਸੇਵਾਵਾਂ ਦੀ ਵਰਤੋਂ ਕੀਤੀ ਜਾ ਸਕਦੀ ਸੀ। ਇਸ ਸਹੂਲਤ ਦੀ ਵਰਤੋਂ ਸਾਈਬਰ ਅਪਰਾਧਾਂ ਲਈ ਕੀਤੇ ਜਾਣ ਦੀਆਂ ਸਿਕਾਇਤਾਂ ਸਾਹਮਣੇ ਆਈਆਂ ਸਨ।

ਨਵੇਂ ਨਿਯਮਾਂ ਦਾ ਉਦੇਸ ਮੈਸੇਜਿੰਗ ਐਪਾਂ ਦੇ ਖਾਤਿਆਂ ਨੂੰ ਉਨ੍ਹਾਂ ਦੇ ਰਜਿਸਟਰਡ ਅਤੇ ਸਰਗਰਮ ਸਿਮ ਕਾਰਡਾਂ ਨਾਲ ਜੋੜਨਾ ਹੈ ਤਾਂ ਜੋ ਫਰਜੀ ਖਾਤਿਆਂ, ਆਨਲਾਈਨ ਠੱਗੀ, ਫਿਸਿੰਗ ਅਤੇ ਸਰਕਾਰੀ ਅਧਿਕਾਰੀ ਬਣ ਕੇ ਕੀਤੀ ਜਾਣ ਵਾਲੀ ਧੋਖਾਧੜੀ ਨੂੰ ਰੋਕਿਆ ਜਾ ਸਕੇ।

ਵਟਸਐਪ ਅਤੇ ਟੈਲੀਗ੍ਰਾਮ ਤੋਂ ਇਲਾਵਾ ਸਿਗਨਲ, ਅਰਟਾਈ, ਸੋਅਰਚੈਟ, ਜੋਸ ਅਤੇ ਜੀਓਚੈਟ ਵਰਗੀਆਂ ਸੇਵਾਵਾਂ ਵੀ ਦੂਰਸੰਚਾਰ ਵਿਭਾਗ ਦੇ ਨਿਰਦੇਸਾਂ ਦੇ ਦਾਇਰੇ ਵਿੱਚ ਸਾਮਲ ਹਨ।

ਇਨ੍ਹਾਂ ਨਿਰਦੇਸਾਂ ਵਿੱਚ ਮੈਸੇਜਿੰਗ ਐਪਾਂ ਦੇ ਵੈੱਬ ਵਰਜਨ ਦੀ ਸੁਰੱਖਿਆ ਬਾਰੇ ਵੀ ਪ੍ਰਬੰਧ ਹਨ। ਹਾਲਾਂਕਿ, ਸਰਕਾਰ ਨੇ ਵੈੱਬ ਸੇਵਾਵਾਂ ਨੂੰ ਹਰ ਛੇ ਘੰਟਿਆਂ ਬਾਅਦ ਲਾਜਮੀ ਤੌਰ 'ਤੇ ਬੰਦ ਕਰਨ ਦੀ ਪਹਿਲੀ ਸਰਤ ਦੀ ਥਾਂ ਜੋਖਮ ਦੇ ਆਧਾਰ 'ਤੇ ਲੌਗਆਊਟ ਕਰਨ ਦੀ ਵਿਵਸਥਾ ਅਪਣਾਈ ਹੈ।

ਵਰਤੋਂਕਾਰਾਂ ਨੂੰ ਇਹ ਧਿਆਨ ਵਿੱਚ ਰੱਖਣਾ ਚਾਹੀਦਾ ਹੈ ਕਿ ਨਵੇਂ ਨਿਯਮਾਂ ਦਾ ਮਤਲਬ ਇਹ ਨਹੀਂ ਹੈ ਕਿ 1 ਜਨਵਰੀ 2027 ਤੋਂ ਸਾਰੇ ਫੋਨਾਂ ਵਿੱਚ ਵਟਸਐਪ ਜਾਂ ਟੈਲੀਗ੍ਰਾਮ ਬੰਦ ਹੋ ਜਾਣਗੇ। ਇਸ ਦਾ ਅਸਰ ਉਨ੍ਹਾਂ ਲੋਕਾਂ 'ਤੇ ਪੈ ਸਕਦਾ ਹੈ ਜਿਹੜੇ ਰਜਿਸਟਰਡ ਸਿਮ ਕਾਰਡ ਫੋਨ ਵਿੱਚ ਰੱਖੇ ਬਿਨਾਂ ਇਨ੍ਹਾਂ ਐਪਾਂ ਦੀ ਵਰਤੋਂ ਕਰਦੇ ਹਨ।

ਸਿਡਨੀ ਵਿੱਚ ਲੋਕ ਸੜਕਾਂ 'ਤੇ ਸੌਣ ਲਈ ਮਜਬੂਰ



ਆਸਟਰੇਲੀਆ ਦੇ ਸਭ ਤੋਂ ਮਹਿੰਗੇ ਸਹਿਰ ਸਿਡਨੀ ਵਿੱਚ ਇੱਕ ਪਾਸੇ ਬੇਘਰ ਲੋਕਾਂ ਦੇ ਤੰਬੂ ਨਜਰ ਆ ਰਹੇ ਹਨ, ਦੂਜੇ ਪਾਸੇ ਲਾਰਡ ਮੇਅਰ ਕਲੋਵਰ ਮੂਰ ਵੱਲੋਂ ਟਾਊਨ ਹਾਲ ਸਾਹਮਣੇ 15 ਕਰੋੜ ਡਾਲਰ ਦੀ ਲਾਗਤ ਨਾਲ ਸਾਨਦਾਰ ਜਨਤਕ ਚੌਕ ਬਣਾਉਣ ਦੀ ਯੋਜਨਾ ਵਿਵਾਦਾਂ ਵਿੱਚ ਘਿਰ ਗਈ ਹੈ। ਲਗਭਗ 4,500 ਵਰਗ ਮੀਟਰ ਵਿੱਚ ਬਣਨ ਵਾਲੇ ਇਸ ਚੌਕ ਲਈ ਸੱਤ ਇਮਾਰਤਾਂ ਢਾਹੁਣ, 30 ਤੋਂ ਵੱਧ ਦਰੱਖਤ ਲਗਾਉਣ, ਫੁਹਾਰੇ ਅਤੇ ਬੈਠਣ ਦੀਆਂ ਸਹੂਲਤਾਂ ਬਣਾਉਣ ਦੀ ਤਜਵੀਜ ਹੈ। ਪ੍ਰਾਜੈਕਟ ਸਾਲ 2031 ਤੱਕ ਮੁਕੰਮਲ ਕਰਨ ਦਾ ਟੀਚਾ ਹੈ।

ਉੱਧਰ, ਪਿਛਲੇ 50 ਸਾਲਾਂ ਤੋਂ ਲੋੜਵੰਦਾਂ ਦੀ ਸੇਵਾ ਕਰ ਰਹੇ ਪਾਦਰੀ ਬਿੱਲ ਕਰੂਜ ਨੇ ਚਿਤਾਵਨੀ ਦਿੱਤੀ ਹੈ ਕਿ ਉਨ੍ਹਾਂ ਨੇ ਸਿਡਨੀ ਵਿੱਚ ਬੇਘਰੀ ਦਾ ਸੰਕਟ ਪਹਿਲਾਂ ਕਦੇ ਇੰਨਾ ਗੰਭੀਰ ਨਹੀਂ ਦੇਖਿਆ। ਸਰਕਾਰੀ ਅੰਕੜਿਆਂ ਅਨੁਸਾਰ ਸਾਲ 2026 ਦੌਰਾਨ ਨਿਊ ਸਾਊਥ ਵੇਲਜ ਵਿੱਚ 2,308 ਵਿਅਕਤੀ ਖੁੱਲ੍ਹੇ ਅਸਮਾਨ ਹੇਠ ਸੌਂਦੇ ਮਿਲੇ, ਜੋ ਪਿਛਲੇ ਸਾਲ ਨਾਲੋਂ 5 ਫੀਸਦੀ ਵੱਧ ਹਨ। ਹਾਲਾਂਕਿ ਅੰਦਰੂਨੀ ਸਿਡਨੀ ਵਿੱਚ ਇਹ ਗਿਣਤੀ 346 ਤੋਂ ਘਟ ਕੇ 296 ਰਹੀ।

ਬਿਜਨਸ ਸਿਡਨੀ ਦੇ ਕਾਰਜਕਾਰੀ ਨਿਰਦੇਸਕ ਪਾਲ ਨਿਕੋਲਾਊ ਨੇ ਵੀ ਮਹਿੰਗਾਈ ਅਤੇ ਕਿਰਾਇਆਂ ਕਾਰਨ ਵਧ ਰਹੀ ਬੇਘਰੀ ਉੱਤੇ ਚਿੰਤਾ ਪ੍ਰਗਟਾਈ ਹੈ। ਦੂਜੇ ਪਾਸੇ ਸਮਾਜ ਸੇਵੀਆਂ ਨੇ ਸਵਾਲ ਕੀਤਾ ਹੈ ਕਿ ਸਿਡਨੀ ਨੂੰ ਪਹਿਲਾਂ ਖੂਬਸੂਰਤ ਚੌਕ ਚਾਹੀਦਾ ਹੈ ਜਾਂ ਬੇਘਰਾਂ ਦੇ ਸਿਰ ਉੱਤੇ ਛੱਤ?

ਭਾਰਤ-ਕੈਨੇਡਾ ਵਪਾਰ ਸਮਝੌਤਾ ਨਵੰਬਰ ਵਿੱਚ ਹੋਣ ਦੀ ਉਮੀਦ

ਭਾਰਤ ਅਤੇ ਕੈਨੇਡਾ ਵਿਚਾਲੇ ਵਪਾਰਕ ਸਬੰਧਾਂ ਨੂੰ ਨਵੀਂ ਦਿਸਾ ਦੇਣ ਵਾਲੇ ਸਮਝੌਤੇ ਦੀਆਂ ਸੰਭਾਵਨਾਵਾਂ ਤੇਜ ਹੋ ਗਈਆਂ ਹਨ। ਕੈਨੇਡਾ ਵਿੱਚ ਭਾਰਤ ਦੇ ਹਾਈ ਕਮਿਸਨਰ ਦਿਨੇਸ ਕੇ. ਪਟਨਾਇਕ ਨੇ ਉਮੀਦ ਜਤਾਈ ਹੈ ਕਿ ਦੋਵੇਂ ਦੇਸ ਨਵੰਬਰ ਵਿੱਚ ਵਪਾਰ ਸਮਝੌਤੇ 'ਤੇ ਸਹਿਮਤੀ ਬਣਾ ਲੈਣਗੇ। ਉਨ੍ਹਾਂ ਮੁਤਾਬਕ ਸਮਝੌਤੇ ਦੇ ਜਿਆਦਾਤਰ ਪਹਿਲੂਆਂ 'ਤੇ ਕੰਮ ਮੁਕੰਮਲ ਹੋ ਚੁੱਕਾ ਹੈ ਅਤੇ ਕੁਝ ਬਕਾਇਆ ਮੁੱਦਿਆਂ ਦੇ ਨਿਪਟਾਰੇ ਤੇ ਕਾਨੂੰਨੀ ਸਮੀਖਿਆ ਦੀ ਪ੍ਰਕਿਰਿਆ ਜਾਰੀ ਹੈ।

ਇਕ ਟੀਵੀ ਨਿਊਜ ਪ੍ਰੋਗਰਾਮ ਵਿੱਚ ਵਿਸੇਸ ਇੰਟਰਵਿਊ ਦੌਰਾਨ ਪਟਨਾਇਕ ਨੇ ਕਿਹਾ ਕਿ ਉਹ ਸਮਝੌਤੇ ਨੂੰ ਲੈ ਕੇ ਬੇਹੱਦ ਆਸਵੰਦ ਹਨ। ਭਾਰਤੀ ਹਾਈ ਕਮਿਸਨਰ ਨੇ ਦੱਸਿਆ ਕਿ ਇਸ ਵੱਡੇ ਵਪਾਰਕ ਸਮਝੌਤੇ ਦੀ ਜਿਆਦਾਤਰ ਰੂਪ-ਰੇਖਾ ਤਿਆਰ ਹੋ ਚੁੱਕੀ ਹੈ ਅਤੇ ਹੁਣ ਸਿਰਫ ਕੁਝ ਕਾਨੂੰਨੀ ਪ੍ਰਕਿਰਿਆਵਾਂ ਅਤੇ ਛੋਟੇ-ਮੋਟੇ ਰੁਕਾਵਟਾਂ ਨੂੰ ਹੱਲ ਕੀਤਾ ਜਾ ਰਿਹਾ ਹੈ। ਉਨ੍ਹਾਂ ਵਿਸਵਾਸ ਪ੍ਰਗਟਾਇਆ ਕਿ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਦਸੰਬਰ ਵਿੱਚ ਹੋਣ ਵਾਲੇ ਕੈਨੇਡਾ ਦੌਰੇ ਤੋਂ ਕਾਫੀ ਸਮਾਂ ਪਹਿਲਾਂ ਹੀ ਇਸ ਸਮਝੌਤੇ ਨੂੰ ਅੰਤਿਮ ਰੂਪ ਦੇ ਦਿੱਤਾ ਜਾਵੇਗਾ।



ਦੋਵਾਂ ਦੇਸਾਂ ਨੇ 2030 ਤੱਕ ਸਾਲਾਨਾ ਦੁਵੱਲੇ ਵਪਾਰ ਨੂੰ 70 ਅਰਬ ਡਾਲਰ ਤੱਕ ਪਹੁੰਚਾਉਣ ਦਾ ਟੀਚਾ ਮਿਥਿਆ ਹੈ। ਸਾਲ 2025 ਦੌਰਾਨ ਭਾਰਤ ਅਤੇ ਕੈਨੇਡਾ ਵਿਚਾਲੇ ਵਸਤਾਂ ਅਤੇ ਸੇਵਾਵਾਂ ਦਾ ਵਪਾਰ 30.4 ਅਰਬ ਡਾਲਰ ਰਿਹਾ। ਪਿਛਲੇ ਸਾਲ ਨਵੰਬਰ ਵਿੱਚ ਦੋਵਾਂ ਦੇਸਾਂ ਦੇ ਆਗੂਆਂ ਨੇ ਵਪਾਰਕ ਗੱਲਬਾਤ ਮੁੜ ਸ਼ੁਰੂ ਕਰਨ ਅਤੇ ਵਿਆਪਕ ਆਰਥਿਕ ਭਾਈਵਾਲੀ ਸਮਝੌਤੇ (ਸੀ ਈ ਪੀ ਏ) ਵੱਲ ਵਧਣ ਲਈ ਸਹਿਮਤੀ ਦਿੱਤੀ ਸੀ। ਇਸ ਸਾਲ ਮਾਰਚ ਵਿੱਚ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਭਾਰਤ ਦਾ ਦੌਰਾ ਕੀਤਾ, ਜਦਕਿ ਅਕਤੂਬਰ ਵਿੱਚ ਕੌਮਾਂਤਰੀ ਵਪਾਰ ਮੰਤਰੀ ਮਨਿੰਦਰ ਸਿੱਧੂ ਲਗਪਗ 300 ਮੈਂਬਰਾਂ ਦੇ ਵਪਾਰਕ ਵਫਦ ਨਾਲ ਭਾਰਤ ਗਏ।

ਦਾਲਾਂ 'ਤੇ ਟੈਰਿਫ ਅਹਿਮ ਮੁੱਦਾ

ਸਮਝੌਤੇ ਵਿੱਚ ਕੈਨੇਡੀਅਨ ਦਾਲਾਂ 'ਤੇ ਭਾਰਤ ਵੱਲੋਂ ਲਾਏ ਜਾਂਦੇ ਟੈਰਿਫ ਅਹਿਮ ਰਹਿਣਗੇ। ਇਸ ਵੇਲੇ ਕੈਨੇਡੀਅਨ ਮਸਰਾਂ 'ਤੇ 10 ਫੀਸਦੀ ਅਤੇ ਪੀਲੀਆਂ ਮਟਰਾਂ 'ਤੇ 30 ਫੀਸਦੀ ਟੈਰਿਫ ਲਾਗੂ ਹੈ। ਪਟਨਾਇਕ ਨੇ ਦੱਸਿਆ ਕਿ ਦੋਵੇਂ ਦੇਸ 'ਟੈਰਿਫ ਰੇਟ ਕੋਟਾ' ਪ੍ਰਣਾਲੀ 'ਤੇ ਵਿਚਾਰ ਕਰ ਰਹੇ ਹਨ। ਇਸ ਤਹਿਤ ਨਿਰਧਾਰਿਤ ਮਾਤਰਾ ਤੱਕ ਦਾਲਾਂ ਦੀ ਦਰਾਮਦ ਬਿਨਾਂ ਟੈਰਿਫ ਕੀਤੀ ਜਾ ਸਕੇਗੀ, ਜਦਕਿ ਇਸ ਸੀਮਾ ਤੋਂ ਵੱਧ ਸਪਲਾਈ 'ਤੇ ਡਿਊਟੀ ਲੱਗੇਗੀ। ਉਨ੍ਹਾਂ ਕਿਹਾ ਕਿ ਭਾਰਤ ਵਿੱਚ ਦਾਲਾਂ ਦੀ ਖਪਤ ਵਧ ਰਹੀ ਹੈ ਅਤੇ ਕੈਨੇਡਾ ਲੰਮੇ ਸਮੇਂ ਤੱਕ ਅਹਿਮ ਸਪਲਾਇਰ ਰਹੇਗਾ। ਸਸਕੈਚਵਨ ਕੈਨੇਡਾ ਦਾ ਭਾਰਤ ਨੂੰ ਨਿਰਯਾਤ ਕਰਨ ਵਾਲਾ ਪ੍ਰਮੁੱਖ ਸੂਬਾ ਹੈ। ਪੋਟਾਸ, ਮਸਰਾਂ ਅਤੇ ਸੁੱਕੀਆਂ ਮਟਰਾਂ ਦਾ ਨਿਰਯਾਤ ਇੱਥੋਂ ਦੀ ਆਰਥਿਕਤਾ ਲਈ ਮਹੱਤਵਪੂਰਨ ਹੈ। ਜ਼ਿਕਰਯੋਗ ਹੈ ਕਿ ਕੁਝ ਸਾਲ ਪਹਿਲਾਂ ਦੋਵਾਂ ਦੇਸਾਂ ਦੇ ਰਿਸਤਿਆਂ ਵਿੱਚ ਕੁਝ ਕੁੜੱਤਣ ਆ ਗਈ ਸੀ, ਪਰ ਹੁਣ ਹਾਲਾਤ ਬਦਲ ਚੁੱਕੇ ਹਨ ਅਤੇ ਦੋਵੇਂ ਦੇਸ ਆਪਣੇ ਆਪਸੀ ਵਪਾਰ ਨੂੰ ਮਜਬੂਤ ਕਰਨ ਲਈ ਪੂਰੀ ਤਰ੍ਹਾਂ ਵਚਨਬੱਧ ਨਜਰ ਆ ਰਹੇ ਹਨ। ਹਾਲਾਂਕਿ, ਸਮਝੌਤੇ ਦੀਆਂ ਅੰਤਿਮ ਸਰਤਾਂ ਬਾਰੇ ਅਧਿਕਾਰਤ ਐਲਾਨ ਹਾਲੇ ਬਾਕੀ ਹੈ। ਇਸ ਵਪਾਰਕ ਸਮਝੌਤੇ ਦੇ ਸਿਰੇ ਚੜ੍ਹਨ ਨਾਲ ਕੈਨੇਡਾ ਦੇ ਖਾਸ ਕਰਕੇ ਖੇਤੀਬਾੜੀ ਖੇਤਰ ਨਾਲ ਜੁੜੇ ਕਿਸਾਨਾਂ ਨੂੰ ਵੱਡਾ ਆਰਥਿਕ ਲਾਭ ਮਿਲਣ ਦੀ ਪੂਰੀ ਉਮੀਦ ਹੈ।

ਟੌਹਰ ਟੱਪਾ



(ਮੇਰੀ ਅਣਛਪੀ ਸਵੈਜੀਵਨੀ '...ਡਾਰਲਿੰਗ ਹਾਰਬਰ ਤੱਕ' ਵਿੱਚੋਂ)



ਅਵਤਾਰ ਐਸ.ਸੰਘਾ
Avtar S. Sangha
Sydney
ਮੋਬਾ:0437641033

ਜਦੋਂ ਸੱਤਰਵਿਆਂ ਵਿੱਚ ਮੈਂ ਇੱਕ ਅਰਧ ਸ਼ਹਿਰੀ ਕਾਲਜ ਵਿੱਚ ਨਵਾਂ ਨਵਾਂ ਲੈਕਚਰਾਰ ਲੱਗਾ ਤਾਂ ਕਾਲਜ ਨੂੰ ਬਾਈਸਾਈਕਲ ਤੇ ਜਾਣਾ ਹੀਣਾ ਲੱਗਿਆ ਕਰੇ। ਉਦੋਂ ਬਾਜਾਜ ਚੇਤਕ ਸਕੂਟਰ ਤੇ ਮੋਟਰਸਾਈਕਲ ਸੜਕਾਂ ਤੇ ਟਾਂਵੇ ਟਾਂਵੇ ਨਜ਼ਰ ਆਉਣ ਲੱਗੇ ਸਨ। ਚੇਤਕ ਸਕੂਟਰ ਦੀ ਵਾਰੀ ਤਾਂ ਬਾਹਰਲੀ ਕਰੰਸੀ ਨਾਲ ਹੀ ਆਉਂਦੀ ਸੀ। ਭਾਰਤੀ ਕਰੰਸੀ ਨਾਲ ਤਾਂ ਇਹ ਮਿਲਦਾ ਹੀ ਨਹੀਂ ਸੀ। ਲੈਕਚਰਾਰ ਦਾ ਤਨਖਾਹ ਦਾ ਸਕੇਲ 300-600 ਹੁੰਦਾ ਸੀ। ਟੋਟਲ ਹੱਥ ਵਿੱਚ 446 ਰੁਪਏ ਆਇਆ ਕਰਦੇ ਸਨ।

ਅਰਧ ਸ਼ਹਿਰੀ ਕਾਲਜ ਇੱਕ ਐਸਾ ਸੰਵੇਦਨਸ਼ੀਲ ਖਿੱਤਾ ਹੈ ਜਿੱਥੇ ਵਿਦਿਆਰਥੀ ਕਿਸੇ ਪ੍ਰੋਫੈਸਰ ਦੀ ਲਿਆਕਤ ਅਤੇ ਪ੍ਰਭਾਵ ਦਾ ਕਿਆਫਾ ਉਸਦੇ ਕਾਲਜ ਨੂੰ ਆਉਣ ਦੇ ਸਾਧਨ ਤੇ ਅਕਸਰ ਲਗਾਉਂਦੇ ਹਨ। ਜਿਹੜਾ ਪ੍ਰੋਫੈਸਰ ਕਾਲਜ ਨੂੰ ਪੈਦਲ ਜਾਂ ਬਾਈਸਾਈਕਲ ਤੇ ਆਉਂਦਾ ਉਸਨੂੰ ਵਿਦਿਆਰਥੀ ਬਹੁਤਾ ਪ੍ਰਭਾਵਸ਼ਾਲੀ ਨਹੀਂ ਸਮਝਦੇ। ਇਸ ਪ੍ਰਕਾਰ ਦੇ ਬਹੁਤੇ ਕਾਲਜ ਸ਼ਹਿਰ ਤੋਂ ਅਕਸਰ ਥੋੜ੍ਹੇ ਦੂਰ ਹੀ ਹੁੰਦੇ ਸਨ। ਸ਼ਾਇਦ ਅੱਜ ਵੀ ਇਹ ਇਸ ਤਰ੍ਹਾਂ ਹੀ ਹਨ। ਸ਼ਹਿਰੀ ਕਾਲਜ ਦੀ ਗੱਲ ਹੋਰ ਹੁੰਦੀ ਏ। ਉਹਨਾਂ ਵਿੱਚ ਤਾਂ ਵਿਦਿਆਰਥੀਆਂ ਨੂੰ ਪਤਾ ਹੀ ਨਹੀਂ ਲੱਗਦਾ ਕਿ ਸਟਾਫ ਕਿਸ ਪਾਸਿਓਂ ਕਾਲਜ ਵਿੱਚ ਦਾਖਲ ਹੋ ਗਿਆ। ਸ਼ਹਿਰੀ ਕਾਲਜਾਂ ਵਿੱਚ ਤਾਂ ਅਕਸਰ ਬੱਸਾਂ ਹੀ ਕਾਲਸ ਮੂਹਰੇ ਖੜ੍ਹ ਕੇ ਮੁਸਾਫਰਾਂ ਨੂੰ ਉਤਾਰ ਦਿੰਦੀਆਂ ਹਨ। ਜਿਸ ਸਮੇਂ ਦੀ ਮੈਂ ਗੱਲ ਕਰ ਰਿਹਾ ਹਾਂ ਉਦੋਂ ਆਪਣੀਆਂ ਨਿੱਜੀ ਕਾਰਾਂ ਤਾਂ ਕਿਸੇ ਪਾਸ ਹੁੰਦੀਆਂ ਹੀ ਨਹੀਂ ਸਨ। ਸਕੂਟਰ ਭਾਵੇਂ ਟਾਂਵੇਂ ਟਾਂਵੇਂ ਸਨ। ਜਵਾਨ ਲੜਕੇ ਲੜਕੀਆਂ ਨਾਲ ਘਿਰੇ ਸੰਵੇਦਨਸ਼ੀਨ ਖਿੱਤੇ ਵਿੱਚੋਂ ਦੀ ਬਾਈਸਾਈਕਲ ਤੇ ਕਾਲਜ ਨੂੰ ਜਾਣਾ ਇਵੇਂ ਲੱਗਦਾ ਹੁੰਦਾ ਸੀ ਜਿਵੇਂ ਕੋਈ ਲੈਕਚਰਾਰ ਵੀ ਵਿਦਿਆਰਥੀ ਹੋਵੇ, ਭਾਵ ਇਹ ਕਿ ਉਸਦੀ ਕੋਈ ਅਲੱਗ ਪਛਾਣ ਨਾ ਹੋਵੇ।ਸਕੂਟਰ ਕਿਸੇ ਕਿਸੇ ਪਾਸ ਹੋਣ ਲੱਗ ਪਏ ਸਨ। ਬਾਈਸਾਈਕਲ ਤੇ ਕਾਲਜ ਨੂੰ ਜਾਣ ਨਾਲੋਂ ਪੈਦਲ ਜਾਣਾ ਥੋੜ੍ਹਾ ਚੰਗਾ ਸਮਝਿਆ ਜਾਂਦਾ ਸੀ। ਇੱਕ ਪ੍ਰੋਫੈਸਰ ਬਾਈਸਾਈਕਲ ਤੇ ਕਾਲਜ ਨੂੰ ਜਾਵੇ -- ਥੋੜ੍ਹਾ ਬੇਇਜ਼ਤੀ ਵਾਲਾ ਪ੍ਰਚਲਨ ਵੀ ਸੀ ਤੇ ਹੀਣ ਭਾਵਨਾ ਵਾਲਾ ਵੀ। ਇਸਦਾ ਵੱਡਾ ਕਾਰਨ ਪ੍ਰੋਫੈਸਰ ਤਬਕੇ ਦੇ ਆਲੇ ਦੁਆਲੇ ਜਵਾਨ ਮੁੰਡੇ ਕੁੜੀਆਂ ਦਾ ਜਮਾਵੜਾ ਸੀ। ਇਸ ਉਮਰ ਦੇ ਵਿਦਿਆਰਥੀ ਬੜੀ ਜਲਦੀ ਅੱਖਾਂ ਚੁੱਕ ਕੇ ਦੇਖਦੇ ਹਨ ਕਿ ਕੋਈ ਅਧਿਆਪਕ ਕਾਲਜ ਨੂੰ ਕਿਵੇਂ ਆਉਂਦਾ ਹੈ। ਜੇ ਕੋਈ ਬੁਲਟ ਮੋਟਰਸਾਈਕਲ ਤੇ ਦੁੱਗ ਦੁੱਗ ਕਰਦਾ ਆਵੇ ਫਿਰ ਤਾਂ ਟੌਹਰ ਟੱਪੇ ਦੀਆਂ ਕਮਾਲਾਂ ਹੋ ਜਾਇਆ ਕਰਦੀਆਂ ਸਨ। ਜੇ ਕੋਈ ਸਿਰ ਤੇ ਹੈਲਮਟ ਪਾ ਕੇ ਬੁਲੇਟ ਤੇ ਆਵੇ ਫਿਰ ਉਹ ਇਵੇਂ ਲੱਗਦਾ ਸੀ ਜਿਵੇਂ ਚੰਨ ਤੇ ਗੇੜਾ ਮਾਰ ਕੇ ਆਇਆ ਹੋਵੇ ਜਾਂ ਚੰਡੀਗੜ੍ਹ ਤੋਂ ਆਇਆ ਹੋਵੇ। ਭਾਵ ਇੱਕ ਦਮ ਨੋਟ ਹੁੰਦਾ ਸੀ। ਮੈਂ ਪਹਿਲਾਂ ਪਹਿਲ ਕਾਲਜ ਨੂੰ ਬਾਈਸਾਈਕਲ ਤੇ ਜਾਇਆ ਕਰਾਂ। ਜੇ ਕਾਲਜ ਦੇ ਨੇੜੇ ਅਧਿਆਪਕ ਸਾਥੀ ਪੈਦਲ ਕਾਲਜ ਨੂੰ ਜਾਂਦਾ ਹੋਵੇ ਤਾਂ ਕੋਸ਼ਿਸ਼ ਕਰਿਆ ਕਰਾਂ ਕਿ ਬਾਈਸਾਈਕਲ ਤੋਂ ਉਤਰ ਕੇ ਉਹਦੇ ਨਾਲ ਪੈਦਲ ਕਾਲਜ ਦੇ ਵਿੱਚ ਦਾਖਲ ਹੋਵਾਂ। ਬਾਈਸਾਈਕਲ ਤੇ ਹੀਣ ਭਾਵਨਾ ਵਾਲੇ ਕੰਪਲੈਕਸ ਤੋਂ ਛੁਟਕਾਰਾ ਪਾਉਣ ਲਈ ਕਈ ਵਾਰ ਪਿੱਛੋਂ ਪਿੰਡ ਤੋਂ ਤਾਂ ਬਾਈਸਾਈਕਲ ਤੇ ਆ ਜਾਣਾ ਕਾਲਜ ਦੇ ਨੇੜੇ ਆ ਕੇ ਸ਼ਹਿਰ ਵਿੱਚ ਕਿਸੇ ਦੁਕਾਨ ਤੇ ਬਾਈਸਾਈਕਲ ਰੱਖ ਦੇਣਾ ਤੇ ਫਿਰ ਪੈਦਲ ਤੁਰ ਕੇ ਕਾਲਜ ਦੇ ਵਿੱਚ ਦਾਖਲ ਹੋਣਾ। ਨੇੜੇ ਰਹਿੰਦੇ ਕਈ ਪ੍ਰੋਫੈਸਰ ਪੈਦਲ ਹੀ ਕਾਲਜ ਨੂੰ ਜਾਇਆ ਕਰਦੇ ਸਨ। ਇੱਥੋਂ ਤੱਕ ਕਿ ਉਦੋਂ ਦਾ ਸਾਡਾ ਪ੍ਰਿੰਸੀਪਲ ਵੀ ਆਲੇ ਦੁਆਲੇ ਕੁਦਰਤ ਦੇ ਨਜ਼ਾਰੇ ਦਾ ਆਨੰਦ ਮਾਣਦੇ ਹੋਏ ਫਿਲਾਸਫਰਾਂ ਵਾਂਗ ਪੈਦਲ ਹੀ ਕਾਲਜ ਨੂੰ ਆਇਆ ਕਰਦਾ ਸੀ। ਪ੍ਰਿੰਸੀਪਲ ਨੇ ਜਮਾਤਾਂ ਵਿੱਚ ਅੰਗਰੇਜ਼ੀ ਕਵੀ ਵਿਲੀਅਮ ਵਰਡਜ਼ਵਰਥ ਪੜ੍ਹਾਉਣਾ ਤੇ ਪੈਦਲ ਤੁਰਿਆ ਹੋਇਆ ਕੁਦਰਤ ਦੇ ਨਜ਼ਾਰੇ ਮਾਣਦਾ ਹੋਇਆ ਉਹ ਵਿਦਿਆਰਥੀਆਂ ਨੂੰ ਇਸ ਕੁਦਰਤ ਦੇ ਪੁਜਾਰੀ ਕਵੀ ਦਾ ਸਕਾ ਸਬੰਧੀ ਲੱਗਿਆ ਕਰਦਾ ਸੀ।

ਸ਼ਹਿਰ ਵਿੱਚ ਪੀ. ਡਬਲਿਊ. ਡੀ ਮਹਿਕਮੇ ਦਾ ਇੱਕ ਓਵਰਸੀਅਰ ਮੇਰੇ ਕਾਫੀ ਨੇੜੇ ਆ ਗਿਆ। ਉਸ ਪਾਸ ਬਜਾਜ ਸਕੂਟਰ ਹੁੰਦਾ ਸੀ। ਉਹ ਮੇਰੇ ਇਸ ਕਰਕੇ ਨੇੜੇ ਆਇਆ ਕਿਉਂਕਿ ਮੈਂ ਅੰਗਰੇਜ਼ੀ ਦਾ ਪ੍ਰੋਫੈਸਰ ਸਾਂ। ਅੰਗਰੇਜ਼ੀ ਵਾਲਿਆਂ ਦਾ ਉਦੋਂ ਪੰਜਾਬ ਵਿੱਚ ਆਪਣਾ ਹੀ ਰੋਅਬ ਹੁੰਦਾ ਸੀ। ਇੰਝ ਕਰਨ ਨਾਲ ਉਸਦਾ ਕਦੀ ਕਦੀ ਕਾਲਜ ਗੇੜਾ ਮਾਰਨ ਦਾ ਜੁਗਾੜ ਵੀ ਬਣ ਜਾਂਦਾ ਸੀ। ਸ਼ਹਿਰ ਦੇ ਜਵਾਨ ਕਰਮਚਾਰੀ ਭਾਵੇਂ ਉਹ ਵਕੀਲ ਹੋਣ, ਓਵਰਸੀਅਰ ਹੋਣ, ਬੈਂਕ ਮੁਲਾਜ਼ਮ ਹੋਣ, ਸਕੂਲਾਂ ਤੇ ਅਧਿਆਪਕ ਹੋਣ, ਬੀਮਾ ਮਹਿਕਮੇ ਦੇ ਹੋਣ -- ਸਭ ਕਾਲਜ ਵਿੱਚ ਕੋਈ ਠਾਹਰ ਬਣਾ ਕੇ ਉਸ ਪਾਸ ਗੇੜਾ ਮਾਰਨ ਦੀ ਤਮੰਨਾ ਰੱਖਦੇ ਹੀ ਹੁੰਦੇ ਸਨ। ਇੱਕ ਹੋਰ ਤਬਕਾ ਕਾਲਜਾਂ ਵਿੱਚ ਅਕਸਰ ਗੇੜਾ ਮਾਰਦਾ ਹੁੰਦਾ ਸੀ। ਉਹ ਸਨ ਇੰਗਲੈਂਡ ਤੇ ਕੈਨੇਡਾ ਤੋਂ ਪੰਜਾਬ ਗੇੜਾ ਮਾਰਨ ਆਏ ਚੋਬਰ ਜਿਹੜੇ ਸੋਹਣੇ ਸੋਹਣੇ ਕੱਪੜੇ ਪਾ ਕੇ, ਬਾਹਾਂ ਵਿੱਚ ਮੋਟੇ ਮੋਟੇ ਕੜੇ ਪਾ ਕੇ, ਗਲਾਂ ਵਿੱਚ ਸੋਨੇ ਦੀਆਂ ਭਾਰੀਆਂ ਚੈਨੀਆ ਪਾ ਕੇ ਕਾਲਜ ਵਿੱਚ ਕਿਸੇ ਨੂੰ ਮਿਲਣ ਆਉਣ ਦਾ ਜੁਗਾੜ ਲੱਭਿਆ ਕਰਦੇ ਸਨ। ਉਹਨਾਂ ਦਾ ਅਸਲ ਮਕਸਦ ਕੋਈ ਕੁੜੀ ਚਿੜੀ ਲੱਭ ਕੇ ਵਿਆਹ ਕਰਵਾਉਣਾ ਹੁੰਦਾ ਸੀ। ਹਾਂ, ਮੈਂ ਓਵਰਸੀਅਰ ਦੀ ਗੱਲ ਕਰ ਰਿਹਾ ਸੀ। ਇਹ ਓਵਰਸੀਅਰ ਮੇਰੇ ਇੰਨਾਂ ਨੇੜੇ ਆ ਗਿਆ ਸੀ ਕਿ ਮੇਰੀ ਇੱਛਾ ਮੁਤਾਬਕ ਮੈਨੂੰ ਸਕੂਟਰ ਸਿਖਾਉਣ ਲੱਗ ਪਿਆ। ਉਸ ਤੋਂ ਨਿਰੰਤਰ ਸਿਖਲਾਈ ਲੈ ਕੇ ਜਿਸ ਦਿਨ ਮੈਂ ਸਕੂਟਰ ਚਲਾਉਣਾ ਸਿੱਖ ਗਿਆ ਉਸ ਦਿਨ ਮੇਰੀ ਖੁਸ਼ੀ ਦੀ ਕੋਈ ਹੱਦ ਨਾ ਰਹੀ। ਫਿਰ ਮੈਂ ਇੱਕ ਦਿਨ ਉਸ ਨੂੰ ਬੇਨਤੀ ਕੀਤੀ ਕਿ ਉਹ ਮੈਨੂੰ ਆਪਣਾ ਸਕੂਟਰ ਇੱਕ ਦਿਨ ਲਈ ਪਿੰਡ ਲੈ ਕੇ ਜਾਣ ਦੇਵੇ। ਮੈਂ ਚਾਹੁੰਦਾ ਸਾਂ ਮੇਰੇ ਪਿੰਡ ਦੇ ਲੋਕ (ਖਾਸ ਕਰਕੇ ਮੇਰੇ ਸ਼ਰੀਕ) ਮੈਨੂੰ ਸਕੂਟਰ ਚਲਾਉਂਦੇ ਨੂੰ ਦੇਖਣ। ਮੇਰਾ ਇਹ ਓਵਰਸੀਅਰ ਮਿੱਤਰ ਮੈਨੂੰ ਸਮਝਾਈ ਜਾਵੇ, "ਜਦ ਸਕੂਟਰ ਘਰ ਖੜਾ ਕਰੋਗੇ ਤਾਂ ਤੇਲ ਇਵੇਂ ਬੰਦ ਕਰੀਦਾ ਏ। ਜੇ ਤੇਲ ਬੰਦ ਨਾ ਕਰੋ ਤਾਂ ਇਹ ਮੇਰਾ ਪੁਰਾਣਾ ਸਕੂਟਰ ਕਈ ਵਾਰ ਸਵੇਰੇ ਓਵਰ ਵੀ ਹੋ ਜਾਂਦਾ ਏ। ਨਵਿਆਂ ਦੀ ਗੱਲ ਹੋਰ ਹੁੰਦੀ ਏ। ਇਹਦੀ ਕਲੱਚ ਦੀ ਤਾਰ ਕੁਝ ਕਮਜ਼ੋਰ ਏ। ਸਹਿਜੇ ਸਹਿਜੇ ਗੇਅਰ ਪਾ ਕੇ ਲੈ ਜਾਣਾ, ਕਿਤੇ ਤਾਰ ਹੀ ਟੁੱਟ ਨਾ ਜਾਵੇ। ਮੈਂ ਕੱਲ ਪਰਸੋਂ ਇਹ ਤਾਰ ਨਵੀਂ ਪੁਆਵਾਂਗਾ। ਤੇਲ ਇਹਦੇ ਵਿੱਚ ਹੈ। ਸ਼ਾਮ ਨੂੰ ਕਿਤੇ ਦੂਰ ਚਲਾਉਣ ਲੈ ਗਏ ਤਾਂ ਇਹ ਮੁੱਕ ਵੀ ਸਕਦਾ ਹੈ।" ਮੈਂ ਉਹਨੂੰ ਯਕੀਨ ਦਵਾਇਆ ਕਿ ਮੈਂ ਸਿਰਫ ਪਿੰਡ ਤੱਕ ਪੰਜ ਕਿਲੋਮੀਟਰ ਹੀ ਜਾਣਾ ਹੈ, ਹੋਰ ਮੈਂ ਕਿਤੇ ਨਹੀਂ ਜਾਣਾ। ਮੇਰਾ ਸਕੂਟਰ ਤੇ ਇਕੱਲੇ ਤਾਂ ਆਜ਼ਾਦ ਤੌਰ ਤੇ ਪਿੰਡ ਨੂੰ ਜਾਣਾ ਮੈਨੂੰ ਇਨੀ ਖੁਸ਼ੀ ਦੇ ਗਿਆ ਜਿੰਨੀ ਮੈਨੂੰ ਬਾਅਦ ਵਿੱਚ ਕਿਸੇ ਵੀ ਵਾਹਨ ਚਲਾਉਣ ਨਾਲ ਨਹੀਂ ਮਿਲੀ। ਪਿੰਡ ਦੇ ਲੋਕ ਮੇਰੇ ਬਾਰੇ ਮਾੜਾ ਮਾੜਾ ਸੋਚਣ ਲੱਗ ਪਏ ਕਿ ਮੁੰਡਾ ਹੁਣ ਸ਼ਹਿਰੀ ਬਣਦਾ ਜਾ ਰਿਹਾ ਏ ਤੇ ਬੜੇ ਜੋੜਾਂ ਵਿੱਚ ਹੋ ਗਿਆ ਹੈ। ਪਿੰਡਾਂ ਵਿੱਚ ਉਦੋਂ ਬਹੁਤ ਘੱਟ ਸਕੂਟਰ ਸਨ। ਜਦ ਸੰਨ 58 ਦੇ ਕਰੀਬ ਬਾਈਸਾਈਕਲ ਪਿੰਡਾਂ ਵਿੱਚ ਪਹੁੰਚਿਆ ਤਾਂ ਮੇਰੇ ਪਿੰਡ ਦੇ ਗਿਆਨੀ ਟਹਿਲ ਸਿੰਘ ਨੇ ਪਹਿਲਾ ਬਾਈਸਾਈਕਲ ਲਿਆਂਦਾ ਸੀ। ਗਿਆਨੀ ਪੈਦਲ ਤੁਰਦਾ ਬਾਈ ਸਾਈਕਲ ਨੂੰ ਹੱਥਾਂ ਨਾਲ ਫੜ੍ਹ ਕੇ ਪਿੰਡ ਦੇ ਬਾਹਰ ਪੈਂਦੇ ਖੇਡ ਦੇ ਮੈਦਾਨ ਵਿੱਚ ਲਿਜਾਇਆ ਕਰਦਾ ਸੀ। ਉਸਦੇ ਪਿੱਛੇ ਪਿੱਛੇ ਤੁਰੀ ਜਾਂਦੀ ਪਿੰਡ ਦੀ ਮੰਡੀਰ ਬੜੀ ਹੈਰਾਨ ਹੁੰਦੀ ਸੀ ਤੇ ਕਹਿੰਦੀ ਹੁੰਦੀ ਸੀ, "ਗਿਆਨੀ ਲੋਹੇ ਦਾ ਘੋੜਾ ਲਿਆਇਆ ਹੈ।" ਗਿਆਨੀ ਪਿਛਲੀ ਸੀਟ ਤੇ ਬੈਠ ਕੇ ਇਸਨੂੰ ਚਲਾਉਣਾ ਸਿੱਖਦਾ ਹੁੰਦਾ ਸੀ। ਵਾਪਸ ਲਿਆ ਕੇ ਇਸ ਦੇ ਰਿੰਮਾਂ ਨੂੰ ਮਿੱਟੀ ਦਾ ਤੇਲ ਲਗਾ ਕੇ ਇਸਨੂੰ ਕਿੱਲੀ ਤੇ ਟੰਗ ਦਿਆ ਕਰਦਾ ਸੀ। ਉੱਪਰ ਚਾਦਰ ਦੇ ਦਿਆ ਕਰਦਾ ਸੀ ਤਾਂ ਕਿ ਇਸ ਤੇ ਕੱਚੇ ਘਰ ਦਾ ਘੱਟਾ ਨਾ ਪਵੇ। ਇਸਦੇ ਡੰਡਿਆਂ ਉੱਤੇ ਲਿਪਟੇ ਕਾਗਜ਼ ਨੂੰ ਉਸਨੇ ਕਈ ਮਹੀਨੇ ਉਤਾਰਿਆ ਹੀ ਨਹੀਂ ਸੀ। ਫਿਰ ਮੈਂ ਆਪਣੇ ਓਵਰਸੀਅਰ ਦੋਸਤ ਨੂੰ ਵਿੱਚ ਪਾ ਕੇ ਪਹਿਲਾਂ ਬਜਾਜ ਸਕੂਟਰ ਖਰੀਦਿਆ। ਮੇਰੀ ਖੁਸ਼ੀ ਦੀ ਹੱਦ ਨਾ ਰਹੀ। ਮਿੱਤਰ ਕਹਿਣ ਲੱਗਾ, "ਬਜਾਜ ਪੁਰਾਣੇ ਵੀ ਠੀਕ ਹੀ ਰਹਿ ਜਾਂਦੇ ਹਨ। ਇਹ ਘੱਟ ਹੀ ਖਰਾਬ ਹੁੰਦੇ ਹਨ। ਤੇਰਾ ਕਾਲਜ ਜਾਣ ਦਾ ਕੰਮ ਆਰਾਮ ਨਾਲ ਸਾਰੀ ਜਾਊ।" ਕਾਲਜ ਨੂੰ ਸਕੂਟਰ ਤੇ ਜਾਣ ਨੇ ਮੇਰੀ ਹੀਣ ਭਾਵਨਾ ਜੜ੍ਹੋਂ ਹੀ ਪੁੱਟ ਦਿੱਤੀ। ਪਹਿਲਾਂ ਮੈਂ ਕਾਲਜ ਨੂੰ ਜਾਣ ਸਮੇਂ ਭਾਰਾ ਭਾਰਾ ਮਹਿਸੂਸ ਕਰਿਆ ਕਰਦਾ ਸੀ। ਉਦੋਂ ਚੈਨ ਆਉਣਾ ਜਦ ਸਟਾਫ ਰੂਮ ਤੱਕ ਪਹੁੰਚ ਜਾਣਾ। ਹੁਣ ਸਕੂਟਰ ਕੋਲ ਹੋਣ ਕਰਕੇ ਕਈ ਵਾਰ ਕਾਲਜ ਨੂੰ ਜਾਣ ਦਾ ਦਿਲ ਕਰਿਆ ਕਰੇ। ਇੱਥੋਂ ਤੱਕ ਕਿ ਵਿਹਲੇ ਪੀਰੀਅਡ ਵਿੱਚ ਸਕੂਟਰ ਚੱਕ ਕੇ ਸ਼ਹਿਰ ਵੱਲ ਗੇੜਾ ਮਾਰਨ ਆ ਜਾਣਾ। ਕਾਲਜ ਵਿੱਚ ਮੁੰਡਿਆਂ ਦੇ ਟੌਹਰ ਪ੍ਰਤੀ ਵਰਤਾਰੇ ਤੇ ਵਰਤਾਓ ਵੀ ਦੇਖਣ ਵਾਲੇ ਹੁੰਦੇ ਸਨ। ਕਈ ਵਾਰ ਵੱਡੇ ਘਰਾਂ ਦੇ ਕਾਕੇ ਪ੍ਰੋਫੈਸਰਾਂ ਦੇ ਅਕਸਰ ਨੇੜੇ ਵੀ ਆ ਜਾਇਆ ਕਰਦੇ ਸਨ। ਐਨ. ਐਸ. ਐਸ ਦੇ ਮੁੰਡੇ ਕੁੜੀਆਂ ਦੇ ਸਾਂਝੇ ਕੈਂਪ ਦੌਰਾਨ ਇੱਕ ਮੁੰਡੇ ਗੁੱਡੂ ਨੇ ਪ੍ਰੋਫੈਸਰ ਇੰਚਾਰਜ ਦਾ ਮੋਟਰਸਾਈਕਲ ਮੰਗ ਕੇ ਇੱਕ ਅੱਧ ਵਾਰ ਜ਼ਰੂਰ ਬਾਜ਼ਾਰ ਲੈ ਕੇ ਜਾਣਾ ਤਾਂ ਕਿ ਕੁੜੀਆਂ ਤੇ ਆਪਣਾ ਪ੍ਰਭਾਵ ਪਾਇਆ ਜਾ ਸਕੇ। ਅੰਗਰੇਜ਼ੀ ਨਿਬੰਧ ਲੇਖਕ ਸਟੀਫਨ ਲੀਕਾਕ ਕਹਿੰਦਾ ਹੈ:- 'Men behave differently when women are around. ਖੇਡ ਦੇ ਮੈਦਾਨ ਵਿੱਚ ਖਿਡਾਰੀਆਂ ਦੇ ਖੇਡਣ ਦੇ ਤਰੀਕੇ ਵਿੱਚ ਕੁਦਰਤੀ ਸੁਧਾਰ ਤੇ ਜੋਸ਼ ਆ ਜਾਇਆ ਕਰਦਾ ਸੀ ਜੇ ਲੜਕੀਆਂ ਉਹਨਾਂ ਦੀ ਖੇਡ ਦੇਖ ਰਹੀਆਂ ਹੋਣ।

ਯੂਨੀਵਰਸਿਟੀ ਕੈਂਪਸ ਚੰਡੀਗੜ੍ਹ ਪੜ੍ਹਦੇ ਸਮੇਂ ਮੈਨੂੰ ਇਹ ਹੀਣ ਭਾਵਨਾ ਪ੍ਰੋਫੈਸਰਾਂ ਵਿੱਚ ਨਜ਼ਰ ਨਹੀਂ ਆਈ। ਉੱਥੇ ਪ੍ਰੋਫੈਸਰ ਸਭਰਵਾਲ ਸਾਹਿਬ, ਪ੍ਰੋਫੈਸਰ ਹਰੀਸ਼ ਚੰਦਰ, ਪ੍ਰੋਫੈਸਰ ਬਲਦੇਵ ਰਾਜ ਆਦਿ ਅਕਸਰ ਸਾਈਕਲ ਤੇ ਡਿਪਾਰਟਮੈਂਟ ਨੂੰ ਆਇਆ ਕਰਦੇ ਸਨ। ਉੱਥੇ ਸਾਈਕਲਿੰਗ ਫੈਸ਼ਨ ਵੀ ਸੀ। ਜੇ ਕੋਈ ਪ੍ਰੋਫੈਸਰ ਦੋ ਤਿੰਨ ਵਾਰ ਕਾਰ ਤੇ ਆ ਜਾਵੇ ਤੇ ਫਿਰ ਦੋ ਕੁ ਦਿਨ ਬਾਈਸਾਈਕਲ ਤੇ ਆ ਜਾਵੇ ਤਾਂ ਇੰਜ ਲੱਗਦਾ ਸੀ ਜਿਵੇਂ ਉਹ ਮਨਮੌਜੀ ਹੋਵੇ। ਉਹ ਮਜਬੂਰੀ ਵਸ ਬਾਈਸਾਈਕਲ ਚਲਾਉਂਦਾ ਨਹੀਂ ਲੱਗਦਾ ਸੀ। ਅਮੀਰ ਵਿਦਿਆਰਥੀ ਕੰਨ ਚੁੱਕ ਕੇ ਵੀ ਨਹੀਂ ਦੇਖਦੇ ਸਨ ਕਿ ਕੋਈ ਅਧਿਆਪਕ ਕਿਵੇਂ ਆਉਂਦਾ ਹੈ। ਮੈਂ ਇੱਕ ਹੋਰ ਪ੍ਰਸਥਿਤੀ ਤੇ ਵੀ ਹੈਰਾਨ ਹੋਇਆ ਕਰਦਾ ਸਾਂ ਕਿ ਮੇਰੇ ਹੋਸਟਲ ਨੰਬਰ ਦੋ ਦੇ ਤਿੰਨ ਬਲਾਕ ਦੇ ਕਮਰਾ ਨੰਬਰ ਸੈਂਤੀ ਦੇ ਬਿਲਕੁਲ ਨੇੜਿਓ ਪ੍ਰਸਿੱਧ ਨਾਟਕਕਾਰ ਬਲਵੰਤ ਗਾਰਗੀ ਦੀ ਗੋਰੀ ਜਨਾਨੀ ਜੈਨੀ ਗਾਰਗੀ ਆਪਣੇ ਬਾਈਸਾਈਕਲ ਦੀ ਪਿਛਲੀ ਸੀਟ ਤੇ ਆਪਣੇ ਮੁੰਡੇ ਮਨੂ ਗਾਰਗੀ ਨੂੰ ਬਿਠਾ ਕੇ ਤਕਰੀਬਨ ਹਰ ਰੋਜ਼ ਯੂਨੀਵਰਸਿਟੀ ਵੱਲ ਨੂੰ ਜਾਇਆ ਕਰਦੀ ਸੀ। ਜੇ ਗਾਰਗੀ ਆਪ ਹਮੇਸ਼ਾ ਕਾਰ ਤੇ ਇੱਧਰ ਉੱਧਰ ਜਾਂਦਾ ਸੀ ਤਾਂ ਜੈਨੀ ਹਮੇਸ਼ਾ ਸਾਈਕਲਿੰਗ ਕਰਨਾ ਪਸੰਦ ਕਰਦੀ ਹੁੰਦੀ ਸੀ। ਛੋਟੇ ਸ਼ਹਿਰਾਂ ਤੇ ਕਸਬਿਆਂ ਦੇ ਮਾਹੌਲ ਦਾ ਚੰਡੀਗੜ੍ਹ ਦੇ ਮਾਹੌਲ ਨਾਲੋਂ ਬਹੁਤ ਫਰਕ ਸੀ। ਜਿਹੜਾ ਵਾਹਨ ਛੋਟੇ ਕਸਬਿਆਂ ਵਿੱਚ ਮਨੁੱਖ ਵਿੱਚ ਹੀਣ ਭਾਵਨਾ ਪੈਦਾ ਕਰਦਾ ਸੀ ਉਹੀ ਵਾਹਨ ਚੰਡੀਗੜ੍ਹ ਵਿੱਚ ਅਕਸਰ ਫੈਸ਼ਨ ਹੁੰਦਾ ਸੀ ਜਾਂ ਕਸਰਤ ਦਾ ਸ੍ਰੋਤ ਹੁੰਦਾ ਸੀ।

ਇੱਕ ਵਾਰ ਮੈਂ ਹਰਿਆਣੇ ਦੇ ਕਰਨਾਲ ਇਲਾਕੇ ਵਿੱਚ ਆਪਣੇ ਇੱਕ ਮਿੱਤਰ ਨੂੰ ਮਿਲਣ ਗਿਆ। ਉਹ ਮਿੱਤਰ ਮੈਨੂੰ ਕਰਨਾਲ ਦੀਆਂ ਕਚਹਿਰੀਆਂ ਵੱਲ ਲੈ ਤੁਰਿਆ ਕਿਉਂਕਿ ਉਸਨੂੰ ਉੱਥੇ ਕੋਈ ਕੰਮ ਸੀ। ਜਾਂਦੇ ਜਾਂਦੇ ਪਿੱਛੋਂ ਇੱਕ ਕਾਰ ਆਈ ਤੇ ਸਾਡੇ ਪਾਸ ਆ ਕੇ ਰੁਕ ਗਈ।

"ਭਾਈ ਸਾਹਿਬ, ਮੈਨੂੰ ਮਿਲਣ ਜਾ ਰਹੇ ਹੋ ? ਆਓ ਗੱਡੀ ਵਿੱਚ ਬੈਠੋ। ਪੈਦਲ ਕਿਉਂ ਤੁਰੇ ਜਾਂਦੇ ਹੋ ?"

"ਆਏ ਤਾਂ ਤੁਹਾਨੂੰ ਮਿਲਣ ਹੀ ਹਾਂ। ਔਹ 500 ਮੀਟਰ ਤੇ ਤਾਂ ਕਚਹਿਰੀਆਂ ਹਨ। ਅਸੀਂ ਸੋਚਿਆ ਕਿਹੜਾ ਦੂਰ ਜਾਣਾ ਏ, ਪੈਦਲ ਹੀ ਤੁਰ ਚਲਦੇ ਹਾਂ। ਤੁਸੀਂ ਵੀ ਤਾਂ ਕਚਹਿਰੀਆਂ ਤੋਂ ਸੱਤ ਅੱਠ ਸੌ ਮੀਟਰ ਦੂਰ ਹੀ ਰਹਿੰਦੇ ਹੋ। ਇੰਨੀ ਘੱਟ ਦੂਰੀ ਤੈਅ ਕਰਨ ਲਈ ਕਾਰ ਖਿੱਚੀ ਫਿਰਦੇ ਹੋ ? ਇੰਨਾ ਕੁ ਪੈਦਲ ਤਾਂ ਹਰ ਬੰਦੇ ਨੂੰ ਤੁਰਨਾ ਹੀ ਚਾਹੀਦਾ ਏ", ਮੇਰੇ ਸਾਥੀ ਸੰਧੂ ਨੇ ਉਸ ਦੀ ਗੱਡੀ ਵਿੱਚ ਬੈਠਦਿਆਂ ਹੀ ਉਸ ਨੂੰ ਇਹ ਸਵਾਲ ਕਰ ਦਿੱਤਾ।

"ਸੰਧੂ ਸਾਹਿਬ, ਇਹ ਜ਼ਮੀਨਾਂ ਦੇ ਵੱਡੇ ਵੱਡੇ ਰਕਬਿਆਂ ਦੇ ਮਾਲਕ ਵਿਰਕਾਂ ਦਾ ਇਲਾਕਾ ਏ। ਜੇ ਮੈਂ ਪੈਦਲ ਤੁਰ ਕੇ ਕਚਹਿਰੀ ਜਾਵਾਂ ਤਾਂ ਇਹ ਭੈਣ ਦੇ ਦੀਨੇ ਝੱਟ ਮੂੰਹ ਪਾੜ ਕੇ ਤਾਹਨਾ ਮਾਰ ਦਿੰਦੇ ਹਨ, 'ਉਹ ਦੇਖ ਲਓ ਨੰਗ ਵਕੀਲ ਕਚਹਿਰੀ ਨੂੰ ਪੈਦਲ ਤੁਰ ਕੇ ਜਾ ਰਿਹਾ ਏ। ਇਹ ਸਾਡੇ ਕੇਸ ਦੀ ਕੀ ਵਕਾਲਤ ਕਰੂ ?' ਇਹਨਾਂ ਦੇ ਤਾਹਨੇ ਮੇਹਣਿਆਂ ਤੋਂ ਬਚਣ ਲਈ ਮੈਂ ਅੱਧਾ ਪੌਣਾ ਕਿਲੋਮੀਟਰ ਸਫਰ ਵੀ ਕਾਰ ਤੇ ਹੀ ਤੈਅ ਕਰਦਾ ਹਾਂ। ਸਾਡਾ ਕਿੱਤਾ ਹੀ ਤਾਂ ਚੱਲਦਾ ਏ ਜੇ ਪੂਰੀ ਟੌਹਰ ਨਾਲ ਅਦਾਲਤ ਨੂੰ ਜਾਈਏ। ਪੈਦਲ ਤੁਰ ਕੇ ਅਦਾਲਤ ਤੋਂ ਜਾਣ ਵਾਲੇ ਵਕੀਲਾਂ ਨੂੰ ਇਹ ਆਪਣੇ ਕੇਸ ਹੀ ਨਹੀਂ ਦਿੰਦੇ।"

ਸਿਡਨੀ ਵਿੱਚ ਮੇਰੇ ਘਰ ਦੇ ਨੇੜੇ ਪੈਸੇਫਿਕ ਮੈਡੀਕਲ ਸੈਂਟਰ ਹੈ। ਇਸ ਵਿੱਚ ਤਕਰੀਬਨ ਵੀਹ ਡਾਕਟਰ ਹਨ। ਇਹ ਸਾਰੇ ਦੇ ਸਾਰੇ ਏਸ਼ੀਅਨ ਦੇਸ਼ਾਂ ਦੇ ਹਨ -- ਕੋਈ ਸ਼੍ਰੀ ਲੰਕਨ ਹੈ, ਕੋਈ ਭਾਰਤੀ ਹੈ, ਕੋਈ ਪਾਕਿਸਤਾਨੀ ਹੈ, ਕੋਈ ਅਫਗਾਨੀ ਹੈ, ਕੋਈ ਜਪਾਨੀ ਹੈ, ਕੋਈ ਮੀਆਂਮਾਰ ਦਾ ਹੈ, ਕੋਈ ਇਰਾਨ ਦਾ ਹੈ, ਕੋਈ ਮਲੇਸ਼ੀਆ ਦਾ ਏ ਆਦਿ। ਏਸ਼ੀਅਨ ਦੇਸ਼ਾਂ ਵਿੱਚ ਡਾਕਟਰ ਬਣਨਾ ਠੁੱਕ ਦਾ ਕੰਮ ਸਮਝਿਆ ਜਾਂਦਾ ਏ। ਭਾਰਤ ਜਿਹੇ ਦੇਸ਼ ਵਿੱਚ ਡਾਕਟਰਾਂ ਦੀ ਆਪਣੀ ਹੀ ਟੋਹਰ ਹੁੰਦੀ ਏ। ਮਾਪੇ ਸਾਰਾ ਜ਼ੋਰ ਲਗਾ ਕੇ ਬੱਚਿਆਂ ਨੂੰ ਡਾਕਟਰੀ ਦੇ ਕੋਰਸ ਕਰਵਾਉਣ ਲਈ ਤਿਆਰ ਕਰਦੇ ਹਨ। ਜੇ ਆਸਟ੍ਰੇਲੀਆ ਵਿੱਚ ਸਕੂਲਾਂ ਦੇ ਬੱਚਿਆਂ ਨੂੰ ਸਵਾਲ ਕਰੋ ਕਿ ਉਹ ਜ਼ਿੰਦਗੀ ਵਿੱਚ ਕੀ ਬਣਨਾ ਚਾਹੁੰਦੇ ਹਨ ਤਾਂ ਜਵਾਬ ਅਜੀਬ ਕਿਸਮ ਦੇ ਮਿਲਦੇ ਹਨ। ਮੈਂ ਸੰਨ 2009 ਵਿੱਚ ਇੱਕ ਸਕੂਲ ਵਿੱਚ ਦਸਵੀਂ ਜਮਾਤ ਦੇ ਬੱਚਿਆਂ ਨੂੰ ਪੁੱਛਿਆ ਕਿ ਉਹ ਜੀਵਨ ਵਿੱਚ ਕੀ ਬਣਨਾ ਚਾਹੁੰਦੇ ਹਨ ? ਬੱਚਿਆਂ ਨੇ ਹੱਥ ਖੜੇ ਕਰ ਦਿੱਤੇ। ਮੈਂ ਸਭ ਤੋਂ ਲਾਇਕ ਦੋ ਬੱਚਿਆਂ ਸਾਈਮਨ ਤੇ ਫਿਲਿਪ ਨੂੰ ਪੁੱਛਿਆ ਕਿ ਉਹ ਕੀ ਬਣਨਾ ਚਾਹੁੰਦੇ ਹਨ ਤਾਂ ਇੱਕ ਦਾ ਜਵਾਬ ਸੀ 'ਪਲੰਬਰ' ਦੂਜੇ ਦਾ ਜਵਾਬ ਸੀ 'ਕਾਰਪੈਂਟਰ'। ਜੇ ਭਾਰਤ ਵਿੱਚ ਖਾਸ ਕਰਕੇ ਪੰਜਾਬ ਵਿੱਚ ਬੱਚੇ ਕਹਿ ਦੇਣ ਕਿ ਉਹ ਪਲੰਬਰ ਤੇ ਕਾਰਪੈਂਟਰ ਬਣਨਾ ਚਾਹੁੰਦੇ ਹਨ ਮਾਪੇ ਉਹਨਾਂ ਦਾ ਜੀਣਾ ਦੁੱਭਰ ਕਰ ਦੇਣ। ਮੈਂ ਦੇਖਿਆ ਹੈ ਕਿ ਗੋਰੇ ਹਰ ਕੰਮ ਨੂੰ ਹੀ ਟੌਹਰ ਟੱਪੇ ਵਾਲਾ ਬਣਾ ਲੈਂਦੇ ਹਨ। ਇੱਕ ਗੋਰਾ ਕਹਿੰਦਾ ਐਮ. ਬੀ. ਬੀ. ਐਸ ਕਰਨ ਲਈ ਹੈਕਸ (HECS) ਤੇ ਪੈਲਜ਼ (PELS) ਸਕੀਮ ਤਹਿਤ ਵਿਦਿਆਰਥੀ ਨੂੰ ਸਰਕਾਰ ਤੋਂ ਕਈ ਲੱਖ ਡਾਲਰ ਕਰਜਾ ਲੈਣਾ ਪੈਂਦਾ ਹੈ। ਡਾਕਟਰ ਬਣ ਜਾਣ ਤੋਂ ਬਾਅਦ ਇਹ ਕਰਜਾ ਉਸ ਦੀ ਤਨਖਾਹ

ਵਿੱਚੋਂ ਕੱਟੇ ਜਾ ਰਹੇ ਟੈਕਸ ਚੋਂ ਵਾਪਸ ਮਿਲਣ ਵਾਲੀ ਰਾਸ਼ੀ ਵਿੱਚੋਂ ਕੱਟ ਹੁੰਦਾ ਰਹਿੰਦਾ ਹੈ। ਕੀ ਫਾਇਦਾ ਐਡੇ ਵੱਡੇ ਕਰਜਾਈ ਹੋਣ ਦਾ? ਇਸ ਤੋਂ ਤਾਂ ਇਹ ਬਿਹਤਰ ਹੈ ਕਿ ਬਾਰਵੀਂ ਜਮਾਤ ਕਰਕੇ ਕਿਸੇ ਟੇਫ ਕਾਲਜ ਤੋਂ ਕੋਈ ਦੋ ਕੁ ਸਾਲਾ ਡਿਪਲੋਮਾ ਕਰਕੇ ਪੈਸੇ ਕਮਾਉਣ ਲੱਗ ਜਾਣਾ ਚਾਹੀਦਾ ਹੈ।' ਗੋਰੇ ਦਰੱਖਤ ਕੱਟਣ (Tree climbing and pruning), ਕੁੱਤਿਆਂ ਦਾ ਸ਼ਿੰਗਾਰ ਤੇ ਕੇਅਰ (Dogs grooming), ਡਾਕੀਆ ਬਣਨ, ਕੋਰੀਅਰ ਬੁਆਏ ਬਣਨ, ਟਰੱਕ ਚਾਲਕ ਬਣਨ, ਸਕਿਉਰਟੀ ਕਰਨ, ਰਾਜ ਮਿਸਤਰੀ ਬਣਨ, ਨਕਸ਼ਾਨਵੀਸ ਬਣਨ (Cartograher) ਆਦਿ ਨੂੰ ਵੀ ਮਾੜੇ ਕਿੱਤੇ ਨਹੀਂ ਸਮਝਦੇ। ਕੀ ਭਾਰਤ ਜਿਹੇ ਦੇਸ਼ ਵਿੱਚ ਇੱਕ ਡਾਕਟਰ ਆਪਣੀ ਕੁਰਸੀ ਤੋਂ ਉੱਠ ਕੇ ਬਾਹਰ ਜਾ ਕੇ ਮਰੀਜ਼ ਨੂੰ ਅੰਦਰ ਲਿਆਉਂਦਾ ਹੈ? ਕਿ ਭਾਰਤ ਜਿਹੇ ਦੇਸ਼ਾਂ ਵਿੱਚ ਸਕੂਲ ਜਾਂ ਕਾਲਜ ਦਾ ਪ੍ਰਿੰਸੀਪਲ ਆਪਣੀ ਸੀਟ ਤੋਂ ਉੱਠ ਕੇ ਬਾਹਰ ਜਾ ਕੇ ਉਹਨਾਂ ਲੋਕਾਂ ਨੂੰ ਅੰਦਰ ਸੱਦ ਕੇ ਲਿਆਉਂਦਾ ਹੈ ਜੋ ਉਸਨੂੰ ਮਿਲਣ ਲਈ ਆਏ ਬੈਠੇ ਹਨ? ਭਾਰਤ ਵਿੱਚ ਇੰਜ ਕਰਨਾ ਅਫਸਰ ਦੇ ਟੌਹਰ ਟੱਪੇ ਦੇ ਖਿਲਾਫ ਸਮਝਿਆ ਜਾਂਦਾ ਹੈ ਪਰੰਤੂ ਆਸਟਰੇਲੀਆ ਵਿੱਚ ਇੰਜ ਕਰਨਾ ਕਸਟਮਰ ਸਰਵਿਸ ਦਾ ਹਿੱਸਾ ਮੰਨਿਆ ਜਾਂਦਾ ਹੈ।

ਇੱਕ ਵਾਰ ਮੈਂ ਆਪਣੇ ਕਾਲਜ ਦੇ ਨਵੇਂ ਬਣੇ ਪ੍ਰਿੰਸੀਪਲ ਦੇ ਘਰ ਕਿਸੇ ਕੰਮ ਗਿਆ। ਉਸਦੀ ਘਰਵਾਲੀ ਵੀ ਕਿਸੇ ਕਾਲਜ ਦੀ ਲੈਕਚਰਾਰ ਸੀ ਪਰ ਸੀ ਬੜੀ ਮੂੰਹ ਫੁੱਟ। ਮੈਂ ਦੋ ਹਫਤੇ ਲਈ ਦੁਬਈ ਜਾਣਾ ਸੀ। ਇਸ ਲਈ ਮੈਨੂੰ ਦੋ ਹਫਤੇ ਦੀ ਛੁੱਟੀ ਚਾਹੀਦੀ ਸੀ। ਮੈਂ ਸਾਹਿਬ ਦੇ ਘਰ ਬੈਠਾ ਛੁੱਟੀ ਲਈ ਬੇਨਤੀ ਕਰੀ ਜਾਵਾਂ ਉਹ ਮੈਨੂੰ ਕਹੀ ਜਾਵੇ — "ਇਸ ਵਾਰ ਆਪਾਂ ਯੁਵਕ ਮੇਲੇ ਦੇ ਮੇਜ਼ਬਾਨ ਹਾਂ। ਤੁਸੀਂ ਸੱਭਿਆਚਾਰ ਗਤੀਵਿਧੀ ਦੇ ਇੰਚਾਰਜ ਹੋ। ਤਿਆਰੀ ਜ਼ੋਰਾਂ ਤੇ ਚੱਲ ਰਹੀ ਏ। ਛੱਡੋ ਦੁਬਈ ਦਾ ਚੱਕਰ। ਮੇਲੇ ਤੋਂ ਬਾਅਦ ਦੇਖੀ ਜਾਊ।" ਮੈਂ ਮਿੰਨਤ ਕੀਤੀ, "ਸਾਹਿਬ ਜੀ, ਦੁਬਈ ਵਿੱਚ ਅਗਲੇ ਮਹੀਨੇ ਇੱਕ ਮੇਲਾ ਲੱਗਦਾ ਹੈ। ਮੇਰਾ ਰਿਸ਼ਤੇਦਾਰ ਲੜਕਾ ਉੱਥੇ ਇੱਕ ਪੰਜ ਤਾਰਾ ਹੋਟਲ ਵਿੱਚ ਆਪਰੇਸ਼ਨ ਮੈਨੇਜਰ ਹੈ। ਉਸਨੇ ਦੋ ਹਫਤੇ ਦਾ ਵੀਜ਼ਾ ਭੇਜ ਦਿੱਤਾ। ਕਹਿੰਦਾ 'ਜਾ ਆਓ। ਕੁਝ ਸਮਾਨ ਖਰੀਦ ਕੇ ਲੈ ਜਾਓ। ਬੜਾ ਸਸਤਾ ਏ। ਇਸ ਲਈ ਮੇਰਾ ਜਾਣਾ ਬਹੁਤ ਜਰੂਰੀ ਹੈ।' ਸਾਡੀ ਇਝ ਵਾਰਤਾਲਾਪ ਚੱਲ ਰਹੀ ਸੀ ਕਿ ਪ੍ਰਿੰਸੀਪਲ ਦੇ ਘਰ ਵਾਲੀ ਖੁਦ ਹੀ ਚਾਹ ਦੇ ਦੋ ਕੱਪ ਲੈ ਕੇ ਆ ਟਪਕੀ। ਕਹਿਣ ਲੱਗੀ, ਕਿਹਨਾ ਵਿਚਾਰਾ ਵਿੱਚ ਪਏ ਹੋਏ ਹੋ? ਅਵਤਾਰ ਕੀ ਮਸਲਾ ਏ?" ਮੈਂ ਕਿਹਾ, "ਮਸਾਂ ਦੋ ਹਫਤੇ ਦਾ ਵੀਜ਼ਾ ਮਿਲਿਆ ਹੈ। ਸਾਹਿਬ, ਛੁੱਟੀ ਦੇਣ ਲਈ ਨਹੀਂ ਮੰਨ ਰਹੇ?" ਮੈਡਮ ਬੋਲੀ, "ਅਵਤਾਰ, ਤੂੰ ਜਾਹ। ਮੈਂ ਤੇਰੇ ਥਾਂ ਡਿਊਟੀ ਦੇ ਦਵਾਂਗੀ। ਮੈਂ ਜਾਣਦੀ ਹਾਂ ਤੇਰੇ ਸਾਹਿਬ ਨੂੰ। ਜਦ ਆਪਣੀ ਮਨਵਾਉਣੀ ਹੋਵੇ ਤਾਂ ਭਿੱਜੀ ਬਿੱਲੀ ਵਾਂਗ ਮਿਆਊਂ ਮਿਆਊਂ ਕਰਦੇ ਹੁੰਦੇ ਨੇ। ਪੰਜ ਮਹੀਨੇ ਪਹਿਲਾਂ ਤੁਹਾਡੇ ਕਾਲਜ ਵਿੱਚ ਪ੍ਰਿੰਸੀਪਲ ਬਣੇ। ਬੱਸ ਤੇ ਜਾਣ ਨੂੰ ਤਿਆਰ ਨਹੀਂ ਹਨ। ਰੋਜ਼ ਸ਼ਾਮ ਨੂੰ ਇਹੀ ਰਾਗ ਅਲਾਪਦੇ ਰਹਿੰਦੇ ਹਨ ਕਿ ਪ੍ਰਿੰਸੀਪਲ ਕਾਲਜ ਨੂੰ ਕਾਰ ਤੇ ਜਾਵੇ ਤਾਂ ਹੀ ਚੰਗਾ ਲੱਗਦਾ ਹੈ। ਹਾਰ ਕੇ ਔਖੇ ਹੋ ਕੇ ਪੈਸਿਆਂ ਦਾ ਪ੍ਰਬੰਧ ਕਰਕੇ ਕਾਰ ਖਰੀਦਣੀ ਪਈ। ਹੁਣ ਅਗਲੇ ਹਫਤੇ ਤੋਂ ਕਾਰ ਤੇ ਕਾਲਜ ਨੂੰ ਜਾਇਆ ਕਰਨਗੇ।" ਘਰਵਾਲੀ ਦੀਆਂ ਕਰਾਰੀਆਂ ਕਰਾਰੀਆਂ ਸੁਣ ਕੇ ਪ੍ਰਿੰਸੀਪਲ ਸੁਸਰੀ ਵਾਂਗ ਸੌਂ ਗਿਆ। ਜਾਹਰ ਸੀ ਮੇਰੀ ਛੁੱਟੀ ਮਨਜ਼ੂਰ ਹੋ ਗਈ ਸੀ।

ਮੇਰੇ ਇਲਾਕੇ ਦੇ ਇੱਕ ਹੋਰ ਕਾਲਜ ਦਾ ਇੱਕ ਨਵਾਂ ਬਣਿਆ ਪ੍ਰਿੰਸੀਪਲ ਬੱਸ ਤੇ ਕਾਲਜ ਨੂੰ ਜਾਇਆ ਕਰੇ। ਕਾਲਜ ਦੀ ਕਮੇਟੀ ਦਾ ਪ੍ਰਧਾਨ, ਬੜਾ ਅਮੀਰ ਬੰਦਾ ਸੀ। ਉਸਨੇ 1995 ਵਿੱਚ ਕਾਲਜ ਨੂੰ ਪੱਚੀ ਲੱਖ ਰੁਪਏ ਦਾਨ ਦਿੱਤੇ ਸਨ। ਪ੍ਰਧਾਨ ਨੂੰ ਪ੍ਰਿੰਸੀਪਲ ਦਾ ਬੱਸ ਤੇ ਕਾਲਜ ਨੂੰ ਆਉਣਾ ਚੰਗਾ ਨਾ ਲੱਗੇ। ਇੱਕ ਦਿਨ ਪ੍ਰਧਾਨ ਸਾਹਿਬ ਪਾਸ ਦਫਤਰ ਵਿੱਚ ਆਇਆ ਤੇ ਕਹਿਣ ਲੱਗਾ, "ਸਰ, ਅਸੀਂ ਨਹੀਂ ਚਾਹੁੰਦੇ ਕਿ ਸਾਡਾ ਪ੍ਰਿੰਸੀਪਲ ਕਾਲਜ ਨੂੰ ਬੱਸ ਤੇ ਆਵੇ। ਜਿਹਾ ਰੁਤਬਾ ਹੈ, ਉਹੋ ਜਿਹਾ ਰੋਅਬ ਦਾਅਬ ਵੀ ਚਾਹੀਦਾ ਹੈ। ਤੁਸੀਂ ਕਾਰ ਖਰੀਦ ਲਓ, ਤੇਲ ਕਮੇਟੀ ਪੁਆ ਦਿਆ ਕਰੂ।" ਸ਼ਰਮਿੰਦੇ ਹੋਏ ਪ੍ਰਿੰਸੀਪਲ ਨੂੰ ਆਖਰ ਕੌੜਾ ਘੁੱਟ ਭਰਨਾ ਹੀ ਪਿਆ। ਜੇ ਟੌਹਰ ਟੱਪਾ ਮਨੁੱਖ ਦਾ ਰੋਅਬ ਵਧਾਉਂਦਾ ਹੈ ਤਾਂ ਇਹ ਕਈ ਵਾਰ ਝੁੱਗਾ ਚੌੜ ਵੀ ਕਰਵਾ ਦਿੰਦਾ ਏ। ਜਰਾ ਬਚ ਕੇ ਮੋੜ ਤੋਂ!!

...ਤੇ ਜਦੋਂ ਬੋਲ ਪਈ ਇਮਾਨਦਾਰੀ



ਤਾਇਆ ਜੀ ਅਤੇ ਪਿਤਾ ਜੀ ਦੇ ਤੁਰ ਜਾਣ ਮਗਰੋਂ ਸਾਡੇ ਚਾਚਾ ਜੀ ਦਾ ਤੁਰ ਜਾਣਾ, ਸਾਡੇ ਸਿਰੋਂ ਪਹਿਲੀ ਪੀੜ੍ਹੀ ਦਾ ਸਾਇਆ ਖ਼ਤਮ ਹੋਣ ਵਾਲੀ ਗੱਲ ਹੋਈ ਹੈ। ਮੇਰੇ ਅਨਪੜ੍ਹ ਦਾਦਾ ਜੀ ਨੇ ਅਜ਼ਾਦੀ ਤੋਂ ਪਹਿਲਾਂ ਬੇਹੱਦ ਅਣਸੁਖਾਵੀਆਂ ਹਾਲਤਾਂ 'ਚ ਵੀ ਆਪਣੇ ਤਿੰਨਾਂ ਪੁੱਤਰਾਂ ਨੂੰ ਮੈਟ੍ਰਿਕ ਤੱਕ ਪੜ੍ਹਾਇਆ ਸੀ। ਤਾਇਆ ਜੀ ਭਾਰਤੀ ਰੇਲਵੇ, ਪਿਤਾ ਜੀ ਖ਼ੁਫ਼ੀਆ ਪੁਲਿਸ 'ਚ ਅਤੇ ਚਾਚਾ ਜੀ ਭਾਰਤੀ ਫ਼ੌਜ 'ਚ ਭਰਤੀ ਹੋਏ ਸਨ। ਸਕੂਲੀ ਪੜ੍ਹਾਈ ਦੇ ਨਾਲ-ਨਾਲ ਦਾਦਾ ਜੀ ਨੇ ਇਮਾਨਦਾਰੀ ਨਾਲ ਸਖ਼ਤ ਮਿਹਨਤ ਦਾ ਜਿਹੜਾ ਪਾਠ ਪੜ੍ਹਾਇਆ ਸੀ ਉਹ ਸਾਡੇ ਖ਼ਾਨਦਾਨ ਦਾ ਬੀਜ ਮੰਤਰ ਬਣਿਆ। ਉਨ੍ਹਾਂ ਦੇ ਤਿੰਨੇ ਪੁੱਤਰਾਂ ਦੇ ਨਾਲ-ਨਾਲ ਅਸੀਂ ਤੀਸਰੀ ਪੀੜ੍ਹੀ ਨੇ ਵੀ ਇਸ 'ਤੇ ਅਮਲ ਕਰਨ ਦੀ ਕੋਸ਼ਿਸ਼ ਕੀਤੀ। ਚਾਚਾ ਜੀ ਕੈਪਟਨ ਰੈਂਕ ਤੋਂ ਰਿਟਾਇਰ ਹੋਣ ਉਪਰੰਤ ਆਖ਼ਰੀ ਪੋਸਟਿੰਗ ਵਾਲੇ ਸ਼ਹਿਰ ਲਖਨਊ ਵਿੱਚ ਹੀ ਪੱਕੇ ਤੌਰ 'ਤੇ ਵਸ ਗਏ ਸਨ। ਉਨ੍ਹਾਂ ਦੀ ਇਮਾਨਦਾਰੀ ਤੇ ਸਖ਼ਤ ਮਿਹਨਤ ਦੇ ਕਈ ਅਜਿਹੇ ਕਿੱਸੇ ਚੇਤੇ ਆ ਰਹੇ ਹਨ, ਜਿਹੜੇ ਮੇਰੇ ਲਈ ਸਾਰੀ ਉਮਰ ਰਾਹਦਸੇਰੇ ਬਣੇ ਰਹੇ। ਸਾਡੇ ਖ਼ਾਨਦਾਨ ਹੀ ਨਹੀਂ ਸਗੋਂ ਆਲੇ-ਦੁਆਲੇ ਦੇ ਦਰਜ਼ਨਾਂ ਪਿੰਡਾਂ'ਚੋਂ ਮੈਂ ਪਹਿਲਾ ਲੜਕਾ ਸੀ, ਜਿਸਨੇ ਐੱਮਐੱਸਸੀ ਕੀਤੀ ਸੀ। ਚਾਚਾ ਜੀ ਹਮੇਸ਼ਾ ਇਹ ਕਹਿ ਕੇ ਮੈਨੂੰ ਹੋਰ ਉੱਚੀ ਪੜ੍ਹਾਈ ਕਰਨ ਲਈ ਪ੍ਰੇਰਦੇ ਰਹੇ, 'ਬੇਟਾ ਪੈਸੇ ਦੀ ਫ਼ਿਕਰ ਨਹੀਂ ਕਰਨੀ, ਮੈਂ ਹਾਂ ਨਾ, ਮੈਂ ਤੇਰੀ ਹਰ ਤਰ੍ਹਾਂ ਨਾਲ ਮਦਦ ਕਰਾਂਗਾ।' ਉਨ੍ਹਾਂ ਨੇ 1965 ਅਤੇ 1971 ਦੀਆਂ ਦੋਵੇਂ ਜੰਗਾਂ 'ਚ ਹਿੱਸਾ ਲਿਆ ਸੀ। ਉਨ੍ਹਾਂ ਨੂੰ ਆਪਣੀ ਡਿਊਟੀ 'ਤੇ ਵਿਲੱਖਣ ਕਾਰਗੁਜਾਰੀ ਲਈ ਰਾਸ਼ਟਰਪਤੀ ਵਲੋਂ ਇਮਾਨਦਾਰੀ ਦਾ ਪ੍ਰਮਾਣ-ਪੱਤਰ ਵੀ ਜਾਰੀ ਹੋਇਆ ਸੀ। ਸ਼ਾਇਦ ਬਜੁਰਗਾਂ ਦੇ ਅਸ਼ੀਰਵਾਦ ਸਦਕਾ ਮੈਨੂੰ ਵੀ ਰਾਸ਼ਟਰਪਤੀ ਡਾਕਟਰ ਏਪੀਜੇ ਕਲਾਮ ਜੀ ਹੱਥੋਂ 'ਕ੍ਰੀਏਟਿਵ ਟੀਚਰ' ਵਜੋਂ ਸਨਮਾਨਤ ਹੋਣ ਦਾ ਸੁਭਾਗ ਹਾਸਿਲ ਹੋਇਆ ਸੀ। ਚਾਚਾ ਜੀ ਦਾ ਇਕ ਬੇਟਾ ਕੈਂਸਰ ਸਪੈਸ਼ੇਲਿਸਟ ਹੈ ਅਤੇ ਦੂਸਰਾ ਮਾਹਿਰ ਇੰਜੀਨੀਅਰ।

ਇਹ ਗੱਲ ਮੇਰੇ ਚੇਤਿਆਂ ਦੇ ਸ਼ਿਲਾਲੇਖ ਵਾਂਗ ਉਕਰੀ ਪਈ ਹੈ। ਉਦੋਂ ਮੈਂ ਅੱਠਵੀਂ ਦੇ ਪੇਪਰ ਦਿੱਤੇ ਸਨ। ਚਾਚਾ ਜੀ ਬੀਜਾਈ ਦੇ ਸੀਜਨ 'ਚ ਦੋ ਮਹੀਨੇ ਦੀ ਛੁੱਟੀ ਪਿੰਡ ਆਏ ਹੋਏ ਸਨ। ਪਹਾੜੀ ਪਿੰਡਾਂ 'ਚ ਖੇਤੀ ਪੂਰੀ ਤਰ੍ਹਾਂ ਬਾਰਿਸ਼ 'ਤੇ ਨਿਰਭਰ ਕਰਦੀ ਸੀ। ਬੱਤ ਪੈਣ 'ਤੇ ਜ਼ਮੀਨ ਵੱਤਰ ਆਉਂਦਿਆਂ ਹੀ ਲਗਭਗ 40 ਕਨਾਲ 'ਚ ਮੱਕੀ ਬੀਜ ਦਿੱਤੀ ਗਈ ਸੀ। ਗੋਡੀ ਵੀ ਮੁਕੰਮਲ ਹੋਣ ਮਗਰੋਂ ਹਲੋਡ ਕਰਨਾ ਰਹਿੰਦਾ ਸੀ। ਬਰਖਾ ਦਾ ਨਾਮੋਨਿਸ਼ਾਨ ਨਹੀਂ ਸੀ। ਔੜ ਨਾਲ ਸਾਰੇ ਇਲਾਕੇ ਦੀ ਮੱਕੀ ਦੀ ਫ਼ਸਲ ਸੁੱਕ ਕੇ ਖ਼ਤਮ ਹੋ ਰਹੀ ਸੀ। ਸਾਰਿਆਂ ਨੇ ਸੀਨੇ 'ਤੇ ਸਬਰ ਦਾ ਪੱਥਰ ਰੱਖ ਲਿਆ ਸੀ ਕਿ ਐਤਕੀਂ ਸਾਉਣੀ ਦੀ ਫ਼ਸਲ ਮਾਰੀ ਗਈ ਹੈ ਪਰ ਚਾਚਾ ਜੀ ਦੇ ਉਦਮੀ ਦਿਮਾਗ਼ ਨੇ ਯੋਜਨਾ ਬਣਾਈ। ਪਿੰਡ ਦਾ ਟੋਭਾ ਸਾਡੇ ਖੇਤਾਂ ਤੋਂ ਲਗਭਗ ਦੋ-ਢਾਈ ਕਿਲੋਮੀਟਰ ਦੂਰ ਸੀ। ਉਨ੍ਹਾਂ ਨੇ ਵੱਡੀ ਖਾਲੀ ਟੈਂਕੀ ਖੇਤ 'ਚ ਰੱਖ ਲਈ, ਘਰ ਦੇ ਮੈਂਬਰਾਂ ਨੂੰ ਦੋ ਟੋਲੀਆਂ 'ਚ ਵੰਡ ਲਿਆ। ਇਕ ਟੋਲੀ ਟੋਭੇ ਤੋਂ ਸਿਰਾਂ 'ਤੇ ਗਾਗਰਾਂ 'ਚ ਪਾਣੀ ਢੋਅ ਕੇ ਟੈਂਕੀ ਭਰਦੀ ਤੇ ਦੂਸਰੀ ਟੋਲੀ ਇੱਕਲੇ-ਇਕੱਲੇ ਬੂਟੇ ਨੂੰ ਡੱਬੇ ਨਾਲ ਪਾਣੀ ਪਾ ਕੇ ਸਿੰਜਦੀ। ਰਾਤ ਸਮੇਂ ਟੈਂਕੀ ਨੂੰ ਭਰ ਲਿਆ ਜਾਂਦਾ ਤੇ ਦਿਨੇਂ ਸਿੰਜਾਈ ਦਾ ਕੰਮ ਸ਼ੁਰੂ ਹੋ ਜਾਂਦਾ। ਚਾਚਾ ਜੀ ਦੀ ਇਸ ਜਿੱਦ ਤੋਂ ਸਾਰੇ ਬਹੁਤ ਤੰਗ ਸਨ ਪਰ ਉਹ ਆਪਣੀ ਜਿੱਦ 'ਤੇ ਅੜੇ ਰਹੇ। ਆਖ਼ਿਰ ਦੱਸਵੇਂ ਦਿਨ ਉਨ੍ਹਾਂ ਦੀ ਇਸ ਤਪੱਸਿਆ ਅੱਗੇ ਇੰਦਰ ਦੇਵਤਾ ਨੂੰ ਵੀ ਝੁਕਣਾ ਪਿਆ ਤੇ ਟੁੱਟ ਕੇ ਮੀਂਹ ਵਰ੍ਹਿਆ। ਫ਼ਸਲ ਲਹਿਰਾ ਉੱਠੀ ਸੀ। ਉਸ ਸਾਲ ਸਿਰਫ਼ ਸਾਡੇ ਹੀ ਖੇਤਾਂ'ਚ ਮੱਕੀ ਦੀ ਫ਼ਸਲ ਹੋਈ ਸੀ। ਦੂਸਰੀ ਅਹਿਮ ਘਟਨਾ ਹੈ ਜੰਗਲੀ ਜਾਨਵਰਾਂ ਕਰਕੇ ਸਾਡੇ ਪਿੰਡਾਂ ਦੀ ਖੇਤੀ ਬਰਬਾਦ ਹੋ ਚੁੱਕੀ ਸੀ। ਚਾਚਾ ਜੀ ਨੇ ਆਪਣੇ ਹਿੱਸੇ ਦੀ ਖਾਲੀ ਪਈ ਜ਼ਮੀਨ 'ਤੇ ਦਾਦਾ ਜੀ ਦੀ ਯਾਦ 'ਚ ਮੰਦਿਰ ਅਤੇ ਲੜਕੀਆਂ ਲਈ ਪ੍ਰਾਈਵੇਟ ਆਈਟੀਆਈ ਖੋਲ੍ਹਣ ਲਈ ਨਾਲ ਲੱਗਦੇ ਸ਼ਰੀਕਾਂ ਦੀ ਦਹਾਕਿਆਂ ਤੋਂ ਬੇਕਾਰ ਪਈ ਜ਼ਮੀਨ ਸਸਤੇ ਭਾਅ ਖਰੀਦ ਲਈ। ਰਜਿਸਟਰੀ ਹੋ ਗਈ। ਇੰਤਕਾਲ ਹੋਣਾ ਬਾਕੀ ਸੀ। ਅਚਾਨਕ ਉਸ ਥਾਂ ਦਾ ਉੱਚਾ ਸਰਕਾਰੀ ਰੇਟ ਦੇਖ ਕੇ ਦੂਸਰੀ ਧਿਰ ਦੇ ਪੁਤੱਰਾਂ ਦਾ ਦਿਲ ਬੇਈਮਾਨ ਹੋ ਗਿਆ। ਉਨ੍ਹਾਂ ਨੇ ਤਹਿਸੀਲਦਾਰ ਨੂੰ ਸ਼ਿਕਾਇਤ ਕਰ ਕੇ ਇੰਤਕਾਲ ਰੋਕ ਦਿੱਤਾ ਕਿ ਚਾਚਾ ਜੀ ਨੇ ਬਿਨਾ ਕੋਈ ਪੈਸਾ ਦਿੱਤਿਆਂ ਉਨ੍ਹਾਂ ਦੇ ਉਮਰ ਦਰਾਜ਼ ਅਲਜ਼ਾਈਮਰ ਦੇ ਰੋਗੀ ਬਜੁਰਗ ਤੋਂ ਧੋਖੇ ਨਾਲ ਰਜਿਸਟਰੀ ਕਰਾ ਲਈ ਹੈ। ਅਦਾਲਤ 'ਚ ਕੇਸ ਚੱਲ ਪਿਆ। ਚਾਚਾ ਜੀ ਲਖਨਊ ਤੋਂ ਹਰੇਕ ਪੇਸ਼ੀ 'ਤੇ ਪੁੱਜਦੇ। ਰਜਿਸਟਰੀ ਵਾਲੇ ਦਿਨ ਮੈਂ ਆਪਣੇ ਅਕਾਉਂਟ 'ਚੋਂ ਪੈਸੇ ਕਢਾ ਕੇ ਦੇਣ ਕਰਕੇ ਚਾਚਾ ਜੀ ਦਾ ਗਵਾਹ ਬਣਿਆ ਸੀ। ਸਾਡਾ ਵਕੀਲ ਕਹਿੰਦਾ ਕਿ ਅਸੀਂ ਅਦਾਲਤ 'ਚ ਸਾਬਿਤ ਕਰਾਂਗੇ ਕਿ ਅਸੀਂ ਸਰਕਾਰੀ ਰੇਟਾਂ ਮੁਤਾਬਕ ਹੀ ਦੂਸਰੀ ਧਿਰ ਨੂੰ ਸਾਰੀ ਅਦਾਇਗੀ ਕੀਤੀ ਹੈ। ਚਾਚਾ ਜੀ ਅੜ ਗਏ, ਨਹੀਂ ਅਸੀਂ ਜੋ ਅਸਲ ਸੌਦਾ ਹੋਇਆ ਹੈ ਉਹੀ ਸਾਬਿਤ ਕਰਨਾ ਹੈ। ਜ਼ਬਾਨੀ ਸੌਦਾ ਹੋਣ ਕਰਕੇ ਕੋਈ ਲਿਖਤ ਪੜ੍ਹਤ ਤਾਂ ਹੋਈ ਨਹੀਂ ਸੀ। ਤਰੀਕਾਂ 'ਤੇ ਤਰੀਕਾਂ ਪੈਣ ਲੱਗੀਆਂ। ਚਾਚਾ ਜੀ ਦੀ ਐਕਸੀਡੈਂਟ ਕਰਕੇ ਲੱਤ ਟੁੱਟ ਗਈ। ਉਹ ਪਲੱਸਤਰ ਲੱਗਾ ਹੋਣ ਤੇ ਵੀ ਰੇਲਗੱਡੀ ਰਾਹੀਂ ਦੋ ਦਿਨ ਦਾ ਸਫ਼ਰ ਕਰਕੇ ਮਿੱਥੇ ਦਿਨ ਅਦਾਲਤ ਪੁੱਜ ਜਾਂਦੇ। ਸਾਡੇ ਵਾਰ-ਵਾਰ ਕਹਿਣ ਦੇ ਬਾਵਜੂਦ ਦੋਵੇਂ ਵਕੀਲ ਹਰ ਵਾਰ ਨਵੀਂ ਤਰੀਕ ਲੈ ਲੈਂਦੇ। ਸਾਡਾ ਵਕੀਲ ਹਰ ਵਾਰੀ ਅਗਲੀ ਫੀਸ ਦੀ ਮੰਗ ਕਰਨ ਲੱਗਦਾ। ਕੇਸ ਗਵਾਹੀ ਤੇ ਵੀ ਨਹੀਂ ਸੀ ਪੁੱਜਾ। ਉਨ੍ਹੀਂ ਦਿਨੀਂ ਮੇਰੀ ਰੀੜ੍ਹ ਦੀ ਹੱਡੀ 'ਚ ਨੁਕਸ ਪੈਣ ਕਰਕੇ ਬੈਲਟ ਬੰਨ੍ਹ ਕੇ ਚੱਲ ਹੁੰਦਾ। ਚਾਚਾ ਜੀ ਦਾ ਗੇੜਾ ਅਜਾਈਂ ਜਾਂਦਾ। ਸਾਨੂੰ ਵਕੀਲਾਂ ਦੀ ਮਨਸ਼ਾ ਸਾਫ਼ ਨਜ਼ਰ ਆ ਰਹੀ ਸੀ। ਅਸੀਂ ਸਲਾਹ ਕੀਤੀ ਕੇ ਸਾਨੂੰ ਆਪਣਾ ਵਕੀਲ ਬਦਲ ਲੈਣਾ ਚਾਹੀਦਾ ਹੈ। ਉਸ ਦਿਨ ਵੀ ਮਿਥੀ ਤਰੀਕ ਨੂੰ ਸਾਡੇ ਅਦਾਲਤ ਵਿੱਚ ਪੁੱਜਣ ਤੋਂ ਪਹਿਲਾਂ ਹੀ ਤਰੀਕ ਲੈ ਲਈ ਗਈ ਸੀ। ਚਾਚਾ ਜੀ ਆਪੇ ਤੋਂ ਬਾਹਰ ਹੋ ਗਏ। ਉਹ ਮੈਨੂੰ ਨਾਲ ਲੈ ਕੇ ਸਿੱਧੇ ਜੱਜ ਅੱਗੇ ਪੇਸ਼ ਹੋ ਗਏ। ਉਨ੍ਹਾਂ ਨੇ ਆਪਣੀ ਪਲੱਸਤਰ ਵਾਲੀ ਲੱਤ ਵੱਲ ਇਸ਼ਾਰਾ ਕਰਦਿਆਂ ਕਿਹਾ, ਜਨਾਬ ਮੈਂ ਇਸ ਹਾਲਤ 'ਚ ਤਰੀਕ 'ਤੇ ਲਖਨਊ ਤੋਂ ਪੁੱਜਾਂ ਹਾਂ, ਮੇਰਾ ਗਵਾਹ ਰੀੜ੍ਹ ਦੀ ਹੱਡੀ ਵਿੱਚ ਨੁਕਸ ਹੋਣ ਦੇ ਬਾਵਜੂਦ ਤੇ ਬੈਲਟ ਬੰਨ੍ਹ ਕੇ ਪੁਜਾ ਹੈ। ਸਾਨੂੰ ਆਵਾਜ਼ ਪੈਣ ਤੋਂ ਪਹਿਲਾਂ ਹੀ ਹਰ ਵਾਰ ਤਰੀਕ ਕਿਵੇਂ ਪੈ ਜਾਂਦੀ ਹੈ? ਕੇਸ ਅੱਗੇ ਵੱਧ ਨਹੀਂ ਰਿਹਾ। ਨੌਜਵਾਨ ਮਹਿਲਾ ਜੱਜ ਨੇ ਮਾਜ਼ਰਾ ਸਮਝਦਿਆਂ ਹੀ ਤੁਰੰਤ ਦੋਵੇਂ ਵਕੀਲਾਂ ਨੂੰ ਸੱਦ ਕੇ ਝਾੜ ਪਾਈ। ਨਵੀਂ ਤਰੀਕ ਰੱਦ ਕੀਤੀ। ਕੇਸ ਦੀ ਫਾਈਲ ਦੇਖੀ। ਚਾਚਾ ਜੀ ਨੇ ਰਾਸ਼ਟਰਪਤੀ ਵਲੋਂ ਮਿਲਿਆ ਇਮਾਨਦਾਰੀ ਦਾ ਸਰਟੀਫਿਕੇਟ ਦਿਖਾਉਂਦਿਆਂ ਜੱਜ ਨੂੰ ਬੇਨਤੀ ਕੀਤੀ, ਮੈਂ ਫੌਜ ਦਾ ਵਫ਼ਾਦਾਰ ਸਿਪਾਹੀ ਰਿਹਾ ਹਾਂ, ਮੈਨੂੰ ਇਮਾਨਦਾਰੀ ਲਈ ਰਾਸ਼ਟਰਪਤੀ ਤੋਂ ਪ੍ਰਮਾਣ ਪਤੱਰ ਪ੍ਰਾਪਤ ਹੋਇਆ ਹੈ। ਮੇਰਾ ਗਵਾਹ ਵੀ ਡਾ. ਕਲਾਮ ਵਲੋਂ ਸਨਮਾਨਤ ਹੈ। ਅਸੀਂ ਬਿਨਾ ਰਕਮ ਦਿੱਤਿਆਂ ਰਜਿਸਟਰੀ ਕਿਵੇਂ ਕਰਾ ਸਕਦੇ ਹਾਂ? ਉਤੋਂ ਇਨ੍ਹਾਂ ਵਕੀਲਾਂ ਵਲੋਂ ਸਾਨੂੰ ਖੱਜਲ ਖ਼ਵਾਰ ਕੀਤਾ ਜਾ ਰਿਹਾ ਹੈ। ਜੱਜ ਨੇ ਚਾਚਾ ਜੀ ਦਾ ਪ੍ਰਮਾਣ ਪੱਤਰ ਦੇਖਿਆ। ਸਾਡੇ ਚਿਹਰਿਆਂ ਤੋਂ ਸੱਚਾਈ ਦੀ ਇਬਾਰਤ ਪੜ੍ਹੀ। ਜੱਜ ਨੇ ਉਸੇ ਸਮੇਂ ਕੇਸ ਨੂੰ ਰੱਦ ਕਰਦਿਆਂ ਇੰਤਕਾਲ ਕਰਨ ਦੇ ਹੁਕਮ ਜਾਰੀ ਕਰ ਦਿੱਤੇ ਸਨ।

ਡਾ. ਧਰਮਪਾਲ ਸਾਹਿਲ



ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

ਸੰਪਰਕ 0437641033 | thepunjabherald1@gmail.com

ਪੰਜਾਬੀ ਸਾਹਿਤਕ ਦਰਬਾਰ ਗਲੈਨਵੁੱਡ ਸਿਡਨੀ ਆਸਟ੍ਰੇਲੀਆ

"ਜਬੁ ਲਗੁ ਦੁਨੀਆ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ"





ਦੁਨੀਆਂ ਦੇ ਰਹਿਬਰ ਗੁਰੂ ਨਾਨਕ ਸਾਹਿਬ ਦੇ ਉਪਰੋਕਤ ਮਹਾਨ ਕਥਨ ਅਨੁਸਾਰ ਗੁਰਦੁਆਰਾ ਸਾਹਿਬ ਗਲੈਨਵੁੱਡ ਦੇ ਸਾਹਿਤਕ ਅਤੇ ਕਲਚਰਲ ਫੋਰਮ ਵੱਲੋਂ ਪੰਜਾਬੀ ਸਾਹਿਤਕ/ਕਲਚਰਲ ਦਰਬਾਰ ਮਿਤੀ 7 ਅਕਤੂਬਰ 2026 ਦਿਨ ਬੁਧਵਾਰ ਨੂੰ ਬਾਬਾ ਬੁਢਾ ਜੀ ਹਾਲ ਵਿਖੇ, ਡਾਇਰੈਕਟਰ ਸਪੋਰਟਸ ਐਂਡ ਕਲਚਰਲ ਸ੍ਰ ਮੱਖਣ ਸਿੰਘ ਹੇਅਰ ਦੇ ਦਿਸਾ ਨਿਰਦੇਸਾਂ ਅਨੁਸਾਰ ਵੱਖ ਵੱਖ ਸਾਹਿਤਕ ਰੰਗ ਬਿਖੇਰਦਾ ਗੁਲਦਸਤਾ ਪੇਸ ਕੀਤਾ ਗਿਆ। ਇਸ ਸਾਹਿਤਕ ਦਰਬਾਰ ਵਿਚ 50 ਤੋਂ ਵੀ ਵੱਧ ਪ੍ਰਸਿੱਧ ਸਾਹਿਤਕਾਰਾਂ ਅਤੇ ਸਰੋਤਿਆਂ ਨੇ ਭਾਗ ਲਿਆ। ਕੁਲ ਮਿਲਾਕੇ 36 ਸਾਹਿਤਕਾਰਾਂ ਨੇ ਆਪਣੇ ਫਨ ਦਾ ਬਾਖੂਬੀ ਮੁਜਾਹਿਰਾ ਕੀਤਾ।

ਇਹ ਸਾਹਿਤਕ ਤੇ ਸੱਭਿਆਚਾਰਕ ਕਵੀ ਦਰਬਾਰ ਪੰਜਾਬੀ ਮਾਂ-ਬੋਲੀ, ਸਾਹਿਤ ਅਤੇ ਸੱਭਿਆਚਾਰ ਪ੍ਰਤੀ ਸਮਰਪਿਤ ਇੱਕ ਯਾਦਗਾਰੀ ਅਤੇ ਪ੍ਰਭਾਵਸਾਲੀ ਸਮਾਗਮ ਹੋ ਨਿਬੜਿਆ। ਸਮਾਗਮ ਦੌਰਾਨ ਕਵੀਆਂ, ਸਾਹਿਤਕਾਰਾਂ ਅਤੇ ਕਲਾ-ਪ੍ਰੇਮੀਆਂ ਨੇ ਆਪਣੀਆਂ ਰਚਨਾਵਾਂ ਰਾਹੀਂ ਪੰਜਾਬੀ ਸਾਹਿਤ ਦੀਆਂ ਵੱਖ-ਵੱਖ ਵੰਨਗੀਆਂ, ਜੀਵਨ-ਮੁੱਲਾਂ, ਸਮਾਜਿਕ ਸਰੋਕਾਰਾਂ ਅਤੇ ਪੰਜਾਬੀ ਵਿਰਸੇ ਦੀ ਸੁੰਦਰ ਝਲਕ ਪੇਸ ਕੀਤੀ। ਰਚਨਾਵਾਂ ਦੇ ਸਬਦਾਂ ਵਿੱਚ ਜਿੱਥੇ ਮਾਂ-ਬੋਲੀ ਪ੍ਰਤੀ ਮੋਹ ਅਤੇ ਵਿਰਸੇ ਨਾਲ ਜੁੜੀ ਸਾਂਝ ਦੀ ਮਹਿਕ ਸੀ, ਉੱਥੇ ਸਮਾਜ ਪ੍ਰਤੀ ਚੇਤਨਾ ਅਤੇ ਮਨੁੱਖੀ ਕਦਰਾਂ-ਕੀਮਤਾਂ ਦਾ ਸੰਦੇਸ ਵੀ ਪ੍ਰਗਟ ਹੋਇਆ। ਹਾਜਰ ਸਰੋਤਿਆਂ ਨੇ ਰਚਨਾਵਾਂ ਨੂੰ ਬੜੇ ਉਤਸਾਹ ਅਤੇ ਸਨੇਹ ਨਾਲ ਸੁਣਿਆ ਅਤੇ ਬੁਲਾਰਿਆਂ ਦੀ ਹੌਸਲਾ-ਅਫਜਾਈ ਕੀਤੀ। ਸਮੁੱਚੇ ਰੂਪ ਵਿੱਚ ਇਹ ਸਾਹਿਤਕ ਅਤੇ ਕਲਚਰਲ ਦਰਬਾਰ ਪੰਜਾਬੀ ਸਾਹਿਤ ਦੀ ਚੇਤਨਾ ਨੂੰ ਪ੍ਰਫੁੱਲਤ ਕਰਨ, ਨਵੀਂ ਪੀੜ੍ਹੀ ਨੂੰ ਆਪਣੀ ਮਾਂ-ਬੋਲੀ ਅਤੇ ਸੱਭਿਆਚਾਰ ਨਾਲ ਜੋੜਨ ਅਤੇ ਪੰਜਾਬੀ ਸਾਹਿਤ ਦੀ ਜੋਤ ਨੂੰ ਵਿਦੇਸੀ ਧਰਤੀ 'ਤੇ ਹੋਰ ਰੌਸਨ ਕਰਨ ਵੱਲ ਇੱਕ ਸਾਰਥਕ ਉਪਰਾਲਾ ਸਾਬਤ ਹੋਇਆ।

ਸਟੇਜ ਸਕੱਤਰ ਜੁਗਿੰਦਰ ਸਿੰਘ ਸੋਹੀ ਨੇ ਸਭਾ ਦੀ ਸੁਰੂਆਤ ਕਰਦਿਆਂ ਬੀਬੀ ਪਰਵਿੰਦਰ ਕੌਰ ਨੂੰ ਸਟੇਜ ਤੇ ਆਉਣ ਦੀ ਬੇਨਤੀ ਕੀਤੀ। ਬੀਬੀ ਜੀ ਨੇ ਗੁਰਬਾਣੀ ਦਾ ਮਿਠਾ ਸਬਦ ਬੋਲਕੇ ਮਾਹੌਲ ਨੂੰ ਆਨੰਦਮਈ ਬਣਾ ਦਿਤਾ :

ਹਰਿ ਜੀਉ ਨਿਮਾਣਿਆ ਤੂ ਮਾਣੁ, ਨਿਚੀਜੀਆ ਚੀਜ ਕਰੇ ਮੇਰਾ ਗੋਵਿੰਦੁ। ਤੇਰੀ ਕੁਦਰਤਿ ਕਉ ਕੁਰਬਾਣੁ।

ਇਸਤੋਂ ਬਾਅਦ ਹਰਬੰਸ ਸਿੰਘ ਮਾਲਵਾ ਨੇ ਆਪਣੀ ਲਿਖੀ ਭਾਵਪੂਰਤ ਕਵਿਤਾ "ਸਬਦ" ਵਾਰੇ ਬੋਲਿਆ :

ਸਬਦ ਹਮੇਸਾ ਰਹਿਣ ਜਾਗਦੇ, ਸਬਦ ਕਦੇ ਨਾ ਸੁੱਤੇ,ਮਲਮ ਬਣਕੇ ਵਿਛ ਜਾਂਦੇ ਨੇ ਅੱਲ੍ਹੇ ਜਖਮਾਂ ਉੱਤੇ।

ਲੇਖਕ ਸੁਖਵਿੰਦਰ ਕੌਰ ਆਹੀ ਨੇ ਕਿਹਾ:

"ਮੈਂ ਅਥਰੇ ਅਤੇ ਮੋਰੇ ਦਰਦ ਵੀ ਅਥਰੇ, ਦੁਨੀਆਂ ਦੇ ਵਿਚ ਮੋਰੇ ਵਾਂਗੂੰ ਇਹ ਵੀ ਇਕੱਲੇ" ਅਤੇ "ਭਾਵੇਂ ਪਹੀਏ ਨੇ ਤਰੱਕੀ ਕਰ ਲਈ ਐ ਪਰ ਬੋਝ ਗਮਾਂ ਦਾ ਸਿਰ ਤੇ ਢੋਣਾ ਪੈਂਦਾ ਏ।

ਮਾਸਟਰ ਲਖਵਿੰਦਰ ਸਿੰਘ ਰਈਆ ਨੇ ਨਸ਼ਿਆਂ ਦੇ ਕੋਹੜ ਤੇ ਫਿਕਰਮੰਦ ਹੁੰਦਿਆਂ ਕਵਿਤਾ ਬੋਲੀ :

ਅਸੀਂ ਪੁਛਿਆ ਕਿਉਂ ਵਿਛਦੇ ਨੇ ਸੱਥਰ, ਕਿਉਂ ਮਮਤਾ ਦੀ ਮੂਰਤ ਬਣਦੀ ਆ ਧੱਥਰ। ਨਸ਼ਿਆਂ ਦਾ ਹਰ ਪਾਸੇ ਫੈਲਾਅ ਹੋ ਗਿਆ, ਕਿਵੇਂ ਰੰਗਲਾ ਪੰਜਾਬ ਤਬਾਹ ਹੋ ਗਿਆ।

ਬੀਬੀ ਭਗਵੰਤ ਕੌਰ ਜੌਹਲ ਨੇ ਕੁਲਦੀਪ ਸਿੰਘ ਜੌਹਲ ਦੀ ਲਿਖੀ ਨਜਮ ਬੋਲਦਿਆਂ ਕਿਹਾ :

ਸੱਚ ਲੱਭਦਾ ਨਹੀਂ ਕਿਸੇ ਇਨਸਾਨ ਵਿਚੋਂ, ਇਸਦਾ ਭੇਤ ਜਾਣੇ ਭਗਵਾਨ ਵਿਚੋਂ। ਜਿਸਨੂੰ ਸਮਝਿਆ ਖਰਾ ਇਨਸਾਨ ਵਿਚੋਂ ਪਰਖਣ ਤੋ ਨਿਕਲਿਆ ਪੂਰਾ ਬੇਈਮਾਨ ਵਿਚੋਂ, ਜੌਹਲ ਦਿਲ ਦੀਆਂ ਕੌਧਾਂ ਵੀ ਢਹਿ ਗਈਆ ਪਰ ਇਹ ਗਮ ਨਹੀਂ ਨਿਕਲੇ 'ਮਕਾਨ' ਵਿਚੋਂ।

ਬੀਬੀ ਦੇਵਿੰਦਰ ਕੌਰ ਸਰਕਾਰੀਆ ਨੇ ਸਿਰਾਂ ਤੋਂ ਆਲੋਪ ਹੋ ਰਹੀ ਚੁੰਨੀ ਦਾ ਦਰਦ ਬਿਆਨਿਆ:

ਚੁਨੀਏਂ ਨੀ ਚੁੰਨੀਏਂ, ਕਿੱਥੇ ਹੁਣ ਹੁੰਨੀ ਏਂ। ਪਹਿਲਾਂ ਸਿਰ ਉਤੋਂ ਲਹੀ ਫੇਰ ਮੱਢਿਆਂ ਤੇ ਪਈ, ਹੁਣ ਕਿਥੇ ਤੁਰ ਗਈ, ਛੱਡ ਨਾ ਜਾਵੀਂ ਸਾਡਾ ਦੇਸ।

ਕੁਲਦੀਪ ਸਿੰਘ ਜੌਹਲ ਨੇ ਰਿਟਾਇਰ ਹੋਣ ਵੇਲੇ ਦਾ ਮੌਕਾ ਏ ਹਾਲਾਤ ਤੇ ਕਵਿਤਾ "ਰਿਟਾਇਰਮੈਂਟ" ਸੁਣਾਈ:

ਸੌਖੀ ਨਹੀਂ ਰਿਟਾਇਰਮੈਂਟ ਦੀ ਮਿਤਰੋ ਉਮਰ ਲੰਘਾਉਣੀ। ਜੇਠ ਹਾੜ ਵਿਚ ਛਿੜਦਾ ਕਾਂਬਾ ਰੁਕਦਾ ਨਹੀਓਂ ਭਾਈ, ਥੋੜੀ ਬਹੁਤ ਬਚਾਕੇ ਰਖਿਉ ਆਪਣੀ ਨੇਕ ਕਮਾਈ।

ਜੁਗਿੰਦਰ ਸਿੰਘ ਸੋਹੀ ਨੇ ਆਪਸੀ ਮਿਲਵਰਤਣ ਤੇ ਜੋਰ ਦਿੰਦਿਆਂ ਆਖਿਆ:

ਥੋੜੇ ਬੰਦੇ ਖਰੇ ਹੁੰਦੇ ਜੁਬਾਨ ਦੇ, ਬਹੁਤੇ ਬੰਦੇ ਸਾਰ ਜਾਂਦੇ ਲਾਰਿਆਂ ਦੇ ਨਾਲ। ਹਰ ਇਕ ਨਾਲ ਬਣਾਕੇ ਰਖੀਏ ਸਮਾਂ ਲੰਘ ਜਾਂਦਾ ਏ ਨਜਾਰਿਆਂ ਦੇ ਨਾਲ।

ਅਵਤਾਰ ਸਿੰਘ ਖਹਿਰਾ ਨੇ ਕਵਿਤਾ 'ਸੱਚ ਤੇ ਝੂਠ' ਸੁਣਾਈ:

ਗੁਰੂਆਂ ਨੇ ਵੀ ਮੋਹਰ ਲਗਾਕੇ ਇਹੋ ਗੱਲ ਕਹੀ, ਕੂੜ ਨਿਖੁਟੇ ਨਾਨਕਾ ਓੜਕਿ ਸਚਿ ਰਹੀ। ਝੂਠ ਸਦਾ ਨੀਂ ਜਿਊਂਦਾ ਰਹਿੰਦਾ ਸੱਚ ਕਦੇ ਨੀ ਮਰਦਾ। ਝੂਠ ਭਾਵੇਂ ਬਲਵਾਨ ਵੀ ਹੋਸੇ ਪਰ ਸੱਚ ਦਾ ਪਾਣੀ ਭਰਦਾ।

ਗੁਰਮੀਤ ਸਿੰਘ ਖਹਿਰਾ ਜਗਰਾਓਂ ਨੇ ਕਿਹਾ:

ਕੁਝ ਬੇਈਮਾਨ ਸਰਕਾਰਾਂ ਨੇ, ਕੁਝ ਕੁਦਰਤ ਦੀਆਂ ਮਾਰਾਂ ਨੇ, ਕੁਝ ਕੁ ਫੋਕੀਆਂ ਟਾਹਰਾਂ ਨੇ। ਬਹੁਤ ਮੱਤ ਪੰਜਾਬ ਦੀ ਮਾਰੀ ਏ, ਉੱਝ ਦੁਨੀਆਂ ਤੇ ਸਾਡੀ ਸਰਦਾਰੀ ਏ।



ਕੁਲਦੀਪ ਸਿੰਘ ਜੌਹਲ

ਸ੍ਰ ਗੁਰਜੰਟ ਸਿੰਘ ਜੌਕਿ ਗੁਰਦੁਆਰਾ ਸਾਹਿਬ ਵਿਖੇ ਲੰਗਰ ਵਿਚ ਬਹੁਤ ਸੇਵਾ ਕਰਦੇ ਹਨ ਨੇ ਸਾਰੇ ਸਰੋਤਿਆਂ ਨੂੰ ਫਤਹਿ ਬੁਲਾਉਂਦਿਆਂ ਧੰਨਵਾਦ ਕੀਤਾ।

ਬੀਬੀ ਰੁਪਿੰਦਰ ਕੌਰ ਨੇ ਆਖਿਆ ਕਿ ਮੈਂ ਭਾਵੇਂ ਪਹਿਲੀ ਵਾਰ ਹਾਜਰੀ ਲਵਾਈ ਹੈ ਪਰ ਮੈਨੂੰ ਇਹ ਕਲਚਰਲ ਪ੍ਰੋਗਰਾਮ ਬਹੁਤ ਹੀ ਸਲਾਘਾਯੋਗ ਲੱਗਿਆ।

ਸਤਨਾਮ ਸਿੰਘ ਨੇ ਕਿਹਾ ਕਿ :

ਜੇ ਖੁਸ ਰੱਖਣਾ ਏਂ ਨੂੰਹ ਨੂੰ ਚੋਪੀ ਲਾ ਲੈ ਮੂੰਹ ਨੂੰ। ਪੇਕੇ ਜਾਣ ਤੋਂ ਰੋਕੀ ਨਾ ਖਾਣ ਪੀਣ ਤੋਂ ਟੋਕੀ ਨਾਂ।

ਸੰਤੋਖ ਸਿੰਘ ਅੱਟਾ ਨੇ ਗਜ਼ਕਵੀਂ ਅਵਾਜ ਵਿਚ ਧਾਰਮਿਕ ਗੀਤ ਇੰਝ ਸੁਣਾਇਆ:

ਸਾਨੂੰ ਗੁੜ੍ਹਤੀ ਦਿੱਤੀ ਅਣਖ ਦੀ ਸਾਡੇ ਗੁਰੂ ਗੋਬਿੰਦ ਸਿੰਘ ਸਰਦਾਰ ਓਇ। ਅਸੀਂ ਸੀਸ ਤਲੀ ਤੇ ਰੱਖਕੇ ਲੜਦੇ ਵਿਚ ਮੈਦਾਨ ਓਇ। ਗੱਲ ਸੁਣ ਓ ਸਰਹੰਦ ਦੇ ਵਜੀਦਿਆ ਤੈਨੂੰ ਕਹਿੰਦੇ ਗੁਰੂ ਗੋਬਿੰਦ ਸਿੰਘ ਦੇ ਲਾਲ ਓਇ।

ਹਰਮੋਹਨ ਸਿੰਘ ਵਾਲੀਆ ਨੇ ਹਾਸਰਸ ਕਵਿਤਾ ਆਲੂ ਅਤੇ ਭਿੰਡੀ ਦੀ ਆਪਸੀ ਨੋਕ ਝੋਕ ਸੁਣਾਕੇ ਸਭ ਦੇ ਢਿੱਡੀਂ ਪੀੜਾਂ ਪਾ ਦਿਤੀਆਂ:

ਪਿਆਰ ਨਾ ਦੇਖੇ ਜਾਤ ਪਾਤ ਇਕ ਦੂਜੇ ਦੇ ਉਤੇ। ਆਲੂ ਦਾ ਦਿਲ ਆ ਗਿਆ ਭਿੰਡੀ ਦੇ ਉਤੇ। ਆਲੂ ਨੇ ਹੌਸਲੇ ਨਾਲ ਭਿੰਡੀ ਨੂੰ ਫੋਨ ਕੀਤਾ। ਭਿੰਡੀ ਇਕ ਦਮ ਗੁਸੇ ਦੇ ਵਿਚ ਆਈ। ਉਸਤਾਦ ਯਮਲਾ ਜੱਟ ਦੇ ਸਗਿਰਦ ਦੇਵਿੰਦਰ ਧਾਰੀਆ ਨੇ ਪੰਜਾਬੀ ਬੋਲੀ ਉਤੇ ਤੂੰਬੀ ਦੇ ਸਾਜ ਤੇ ਗੀਤ ਸੁਣਾਇਆ:

ਜੀਹਨੂੰ ਲੋਕੀ ਕਹਿਣ ਪੰਜਾਬੀ ਪੰਜ ਦਰਿਆ ਦੀ ਬੋਲੀ। ਇਹਦੇ ਇਕ ਇਕ ਅੱਖਰ ਦੇ ਵਿਚ ਕਿਸੇ ਨੇ ਮਿਸਰੀ ਘੋਲੀ।

ਇਹਦੇ ਵਿਚ ਹੀ ਜੱਗ ਦਾ ਨਾਨਕ ਜਪੁਜੀ ਸਾਹਿਬ ਉਚਾਰੇ।

ਭਵਨਜੀਤ ਸਿੰਘ ਜਗਰਾਓਂ ਨੇ ਸਮਾਜਿਕ ਬੁਰਾਈਆਂ ਵਾਰੇ ਬੋਲਦਿਆਂ ਕਿਹਾ:

ਇਥੇ ਬੰਦੇ ਨੂੰ ਬੰਦਾ ਵੱਢੀ ਜਾਂਦਾ ਬਾਂਦਰਾਂ ਨੂੰ ਮਿਲਦੇ ਤਾਜ ਵੇਖੇ। ਇਥੇ ਆਪਣਿਆਂ ਦੀ ਪਿਠ ਤੇ ਵਾਰ ਕਰ ਇਜਤਾਂ ਨੂੰ ਲਾਉਂਦੇ ਦਾਗ ਵੇਖੇ।

ਸਵਰਨ ਸਿੰਘ ਨੇ ਲੋਕ ਗਾਥਾ ਕੀਮਾ ਮਲਕੀ ਸੁਣਾਈ:

ਮਲਕੀ ਖੂਹ ਦੇ ਉਤੇ ਭਰਦੀ ਪਈ ਸੀ ਪਾਣੀ, ਕੀਮਾ ਕੋਲ ਆਕੇ ਬੇਨਤੀ ਗੁਜਾਰੇ। ਲੰਬਾ ਪੈਂਡਾ ਰਾਹੀ ਮਰਗੇ ਨੀ ਪਿਆਸੇ ਛੰਨਾ ਪਾਣੀ ਦਾ ਤੂੰ ਦੇਂਦੇ ਨੀ ਮੁਟਿਆਰੇ।

ਰਿਟਾਇਰਡ ਸੰਸਕ੍ਰਿਤ ਦੇ ਅਧਿਆਪਕ ਨਰਿੰਦਰ ਸਰਮਾ ਖੰਨਾ ਨੇ ਦੱਸਿਆ ਕਿ ਖੰਨੇ ਜਿਸ ਏ ਐਸ ਸੀਨੀਅਰ ਸੈਕੰਡਰੀ ਸਕੂਲ ਖੰਨਾ ਵਿਚ ਉਹ ਪੜਾਉਂਦੇ ਸਨ ਉਥੇ ਭਗਤ ਪੂਰਨ ਸਿੰਘ ਦਾ ਸਾਰਾ ਰਿਕਾਰਡ ਪਿਆ ਹੈ ਅਤੇ ਉਹਨਾਂ ਦੇ ਨਾਮ ਤੇ ਇਕ ਟਰੱਸਟ ਵੀ ਚੱਲ ਰਿਹਾ ਹੈ ਉਹਨਾਂ ਅਗੇ ਕਿਹਾ ਕਿ ਸਾਡਾ ਭੂਤ ਕਾਲ ਨਿਕਲ ਚੁੱਕਿਆ ਹੈ ਭਵਿਖ ਕਿਸੇ ਨੇ ਦੇਖਿਆ ਨਹੀਂ ਪਰ ਸਾਨੂੰ ਵਰਤਮਾਨ ਨੂੰ ਚੰਗੀ ਤਰਾਂ ਮਾਨਣਾ ਚਾਹੀਦਾ ਹੈ।

ਡੀ ਐਸ ਪੀ ਕਿਸਨ ਬੈਨੀਵਾਲ ਹਰਿਆਣਾ ਨੇ ਵੀ ਭਗਤ ਪੂਰਨ ਸਿੰਘ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਉਹਨਾਂ ਦਸਿਆ ਕਿ ਅੰਗਰੇਜ ਕਵੀ ਦੀ ਕਵਿਤਾ ਡੈਫੋਡੈਲ ਵਿਚ ਦੱਸਿਆ ਗਿਆ ਹੈ ਕਿ ਸੰਸਾਰ ਵਿਚ ਕੁਦਰਤ ਦੀਆਂ ਸਿਰਜੀਆਂ ਸੁੰਦਰ ਚੀਜਾਂ ਸਾਨੂੰ ਸਦਾ ਆਨੰਦ ਦਿੰਦੀਆਂ ਹਨ। ਉਹਨਾਂ ਇੰਗਲੈਂਡ ਤੋਂ ਆਸਟ੍ਰੇਲੀਆ ਲਿਆਂਦੇ ਗਏ ਕਰਿਮੀਨਲਜ ਦਾ ਇਤਿਹਾਸ ਵੀ ਸੁਨਾਇਆ।

ਡਾਕਟਰ ਅਵਤਾਰ ਸਿੰਘ ਸੰਘਾ ਨੇ ਇਸ ਵਾਰ ਆਸਟ੍ਰੇਲੀਆ ਦੇ ਪ੍ਰਸਿੱਧ ਲੇਖਕ Banjo Paterson ਦੀ ਜੀਵਨੀ ਅਤੇ ਉਸਦੀ ANZAC Day ਉਤੇ ਲਿਖੀ ਪ੍ਰਸਿੱਧ ਕਵਿਤਾ We are all Australian ਦੀ ਪੜਚੋਲ ਕਰਕੇ ਆਪਣੀ ਹਾਜਰੀ ਲਗਵਾਈ। Banjo Peterson (1864-1941) Australia

Colonial Period ਦਾ ਪ੍ਰਸਿੱਧ ਬੁਸ਼ ਪੋਸਟ ਲੇਖਕ, ਜਰਨਲਿਸਟ ਹੋਇਆ ਹੈ। ਇਸ ਲੇਖਕ ਦੀ ਆਸਟਰੇਲੀਅਨ ਕਰੰਸੀ ਦੇ ਦਸ ਡਾਲਰ ਦੇ ਨੋਟ ਤੇ ਫੋਟੋ ਵੀ ਲਗਾਈ ਗਈ ਹੈ। ਸੰਘਾ ਸਾਹਿਬ ਨੇ ਪੀਟਰਸਨ ਦੀ ਇਸ ਪ੍ਰਸਿੱਧ ਕਵਿਤਾ ਦੀਆਂ ਕੁਝ ਲਾਈਨਾਂ ਸੁਣਾਕੇ ਉਸਦੀ ਵਿਆਖਿਆ ਵੀ ਕੀਤੀ ਜਿਵੇਂ:

Australian takes her pen in hand to write a line to you:: Our old world differences are dead::Fight on Fight on till victory shall send you home again.

ਬਹਾਦਰ ਸਿੰਘ ਨੇ ਦੋ ਮਰਾਸੀ ਭਰਾਵਾਂ ਦੀ ਬਾਤ ਸੁਣਾਈ ਜਿੰਨਾ ਵਿਚੋਂ ਇਕ ਭੋਲਾ ਸੀ ਅਤੇ ਦੂਜਾ ਚਲਾਕ। ਉਹਨਾਂ ਕੋਲ ਸਿਰਫ ਇਕ ਮੱਝ ਸੀ ਪਰ ਜਦੋਂ ਘਰ ਦੀਆਂ ਵੰਡੀਆਂ ਪੈਣ ਲੱਗੀਆਂ ਤਾਂ ਮੱਝ ਵੀ ਅੱਧੋ ਅੱਧ ਵੰਡ ਲਈ। ਚਲਾਕ ਨੇ ਮੱਝ ਦਾ ਪਿਛਲਾ ਅਧ ਰੱਖ ਲਿਆ ਅਤੇ ਭੋਲੇ ਨੂੰ ਮੱਝ ਦਾ ਅਗਲਾ ਹਿੱਸਾ ਦੇ ਦਿਤਾ। ਭੋਲਾ ਵਿਚਾਰਾ ਮੱਝ ਨੂੰ ਪੱਠੇ ਪਾਇਆ ਕਰੇ ਅਤੇ ਚਲਾਕ ਮੱਝ ਦਾ ਦੁੱਧ ਚੋ ਲਿਆ ਕਰੇ।

ਰਿਟਾਇਰਡ ਵਾਈਸ ਚਾਂਸਲਰ ਨਛੱਤਰ ਸਿੰਘ ਮੱਲ੍ਹੀ ਨੇ ਭਗਤ ਪੂਰਨ ਸਿੰਘ ਦੀ ਜੀਵਨੀ ਤੇ ਚਾਨਣਾ ਪਾਉਂਦਿਆਂ ਦੱਸਿਆ ਕਿ ਭਗਤ ਪੂਰਨ ਸਿੰਘ ਨੂੰ ਇਕ ਪੁਜਾਰੀ ਨੇ ਲੰਗਰ ਦੀ ਪੰਗਤ ਵਿਚ ਬੈਠਣ ਤੋਂ ਮਨਾ ਕਰ ਦਿਤਾ। ਉਥੋਂ ਉਹ ਗੁਰਦੁਆਰਾ ਰੋੜ੍ਹ ਸਾਹਿਬ ਚਲੇ ਗਏ ਜਿਥੇ ਉਸਨੂੰ ਪਿਆਰ ਨਾਲ ਲੰਗਰ ਵੀ ਛਕਾਇਆ ਅਤੇ ਰਹਿਣ ਲਈ ਯੋਗ ਥਾਂ ਵੀ ਦਿਤੀ। ਭਗਤ ਜੀ ਨੇ ਫਤਹਿਗੜ੍ਹ ਸਾਹਿਬ ਅਤੇ ਲਾਹੌਰ ਵਿਖੇ ਗੁਰਦੁਆਰਾ ਸਾਹਿਬ ਚ ਬੜੀ ਸ਼ਿਦਤ ਨਾਲ ਸੇਵਾ ਕੀਤੀ ਉਹਨਾਂ ਦਾ ਸਿਖੀ ਪ੍ਰਤੀ ਬਹੁਤ ਸਰਧਾ ਵਧ ਗਈ ਅਤੇ ਅਮ੍ਰਿਤ ਛਕ ਕੇ ਗੁਰੂ ਵਾਲੇ ਬਣ ਗਏ। ਉਸਨੇ ਸਿਖੀ ਧਾਰਕੇ ਉਹਨਾ ਨਿਆਸਰਿਆਂ ਅਤੇ ਲੋੜਵੰਦਾਂ ਦੀ ਮੱਦਦ ਦਾ ਬੀੜਾ ਚੁਕ ਲਿਆ ਜੋ ਸੇਵਾ ਉਹਨਾਂ ਜੀਵਨ ਦੇ ਅੰਤ ਤੱਕ ਨਿਭਾਈ।

ਪ੍ਰਸਿੱਧ ਲੇਖਕ ਅਤੇ ਕਥਾਵਾਚਕ ਗਿਆਨੀ ਸੰਤੋਖ ਸਿੰਘ ਨੇ ਸਾਹਿਤ ਸਭਾ ਵਿਚ ਭਾਰੀ ਇਕੱਠ ਵੇਖਕੇ ਖੁਸੀ ਪ੍ਰਗਟ ਕੀਤੀ ਅਤੇ ਬਾਬੂ ਫਿਰੋਜਦੀਨ ਸਰਫ ਦੀ ਕਵਿਤਾ ਵੀ ਸੁਣਾਈ;

ਮੈਂ ਪੰਜਾਬੀ ਅਤੇ ਪੰਜਾਬ ਦੇ ਰਹਿਣ ਵਾਲਾ, ਹਾਂ ਮੈਂ ਪੇਂਡੂ ਪਰ ਸਹਿਰੀਏ ਢੰਗ ਦਾ ਹਾਂ। ਸਮਝਾਂ ਉੜਦੂ ਅਤੇ ਹਿੰਦੀ ਵੀ ਖੂਬ ਬੋਲਾਂ ਬੜੀ ਬਹੁਤ ਅੰਗਰੇਜੀ ਵੀ ਅੰਗਦਾ ਹਾਂ। ਬੋਲੀ ਆਪਣੀ ਨਾਲ ਪਿਆਰ ਕਰਦਾ, ਇਹ ਗੱਲ ਕਹਿਣ ਤੋਂ ਨਾ ਸੰਗਦਾ ਹਾਂ।

ਰਘਬੀਰ ਸਿੰਘ ਮਲੇਰਕੋਟਲਾ ਨੇ ਤਰੰਨਮ ਵਿਚ ਇਕ ਲੋਕ ਗੀਤ ਸੁਣਾਇਆ:

ਲੋਕੀ ਰੱਬ ਦੇ ਆਸਰੇ ਜੀਅ ਲੈਂਦੇ ਅਸੀਂ ਤੇਰੇ ਸਹਾਰੇ ਜੀ ਲੈਣਾ, ਤੇਰਾ ਹੰਝੂ ਨੀ ਜਮੀਨ ਤੇ ਕਿਰਨ ਦੇਣਾ ਇਹਨੂੰ ਅਮ੍ਰਿਤ ਸਮਝਕੇ ਪੀ ਲੈਣਾ। ਤੈਨੂੰ ਦਾਅਵਤ ਇਕ ਦਿਨ ਦੇਣੀ ਏ, ਬੱਸ ਇਹੀ ਹਸਰਤ ਬਾਕੀ ਏ।

ਬੈਂਕ ਮੈਨੇਜਰ ਗੁਰਦੇਵ ਸਿੰਘ ਸੰਗਰੂਰ ਨੇ ਉਹਨਾਂ ਨੂੰ ਲਾਈਫ ਟਾਈਮ ਮੈਂਬਰ ਬਣਾਉਣ ਲਈ ਆਸਟ੍ਰੇਲੀਅਨ ਸਿੱਖ ਐਸੋਸੀਏਸਨ ਦਾ ਧੰਨਵਾਦ ਕਰਦਿਆਂ ਕਿਹਾ ਕਿ ਅੱਜ ਦਾ ਸਾਹਿਤਕ ਅਤੇ ਕਲਚਰਲ ਪ੍ਰੋਗਰਾਮ ਵਿਚ ਹਰ ਤਰਾਂ ਦੀ ਵੰਨਗੀ ਵੇਖਣ ਨੂੰ ਮਿਲੀ ਅਤੇ ਬਹੁਤ ਚੰਗਾ ਲੱਗਾ।

ਗਜਲਗੋ ਕੇਸਰ ਕਰਮਜੀਤ ਨੇ ਆਪਣੀਆਂ ਕੁਝ ਗਜਲਾਂ ਦੀਆਂ ਲਾਈਨਾਂ ਸੁਣਾਈਆਂ:

ਕੇਸਰ ਦੀ ਸਾਇਰੀ ਤੇ ਰੰਗਤ ਹੈ ਅੰਤ ਆਈ, ਸੁਣਿਆ ਉਹ ਪੜ ਰਹੇ ਸੀ ਤਾਜਾ ਕਲਾਮ ਮੇਰਾ।

ਕੋਸੂ ਨਿਸਰੇ ਵਿਹੜੇ ਮੇਰੇ

ਭਰ ਭਰ ਲੱਪਾਂ ਚਾਨਣ ਪਾਵਾਂ। 'ਅਤੇ' ਕਿਥੋਂ ਆਈ ਕਿਥੇ ਜਾਣਾ, ਨਦੀਏ ਤੇਰਾ ਕੀ ਸਿਰਨਾਵਾਂ।

ਬੀਬੀ ਰਣਜੀਤ ਕੌਰ ਨੇ ਇਕ ਧਾਰਮਿਕ ਗੀਤ :

ਧੰਨ ਮਾਤਾ ਗੁਜਰੀ ਦਾ, ਸੁੱਤਾ ਕੰਡਿਆਂ ਦੀ ਸੇਜ ਵਿਛਾਈ। ਸੀਨੇ ਨਾਲ ਤੇਗ ਦਾ ਲਈ ਜਦੋਂ ਯਾਦ ਪੁਤਰਾਂ ਦੀ ਆਈ।

ਬਲਵਿੰਦਰ ਰੂਬੀ ਨੇ ਮਨੁੱਖ ਦੀ ਭੱਜ ਦੌੜ ਤੇ ਟੋਕ ਕਰਦਿਆਂ ਕਿਹਾ:

ਮੈਂ ਇਕ ਪੁਰਜਾ ਹਾਂ ਇਸੇ ਲਈ ਘੁੰਮਦਾ ਹਾਂ ਕਿ ਮੈਨੂੰ ਘੁੰਮਣਾ ਹੀ ਪੈਂਦਾ ਹੈ। ਮੈਂ ਇਕ ਰੁੜ੍ਹਦਾ ਹੋਇਆ ਪੱਥਰ ਹਾਂ ਜਿਸਨੂੰ ਪਿਘਲਣ ਦੀ ਮਨਾਹੀ ਹੈ।

ਕੰਵਲਜੀਤ ਸਰਕਾਰੀਆ ਜਿਸਨੂੰ ਬਹੁਤੇ ਪਿਆਰ ਨਾਲ ਖੂੰਡੇ ਵਾਲਾ ਕਹਿੰਦੇ ਹਨ ਪਰ ਅੱਜ ਪਿਸਤੌਲ ਵਾਲਾ ਜ਼ਿਆਦਾ ਲਗ ਰਿਹਾ ਸੀ ਉਸਨੇ ਸਮਾਜ ਦੀਆਂ ਬੁਰਾਈਆਂ ਨੂੰ ਚੁੰਢੀਆਂ ਵੱਢ ਵੱਢ ਹਲੂਣਾ ਦਿਤਾ :

ਸਾਈਂ ਓ ਸਾਈਂ ਸਾਡੀ ਫਰਿਆਦ ਤੇਰੇ ਤਾਈਂ ਪੈਸੇ ਖਾਤਰ ਸਾਡੀਆਂ ਜਮੀਰਾਂ ਮਰਵਾਈਂ, ਆਪਣਿਆਂ ਦੀਆਂ ਜੜਾਂ ਵੱਢਾਂਗੇ ਸਕਿਉਰਟੀਆਂ ਦਿਵਾਈਂ, ਮੰਗਲ ਗ੍ਰਹਿ ਤੇ ਮੀਟਿੰਗਾਂ ਕਰਵਾਈਂ, ਸਟੇਜ ਤੇ ਫੁਕਰੀਆਂ ਮਾਰਾਂ ਤਾਂ ਵਧ ਤੋਂ ਵਧ ਤਾੜੀਆਂ ਮਰਵਾਈਂ, ਸਰੀਕਾਂ ਦੀਆਂ ਪੂਛਾਂ ਵੀ ਚੁਕਵਾਈਂ।

ਗੁਰਦਿਆਲ ਸਿੰਘ ਉੜੀਸਾ ਵਾਲਿਆਂ ਨੇ ਇਕ ਸਾਖੀ ਸੁਣਾਈ ਜਿਸ ਵਿਚ ਦੱਸਿਆ ਗਿਆ ਕਿ ਅਰਦਾਸ ਦੀ ਬਹੁਤ ਤਾਕਤ ਹੁੰਦੀ ਹੈ। ਇਕ ਫੌਜੀ ਜੋ ਰੱਬੀ ਬਾਣੀ ਵਿਚ ਲੀਨ ਰਹਿੰਦਾ ਸੀ ਇਕ ਦਿਨ ਕਥਾ ਸੁਣਦਿਆਂ ਆਪਣੀ ਡਿਊਟੀ ਤੇ ਜਾਣਾ ਭੁਲ ਗਿਆ। ਉਸਨੇ ਰੱਬ ਅਗੇ ਇਸ ਗਲਤੀ ਦੀ ਮੁਆਫੀ ਮੰਗਦਿਆਂ ਅਰਦਾਸ ਕੀਤੀ ਪਰ ਉਸ ਫੌਜ ਦੇ ਸਾਹਿਬ ਨੇ ਆਖਿਆ ਤੁਹਾਡੀ ਡਿਊਟੀ ਤੇ ਤਾ ਬੰਦਾ ਸਾਰੀ ਰਾਤ ਹੀ ਤਾਇਨਾਤ ਰਿਹਾ ਹੈ ਸੋ ਮੁਆਫੀ ਕਿਸ ਗੱਲ ਦੀ। ਅਖੀਰ ਉਸਨੇ ਅਸਤੀਫਾ ਦੇਕੇ ਆਪਣੀ ਜ਼ਿੰਦਗੀ ਪਰਮਾਤਮਾ ਦੀ ਭਗਤੀ ਲਈ ਅਰਪਣ ਕਰ ਦਿਤੀ।

ਸੁਰਿੰਦਰ ਸਿੰਘ ਸੋਹੀ ਜਗਰਾਉਂ ਨੇ ਇਸ ਸਾਹਿਤਕ /ਕਲਚਰਲ ਪ੍ਰੋਗਰਾਮ ਵਿਚ ਸੰਗਤਾਂ ਦੀ ਭਾਰੀ ਹਾਜਰੀ ਦੇਖਕੇ ਖੁਸੀ ਪ੍ਰਗਟ ਕੀਤੀ ਅਤੇ ਪ੍ਰਬੰਧਕਾਂ ਦਾ ਧੰਨਵਾਦ ਵੀ ਕੀਤਾ। ਉਹਨਾਂ ਗੁਰਦੁਆਰਾ ਹੇਮਕੁੰਟ ਸਾਹਿਬ ਦਾ ਇਤਿਹਾਸ ਵਰਣਨ ਕੀਤਾ ਅਤੇ ਇਸ ਅਸਥਾਨ ਪ੍ਰਥਾਏ ਸਬਦ ਸੁਣਾਕੇ ਖੁਸੀਆਂ ਪ੍ਰਾਪਤ ਕੀਤੀਆ :

ਹੇਮਕੁੰਟ ਪਰਬਤ ਹੈ ਜਹਾਂ,ਸਪਤ ਸਰਿੰਗ ਸੋਭਿਤ ਹੈ ਤਹਾਂ। ਤਹਾਂ ਹਮ ਆਧਿਕ ਤਪਸਿਆ ਸਾਧੀ, ਮਹਾਂਕਾਲ ਕਾਲਿਕਾ ਅਰਾਧੀ।

ਪ੍ਰੋਫੈਸਰ ਸੁਖਵੰਤ ਸਿੰਘ ਗਿੱਲ ਨੇ ਸਾਹਿਤ ਸਭਾ ਦਾ ਇਤਿਹਾਸ ਦਸਦਿਆਂ ਕਿਹਾ ਕਿ ਅਸਾਂ ਇਹ ਪ੍ਰੋਗਰਾਮ ਸਿਰਫ 6 ਸਾਹਿਤਕਾਰਾਂ ਨਾਲ ਸੁਰੂ ਕੀਤਾ ਸੀ ਅਤੇ ਇਹ ਬੂਟਾ ਅੱਜ ਆਪਣੇ ਭਰ ਜੋਬਨ ਤੇ ਹੈ ਅਤੇ ਕਿਹਾ ਮੈਨੂੰ ਸਾਹਮਣੇ ਬੈਠੇ 50 ਤੋਂ ਉਪਰ ਸਾਹਿਤ ਪ੍ਰੇਮੀਆਂ ਨੂੰ ਦੇਖਕੇ ਬਹੁਤ ਪ੍ਰਸੰਨਤਾ ਹੋ ਰਹੀ ਹੈ। ਗਿੱਲ ਸਾਹਿਬ ਨੇਂ ਕਿਹਾ ਕਿ ਇਸ ਕਾਰਜ ਵਿਚ ਤਨ ਮਨ ਨਾਲ ਸੇਵਾ ਕਰਨ ਵਾਲੇ ਗਿਆਨੀ ਸੰਤੋਖ ਸਿੰਘ, ਡਾਕਟਰ ਅਵਤਾਰ ਸਿੰਘ ਸੰਘਾ ਐਡੀਟਰ ਪੰਜਾਬ ਹੈਰਾਲਡ, ਜੁਗਿੰਦਰ ਸਿੰਘ ਸੋਹੀ ਅਤੇ ਕੁਲਦੀਪ ਸਿੰਘ ਜੌਹਲ ਆਦਿ ਤੋਂ ਇਲਾਵਾ ਅੱਜ ਦੇ ਸਾਰੇ ਹੀ ਹਾਜਰ ਸਾਹਿਤ ਪ੍ਰੇਮੀ ਇਸ ਸਾਹਿਤਕ /ਕਲਚਰਲ ਪ੍ਰੋਗਰਾਮ ਨੂੰ ਕਾਮਯਾਬ ਕਰਨ ਵਿਚ ਆਪਣਾ ਪੂਰਨ ਯੋਗਦਾਨ ਪਾ ਰਹੇ ਹਨ, ਇਹ ਤਸੱਲੀ ਵਾਲੀ ਗੱਲ ਹੈ।

ਇਸ ਸਾਹਿਤਕ ਦਰਬਾਰ ਵਿੱਚ ਹੋਰਨਾਂ ਤੋਂ ਇਲਾਵਾ ਸ੍ਰੀਮਤੀ ਗਿਆਨ ਕੌਰ, ਸੁਰਿੰਦਰ ਕੌਰ,ਛਿੰਦਰਪਾਲ ਕੌਰ, ਪ੍ਰਿੰਸੀਪਲ ਕੁਲਵੰਤ ਕੌਰ, ਰਾਜਿੰਦਰ ਕੌਰ, ਕਮਲਾ ਦੇਵੀ, ਸੁਰਿੰਦਰ ਸਿੰਘ ਬਰਨਾਲਾ,ਤਾਰਾ ਸਿੰਘ ਬਮਰਾ, ਅਕਾਲ ਸਿੰਘ, ਹਰਵਿੰਦਰ ਸਿੰਘ, ਜਸਵੰਤ ਸਿੰਘ ਪੰਨੂ, ਅਮਰਜੀਤ ਸਿੰਘ ਨਾਗੀ,ਵਿਜੇ, ਮਨਜੀਤ ਸਿੰਘ ਸਰਕਾਰੀਆ, ਸਵਿੰਦਰ ਸਿੰਘ ਆਦਿ ਵੀ ਹਾਜਰ ਸਨ। ਇਸਤੋਂ ਇਲਾਵਾ ਅਵਤਾਰ ਸਿੰਘ ਸੰਘਾ ਦਾ ਜਨਮ ਦਿਨ ਵੀ ਮਨਾਇਆ ਗਿਆ। ਸੰਘਾ ਸਾਹਿਬ ਨੇ ਸਾਰੇ ਹਾਜਰੀਨਾ ਦਾ ਘਰ ਦੇ ਤਿਆਰ ਕੀਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾਇਆ। ਅਖੀਰ ਵਿਚ ਇਕ ਫੋਟੋ ਸੈਸਨ ਵੀ ਹੋਇਆ। ਸਭ ਨੇ ਸਰਬਸੰਮਤੀ ਨਾਲ ਪ੍ਰਵਾਨਗੀ ਦੇ ਕੇ ਅਗਲੇ ਮਹੀਨੇ ਦੇ ਪਹਿਲੇ ਬੁਧਵਾਰ ਨੂੰ ਫੇਰ ਪਿਆਰ ਨਾਲ ਮਿਲ ਬੈਠਣ ਦਾ ਵਾਅਦਾ ਕਰਦਿਆਂ ਆਪਣੇ ਆਪਣੇ ਘਰਾਂ ਨੂੰ ਵਿਦਾਇਗੀ ਲਈ।

ਖੇਤੀਬਾੜੀ ਬਨਾਮ ਪੇਂਡੂ ਆਰਥਿਕਤਾ

ਦੇਸ਼ ਦੀ ਖੇਤੀਬਾੜੀ ਵਿਚ ਬਦਲਾਅ ਆਜਾਦ ਭਾਰਤ ਦੀਆਂ ਸਭ ਤੋਂ ਵੱਡੀਆਂ ਪ੍ਰਾਪਤੀਆਂ 'ਚੋਂ ਇਕ ਹੈ। ਪਿਛਲੇ ਛੇ ਦਹਾਕਿਆਂ ਦੌਰਾਨ ਦੇਸ਼ ਅਨਾਜ, ਦੁੱਧ, ਫਲਾਂ, ਸਬਜੀਆਂ ਅਤੇ ਮੱਛੀ ਪਾਲਣ ਉਤਪਾਦਾਂ 'ਚ ਦੁਨੀਆ ਦੇ ਸਭ ਤੋਂ ਵੱਡੇ ਉਤਪਾਦਕਾਂ 'ਚੋਂ ਇਕ ਵਜੋਂ ਉੱਭਰਿਆ ਹੈ। ਇਹ ਤਰੱਕੀ ਦੂਰਅੰਦੇਸ਼ ਜਨਤਕ ਨੀਤੀ, ਵਿਗਿਆਨਕ ਨਵੀਨਤਾ, ਸਿੰਚਾਈ, ਸੰਸਥਾਗਤ ਕੰਮਾਂ ਅਤੇ ਲੱਖਾਂ ਭਾਰਤੀ ਕਿਸਾਨਾਂ ਦੇ ਉੱਦਮ ਸਦਕਾ ਸੰਭਵ ਹੋਈ ਹੈ। ਪਰ ਹੁਣ ਭਾਰਤ ਖੇਤੀਬਾੜੀ ਪ੍ਰਧਾਨ ਅਰਥਚਾਰਾ ਨਹੀਂ ਰਿਹਾ, ਕਿਉਂਕਿ ਅੱਜ-ਕੱਲ੍ਹ ਦੇਸ਼ ਦੇ ਜੀਡੀਪੀ ਦਾ ਲਗਪਗ 15-18% ਹਿੱਸਾ ਹੀ ਖੇਤੀਬਾੜੀ ਤੋਂ ਆਉਂਦਾ ਹੈ। ਪੇਂਡੂ ਭਾਰਤ ਦਾ ਇਕ ਵੱਡਾ ਹਿੱਸਾ ਅਜੇ ਵੀ ਆਪਣੀ ਰੋਜੀ-ਰੋਟੀ ਲਈ ਸਿੱਧੇ ਜਾਂ ਅਸਿੱਧੇ ਤੌਰ 'ਤੇ ਖੇਤੀਬਾੜੀ ਅਤੇ ਸਹਾਇਕ ਗਤੀਵਿਧੀਆਂ 'ਤੇ ਨਿਰਭਰ ਕਰਦਾ ਹੈ ਅਤੇ ਇਹ ਖੇਤਰ ਭਾਰਤ ਦੇ ਤਕਰੀਬਨ 46% ਕਾਮਿਆਂ ਨੂੰ ਰੁਜਗਾਰ ਦੇ ਰਿਹਾ ਹੈ। ਭਾਵੇਂ ਭਾਰਤ ਉਦਯੋਗਾਂ ਅਤੇ ਸੇਵਾਵਾਂ ਦੁਆਰਾ ਸੰਚਾਲਿਤ ਅਰਥਵਿਵਸਥਾ ਵਿਚ ਬਦਲ ਰਿਹਾ ਹੈ ਪਰ ਖੇਤੀਬਾੜੀ ਦੀ ਆਰਥਿਕ ਵਿਵਹਾਰਕਤਾ ਦੀ ਰਫ਼ਤਾਰ ਨਾ ਫੜਨਾ ਇਕ ਅਸੁਵਿਧਾਜਨਕ ਆਪਾ-ਵਿਰੋਧ ਪੈਦਾ ਕਰਦਾ ਹੈ।

ਦੇਸ਼ ਵਿਚ ਖੇਤੀਬਾੜੀ ਖੇਤਰ ਦੇ ਵਾਧੇ ਦੀ ਸਾਲਾਨਾ ਦਰ 2014-15 ਤੋਂ 2025-26 ਦੌਰਾਨ ਤਕਰੀਬਨ ਚਾਰ ਫੀਸਦੀ ਦੇ ਕਰੀਬ ਰਹੀ ਹੈ ਜਦਕਿ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਲਈ ਬਣਾਈ ਗਈ ਅਸ਼ੋਕ ਦਲਵਈ ਕਮੇਟੀ ਨੇ ਤਜਵੀਜ ਕੀਤਾ ਸੀ ਕਿ ਆਮਦਨ ਵਧਾਉਣ ਲਈ ਇਹ ਦਰ ਲਗਪਗ 10.4 ਫੀਸਦੀ ਹੋਣੀ ਚਾਹੀਦੀ ਹੈ। ਕਮੇਟੀ ਨੇ ਇਸ ਮੰਤਵ ਲਈ ਖੇਤੀਬਾੜੀ ਵਿਭਿੰਨਤਾ 'ਤੇ ਆਧਾਰਤ ਰਾਹ ਅਪਣਾਉਣ ਦੀ ਸਿਫਾਰਸ਼ ਕੀਤੀ ਸੀ ਜਿਸ ਵਿਚ ਮੌਜੂਦਾ ਖੁਰਾਕ ਅੰਨਾ 'ਤੇ ਆਧਾਰਤ ਫਸਲੀ ਚੱਕਰ ਨੂੰ ਤਬਦੀਲ ਕਰ ਕੇ ਮੱਛੀ ਪਾਲਣ, ਮੁਰਗੀ ਪਾਲਣ, ਦੁੱਧ, ਫਲ ਅਤੇ ਸਬਜੀਆਂ ਦੀ ਕਾਸ਼ਤ ਵੱਲ ਤੁਰਨ ਦੀ ਯੋਜਨਾ ਦਿੱਤੀ ਗਈ ਸੀ। ਕਿਉਂਕਿ ਇਹ ਸਾਰੇ ਉਤਪਾਦ ਜਲਦੀ ਖਰਾਬ/ਨਸ਼ਟ ਹੋਣ ਵਾਲੇ ਹਨ, ਇਸ ਲਈ ਇਨ੍ਹਾਂ ਵਾਸਤੇ ਨਿਪੁੰਨ ਕੋਲਡ ਚੇਨ ਅਤੇ ਸਟੋਰੇਜ ਢਾਂਚਾ ਸਥਾਪਤ ਕਰਨ ਲਈ ਅਤੇ ਸ਼ਹਿਰੀ ਇਲਾਕਿਆਂ ਅਤੇ ਬਾਹਰਲੇ ਦੇਸ਼ਾਂ ਵਿਚ ਵੱਡੇ ਖਪਤਕਾਰਾਂ ਤੱਕ ਪਹੁੰਚ ਬਣਾਉਣ ਲਈ ਸੁਝਾਅ ਦਿੱਤਾ ਗਿਆ ਸੀ ਪਰ ਦੇਸ਼ ਦੀ ਖੇਤੀਬਾੜੀ ਨੂੰ ਦਰਪੇਸ਼ ਚੁਣੌਤੀਆਂ ਕਰ ਕੇ ਇਹ ਉਦੇਸ਼ ਪ੍ਰਾਪਤ ਨਹੀਂ ਕੀਤਾ ਜਾ ਸਕਿਆ।



ਭਾਰਤੀ ਖੇਤੀਬਾੜੀ ਵਿਚ ਸਭ ਤੋਂ ਵੱਡੀਆਂ ਚੁਣੌਤੀਆਂ 'ਚੋਂ ਇਕ ਘਟ ਰਿਹਾ ਫਾਰਮ ਸਾਈਜ ਹੈ ਕਿਉਂਕਿ ਲਗਪਗ 86% ਕਿਸਾਨਾਂ ਕੋਲ ਦੋ ਹੈਕਟੇਅਰ ਤੋਂ ਘੱਟ ਦੀ ਮਾਲਕੀ ਹੈ। ਛੋਟੇ ਖੇਤ ਫਸਲੀ ਵਿਭਿੰਨਤਾ, ਨਵੀਆਂ ਤਕਨੀਕਾਂ ਅਤੇ ਵੱਡੇ ਪੈਮਾਨੇ ਦੀ ਖੇਤੀ ਦੀ ਆਰਥਿਕਤਾ ਅਤੇ ਖੇਤੀ ਦੇ ਤਰੀਕਿਆਂ ਨੂੰ ਅਪਣਾਉਣ ਦੇ ਰਾਹ ਵਿਚ ਰੁਕਾਵਟ ਪਾਉਂਦੇ ਹਨ। ਦੂਜਾ, ਸਿੰਚਾਈ ਲਈ ਪਾਣੀ ਦੀ ਉਪਲਬਧਤਾ ਇਕ ਹੋਰ ਵੱਡੀ ਚੁਣੌਤੀ ਹੈ ਕਿਉਂਕਿ ਲਗਪਗ ਅੱਧੀ ਖੇਤੀਯੋਗ ਜਮੀਨ ਪੂਰੀ ਤਰ੍ਹਾਂ ਬੇਭਰੋਸਗੀ ਵਾਲੀ ਬਰਸਾਤ 'ਤੇ ਨਿਰਭਰ ਕਰਦੀ ਹੈ, ਜਿਸ ਕਰਕੇ ਕਿਸਾਨਾਂ ਨੂੰ ਕੁਝ ਇਲਾਕਿਆ ਵਿਚ ਸੋਕੇ ਜਾਂ ਹੜ੍ਹਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਕਈ ਥਾਵਾਂ 'ਤੇ ਖੁੱਲ੍ਹੇ ਪਾਣੀ ਨਾਲ ਸਿੰਚਾਈ ਨੇ ਜਮੀਨਦੋਜ ਪਾਣੀ ਦੀ ਸਤ੍ਹਾ ਵਿਚ ਗਿਰਾਵਟ ਦੀ ਸਮੱਸਿਆ ਖੜ੍ਹੀ ਕਰ ਦਿੱਤੀ ਹੈ। ਇਸ ਦੇ ਨਾਲ-ਨਾਲ ਜਲਵਾਯੂ ਪਰਿਵਰਤਨ ਇਨ੍ਹਾਂ ਮੁਸ਼ਕਲਾਂ ਨੂੰ ਹੋਰ ਵਧਾ ਰਿਹਾ ਹੈ। ਅਨਿਯਮਿਤ ਬਾਰਿਸ਼, ਹੜ੍ਹ, ਸੋਕਾ ਅਤੇ ਗਰਮੀ ਦੀਆਂ ਲਹਿਰਾਂ ਨਾਲ ਫਸਲਾਂ ਦੇ ਹੋਣ ਵਾਲੇ ਨੁਕਸਾਨ ਵਿਚ ਤੇਜੀ ਨਾਲ ਵਾਧਾ ਹੋ ਰਿਹਾ ਹੈ ਜਦਕਿ ਬੀਜਾਂ, ਖਾਦਾਂ, ਕੀਟਨਾਸ਼ਕਾਂ ਅਤੇ ਡੀਜਲ ਆਦਿ ਇਨਪੁਟਸ ਦੀਆਂ ਵਧਦੀਆਂ ਕੀਮਤਾਂ ਕਾਰਨ ਖੇਤੀ ਵਿਚ ਮੁਨਾਫਾ ਸੁੰਗੜ ਰਿਹਾ ਹੈ। ਕਿਸਾਨਾਂ ਨੂੰ ਅਕਸਰ ਉਨ੍ਹਾਂ ਦੇ ਉਤਪਾਦਨ ਦੇ ਅੰਤਿਮ ਮੁੱਲ ਦਾ ਬਹੁਤ ਘੱਟ ਹਿੱਸਾ ਮਿਲਦਾ ਹੈ। ਸਟੋਰੇਜ ਅਤੇ ਪ੍ਰੋਸੈਸਿੰਗ ਨਾਲ ਸਬੰਧਤ ਬੁਨਿਆਦੀ ਢਾਂਚੇ ਵਿਚ ਕਮੀਆਂ, ਖੰਡਿਤ ਸਪਲਾਈ ਚੇਨ ਅਤੇ ਵਧ ਰਹੀ ਵਿਚੋਲਿਆਂ ਦੀ ਗਿਣਤੀ ਨੇ ਅਕਸਰ ਕਿਸਾਨਾਂ ਨੂੰ ਸੌਦੇਬਾਜੀ ਕਰਨ ਦੀ ਪ੍ਰਕਿਰਿਆ ਨੂੰ ਪੂਰੀ ਤਰ੍ਹਾਂ ਝੰਜੋੜ ਕੇ ਰੱਖ ਦਿੱਤਾ ਹੈ।

ਉਪਰੋਕਤ ਦੇ ਸਨਮੁੱਖ ਇਹ ਸਮਝਣ ਦੀ ਜਰੂਰਤ ਹੈ ਕਿ ਖੇਤੀਬਾੜੀ ਸੰਕਟ ਮੂਲ ਰੂਪ ਵਿਚ ਇਕ ਆਮਦਨ ਅਤੇ ਰੋਜੀ-ਰੋਟੀ ਦੀ ਸਮੱਸਿਆ ਹੈ, ਨਾ ਕਿ ਉਤਪਾਦਕਤਾ ਦੀ ਸਮੱਸਿਆ। ਦੇਸ਼ ਵਿਚ ਖੇਤੀ ਨੀਤੀ ਦਾ ਮੁਲਾਂਕਣ ਉਤਪਾਦਨ ਜਾਂ ਉਪਜ ਵਿਚ ਵਾਧੇ ਦੀ ਬਜਾਏ ਕਿਸਾਨਾਂ ਦੀ ਆਰਥਿਕ ਹਾਲਤ ਵਿਚ ਸੁਧਾਰ ਦੇ ਆਧਾਰ 'ਤੇ ਕੀਤਾ ਜਾਣਾ ਚਾਹੀਦਾ ਹੈ। ਇਸ ਲਈ ਨਵੀਂ ਖੇਤੀ ਨੀਤੀ ਰਾਹੀਂ ਪਾਣੀ, ਤਕਨਾਲੋਜੀ, ਪਸ਼ੂ-ਧਨ, ਮੱਛੀ ਪਾਲਣ ਅਤੇ ਹੋਰ ਕੁਦਰਤੀ ਸਾਧਨਾਂ ਵਰਗੇ ਉਤਪਾਦਕ ਸਰੋਤਾਂ ਤੱਕ ਸਮੇਂ ਸਿਰ ਪਹੁੰਚ ਕਰਨ ਅਤੇ ਖੋਜ ਸੰਸਥਾਵਾਂ ਅਤੇ ਕਾਸ਼ਤਕਾਰਾਂ ਵਿਚਕਾਰ ਨਜਦੀਕੀ ਸਬੰਧ ਪੈਦਾ ਕਰਨ ਦੀ ਲੋੜ ਹੈ। ਇਸ ਰਾਹੀਂ ਵਾਤਾਵਰਣਕ ਸਥਿਰਤਾ 'ਤੇ ਵੀ ਜੋਰ ਦੇਣਾ ਚਾਹੀਦਾ ਹੈ ਕਿਉਂਕਿ ਮਿੱਟੀ ਦੀ ਸਿਹਤ ਅਤੇ ਪਾਣੀ ਦੀ ਸੁਚੱਜੀ ਵਰਤੋਂ ਦੀ ਕੀਮਤ 'ਤੇ ਉੱਚ ਉਤਪਾਦਕਤਾ ਨਹੀਂ ਆ ਸਕਦੀ।

ਪਿਛਲੇ ਦੋ ਦਹਾਕਿਆਂ ਦੌਰਾਨ ਕਈ ਵੱਖ-ਵੱਖ ਯੋਜਨਾਵਾਂ ਅਤੇ ਮਿਸ਼ਨਾਂ ਰਾਹੀਂ ਉਤਪਾਦਿਕਤਾ ਵਧਾਉਣ 'ਤੇ ਜੋਰ ਦਿੱਤਾ ਗਿਆ ਹੈ ਪਰ ਖੇਤੀਬਾੜੀ ਨੂੰ ਆਰਥਿਕ ਤੌਰ 'ਤੇ ਵਿਵਹਾਰਕ ਬਣਾਉਣ, ਜੋਖਮ ਘਟਾਉਣ, ਕਿਸਾਨਾਂ ਦੀ ਸੌਦੇਬਾਜੀ ਸ਼ਕਤੀ ਨੂੰ ਮਜਬੂਤ ਕਰਨ ਅਤੇ ਬਰਾਮਦਾਂ ਨਾਲ ਉਤਪਾਦਨ ਨੂੰ ਜੋੜਨ ਦੇ ਵੱਡੇ ਦ੍ਰਿਸ਼ਟੀਕੋਣ ਨੂੰ ਇਕ ਏਕੀਕ੍ਰਿਤ ਢਾਂਚੇ ਵਜੋਂ ਲਾਗੂ ਕਰਨ ਦੀ ਕੋਸ਼ਿਸ਼ ਨਹੀਂ ਕੀਤੀ ਗਈ। ਭਾਰਤੀ ਖੇਤੀਬਾੜੀ ਵਿਸ਼ਵ ਬਰਾਮਦਾਂ ਤੋਂ ਅਲੱਗ ਨਹੀਂ ਰਹਿ ਸਕਦੀ ਪਰ ਛੋਟੇ ਕਿਸਾਨਾਂ ਨੂੰ ਢੁੱਕਵੀਂ ਸੁਰੱਖਿਆ ਪ੍ਰਦਾਨ ਕਰਨ ਤੋਂ ਬਿਨਾਂ ਉਨ੍ਹਾਂ ਨੂੰ ਵਿਸ਼ਵ ਬਰਾਮਦਾਂ ਦਾ ਸਾਹਮਣਾ ਕਰਨ ਦੇ ਸਮਰੱਥ ਨਹੀਂ ਬਣਾਇਆ ਜਾ ਸਕਦਾ। ਭਾਰਤ ਹੁਣ ਅਮਰੀਕਾ ਦੁਆਰਾ ਲਗਾਏ ਜਾ ਰਹੇ ਟੈਕਸਾਂ (ਟੈਰਿਫਾਂ) ਦੇ ਦਬਾਅ ਨਾਲ ਨਜਿੱਠਣ ਦੇ ਨਾਲ-ਨਾਲ ਨਿਊਜੀਲੈਂਡ, ਇੰਗਲੈਂਡ ਅਤੇ ਯੂਰਪੀਅਨ ਯੂਨੀਅਨ ਆਦਿ ਨਾਲ ਮੁਕਤ ਵਪਾਰ ਸਮਝੌਤਿਆਂ ਨੂੰ ਲਾਗੂ ਕਰ ਰਿਹਾ ਹੈ ਪਰ ਇਨ੍ਹਾਂ ਸਮਝੌਤਿਆਂ ਨੂੰ ਲਾਗੂ ਕਰਨ ਸਮੇਂ ਚੁਣੌਤੀ ਇਹ ਯਕੀਨੀ ਬਣਾਉਣਾ ਹੈ ਕਿ ਗਲੋਬਲ ਬਰਾਮਦਾਂ ਨਾਲ ਵਧੇਰੇ ਏਕੀਕਰਨ ਦੇਸ਼ ਦੇ ਛੋਟੇ ਕਿਸਾਨਾਂ ਲਈ ਇਕ ਸਮੱਸਿਆ ਦੀ ਥਾਂ ਇਕ ਮੌਕਾ ਬਣ ਜਾਵੇ।

ਜਿੱਥੇ ਭਾਰਤ ਦੇ ਪਹਿਲੇ ਖੇਤੀਬਾੜੀ ਬਦਲਾਅ ਨੇ ਖੁਰਾਕ ਸੁਰੱਖਿਆ ਯਕੀਨੀ ਬਣਾਈ ਸੀ, ਉੱਥੇ ਹੀ ਅਗਲੇ ਪੜਾਅ ਦਾ ਮਕਸਦ ਪੇਂਡੂ ਆਰਥਿਕਤਾ ਵਿਚ ਖੁਸ਼ਹਾਲੀ ਲਿਆਉਣਾ ਹੋਣਾ ਚਾਹੀਦਾ ਹੈ। ਇਸ ਲਈ ਛੋਟੇ ਕਿਸਾਨਾਂ ਨੂੰ ਫਸਲ ਦੀ ਕਟਾਈ ਤੋਂ ਬਾਅਦ ਪੈਦਾ ਹੋਣ ਵਾਲੇ ਮੁੱਲ ਦਾ ਵੱਡਾ ਹਿੱਸਾ ਹਾਸਲ ਕਰਨ ਦੇ ਯੋਗ ਬਣਾਉਣਾ ਜਰੂਰੀ ਹੈ। ਪਿਛਲੇ ਸਮਿਆਂ ਦੌਰਾਨ ਖੇਤੀਬਾੜੀ ਉਤਪਾਦਨ ਲਈ ਵਿੱਤੀ ਸਹਾਇਤਾ ਪ੍ਰਦਾਨ ਕਰਨ ਵਾਸਤੇ ਬੈਂਕਾਂ ਦੇ ਰਾਸ਼ਟਰੀਕਰਨ, ਪੇਂਡੂ ਬੈਂਕਾਂ, ਸਹਿਕਾਰੀ ਸੰਸਥਾਵਾਂ ਅਤੇ ਕਿਸਾਨ ਕ੍ਰੈਡਿਟ ਕਾਰਡ ਸਮੇਤ ਲਗਾਤਾਰ ਕੀਤੇ ਸੁਧਾਰਾਂ ਨੇ ਉਤਪਾਦਨ ਲਈ ਕਰਜੇ ਦੀਆਂ ਸਹੂਲਤਾਂ ਦਾ ਵਿਸਥਾਰ ਕੀਤਾ ਹੈ ਅਤੇ ਮਜਬੂਤ ਵਿੱਤੀ ਸੰਸਥਾਵਾਂ ਦਾ ਸਫਲਤਾਪੂਰਵਕ ਨਿਰਮਾਣ ਕੀਤਾ ਹੈ। ਪਰ ਹੁਣ ਦੇਸ਼ ਨੂੰ ਹਰ ਉਸ ਵਪਾਰਕ ਤੌਰ 'ਤੇ ਲਾਹੇਵੰਦ ਗਤੀਵਿਧੀ ਲਈ ਮਜਬੂਤ ਵਿੱਤੀ ਢਾਂਚਾ ਤਿਆਰ ਕਰਨ ਦੀ ਲੋੜ ਹੈ ਜੋ ਖੇਤ ਅਤੇ ਅੰਤਿਮ ਖਪਤਕਾਰ ਵਿਚਕਾਰ ਮੁੱਲ-ਵਾਧਾ ਕਰਦੀ ਹੈ। ਜਿੱਥੇ ਭਾਰਤ ਵਿਚ ਖੇਤੀਬਾੜੀ ਉਪਜ ਦਾ ਸਿਰਫ 10-12% ਹਿੱਸਾ ਹੀ ਪ੍ਰੋਸੈਸ ਕੀਤਾ ਜਾਂਦਾ ਹੈ, ਉੱਥੇ ਪੂਰਬੀ, ਦੱਖਣੀ ਅਤੇ ਦੱਖਣ-ਪੂਰਬੀ ਏਸ਼ੀਆ ਵਿਚ ਇਹ ਪੱਧਰ ਲਗਪਗ 35-45% ਹੋਣ ਦਾ ਅਨੁਮਾਨ ਹੈ ਅਤੇ ਕਈ ਵਿਕਸਤ ਅਰਥ-ਵਿਵਸਥਾਵਾਂ ਵਿਚ ਇਹ ਅਕਸਰ 60% ਤੋਂ ਵੀ ਵੱਧ ਹੈ। ਇਨ੍ਹਾਂ ਅਰਥ-ਵਿਵਸਥਾਵਾਂ ਵਿਚ ਖੇਤੀਬਾੜੀ ਪਰਿਵਰਤਨ ਨੂੰ ਅਜਿਹੀਆਂ ਵਿੱਤੀ ਪ੍ਰਣਾਲੀਆਂ ਦਾ ਸਮਰਥਨ ਪ੍ਰਾਪਤ ਹੈ ਜੋ ਸਿਰਫ ਉਤਪਾਦਨ ਦੀ ਬਜਾਏ ਵਸਤਾਂ ਵਿਸ਼ੇਸ਼ ਦੀਆਂ ਮੁੱਲ ਲੜੀਆਂ ਨਾਲ ਜੁੜੀਆਂ ਹੋਈਆਂ ਹਨ।

ਸਰਕਾਰ ਦਾ ਕਿਸਾਨਾਂ ਦੀ ਆਮਦਨ ਦੁੱਗਣੀ ਕਰਨ ਦਾ ਸੁਪਨਾ ਅਜੇ ਅਧੂਰਾ ਹੈ। ਖੇਤੀਬਾੜੀ ਵਿਕਾਸ ਲਈ ਇਕ ਮਜਬੂਤ ਢਾਂਚਾ ਤਿਆਰ ਕਰਨਾ 'ਵਿਕਸਤ ਭਾਰਤ 2047' ਦੇ ਦ੍ਰਿਸ਼ਟੀਕੋਣ ਨੂੰ ਪ੍ਰਾਪਤ ਕਰਨ ਲਈ ਸਭ ਤੋਂ ਮਹੱਤਵਪੂਰਨ ਸੁਧਾਰਾਂ 'ਚੋਂ ਇਕ ਹੈ। ਪਰ ਮੌਜੂਦਾ ਦੌਰ ਵਿਚ ਸਿਆਸੀ ਪਾਰਟੀਆਂ ਸੱਤਾ ਹਾਸਲ ਕਰਨ ਜਾਂ ਸੱਤਾ ਬਰਕਰਾਰ ਰੱਖਣ ਲਈ ਮੁੱਖ ਤੌਰ 'ਤੇ ਮੁਫਤ ਦੀਆਂ ਸਹੂਲਤਾਂ ਅਤੇ ਭਲਾਈ ਸਕੀਮਾਂ 'ਤੇ ਨਿਰਭਰ ਹੋ ਰਹੀਆਂ ਹਨ। ਅਜਿਹੇ ਦੌਰ ਵਿੱਚ ਜਿੱਥੇ ਚੋਣਾਂ ਹੁੰਦੀਆਂ ਤਾਂ ਹਨ ਪਰ ਉਹ ਨਿਰਪੱਖ ਨਹੀਂ ਜਾਪਦੀਆਂ, ਸੱਤਾ ਵਿਚ ਬੈਠੀ ਉਸ ਸ਼ਕਤੀਸ਼ਾਲੀ ਧਿਰ ਨੂੰ ਹਟਾਉਣਾ ਬਹੁਤ ਮੁਸ਼ਕਲ ਹੋ ਜਾਂਦਾ ਹੈ ਜੋ ਆਪਣੇ ਫਾਇਦੇ ਲਈ ਸਰਕਾਰੀ ਤੰਤਰ ਦੀ ਵਰਤੋਂ ਕਰ ਸਕਦੀ ਹੈ ਅਤੇ ਆਪਣੀ ਸਹੂਲਤ ਅਨੁਸਾਰ ਮੁੱਦਿਆਂ 'ਤੇ ਆਪਣਾ ਰੁਖ ਬਦਲ ਸਕਦੀ ਹੈ। ਇਸ ਸਮੇਂ ਖੇਤੀਬਾੜੀ ਅਰਥਵਿਵਸਥਾ ਨੂੰ ਹੁਲਾਰਾ ਦੇਣ ਅਤੇ ਪੇਂਡੂ ਇਲਾਕਿਆਂ ਵਿਚ ਖੁਸ਼ਹਾਲੀ ਲਿਆਉਣ ਲਈ ਲੋੜ ਹੈ ਕਿ ਦੇਸ਼ ਲਈ ਅਜਿਹੀ ਨੀਤੀ ਤਿਆਰ ਕੀਤੀ ਜਾਵੇ ਜਿਸ ਨਾਲ ਖੇਤੀ ਉਤਪਾਦਾਂ ਦੀ ਖਪਤਕਾਰਾਂ ਤੱਕ ਪਹੁੰਚ ਦੀ ਲੜੀ ਵਿਚ, ਭਾਵ ਕਿਸਾਨ, ਇਨਪੁਟ ਸਪਲਾਇਰ, ਇਕੱਤਰ ਕਰਨ ਵਾਲੇ (ਐਗਰੀਗੇਟਰਾਂ), ਪ੍ਰੋਸੈਸਰ, ਪ੍ਰਚੂਨ ਵਿਕਰੇਤਾ ਅਤੇ ਨਿਰਯਾਤਕ ਆਦਿ ਹਰ ਇਕ ਤੱਕ ਲਾਭ ਪਹੁੰਚੇ, ਨਿੱਜੀ ਨਿਵੇਸ਼ ਨੂੰ ਹੁਲਾਰਾ ਮਿਲੇ, ਪੇਂਡੂ ਉਦਯੋਗੀਕਰਨ ਵਿਚ ਤੇਜੀ ਆਵੇ, ਪੇਂਡੂ ਖੇਤਰ ਵਿਚ ਰੁਜਗਾਰ ਪੈਦਾ ਹੋਣ, ਕਿਸਾਨਾਂ ਦੀ ਆਮਦਨ ਵਿਚ ਸੁਧਾਰ ਹੋਵੇ ਤੇ ਪੇਂਡੂ ਇਲਾਕਿਆਂ ਵਿਚ ਖੁਸ਼ਹਾਲੀ ਆਵੇ।

ਬਲਵਿੰਦਰ ਸਿੰਘ ਸਿੱਧੂ

ਅੰਨ੍ਹਾ ਕੀ ਭਾਲੇ ਦੋ ਅੱਖਾਂ !

ਸਰਦਾਰ ਭਗਤ ਸਿੰਘ ਦੇ ਸੌਵੇਂ ਜਨਮ ਦਿਹਾੜੇ 'ਤੇ ਜਦੋਂ ਮੇਰੇ ਇੱਕ ਲੇਖ ਨੂੰ ਮਿਲਿਆ ਵਿਸੇਸ ਮਾਣ।

ਸਾਲ 2007 ਚੜ੍ਹਦਿਆਂ ਹੀ ਸਹੀਦ-ਏ-ਆਜਮ ਸਰਦਾਰ ਭਗਤ ਸਿੰਘ ਦੇ ਜਨਮ ਦੀ ਸਤਾਬਦੀ ਨੂੰ ਸਮਰਪਿਤ ਵਿਸੇਸ ਸਮਾਗਮ ਅਤੇ ਪ੍ਰੋਗਰਾਮ ਉਲੀਕੇ ਜਾਣ ਲੱਗ ਪਏ। ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਕਾਸ਼ਿਤ ਬਾਲ ਮੈਗਜੀਨ 'ਪੰਖੜੀਆਂ' ਦੇ ਪ੍ਰਬੰਧਕਾਂ ਅਤੇ ਸੰਪਾਦਕੀ ਟੀਮ ਵੱਲੋਂ ਵੀ ਸਰਦਾਰ ਭਗਤ ਸਿੰਘ ਦੇ ਜੀਵਨ 'ਤੇ ਆਧਾਰਿਤ ਇੱਕ ਵਿਸੇਸ ਅੰਕ ਪ੍ਰਕਾਸ਼ਿਤ ਕਰਨ ਦਾ ਫੈਸਲਾ ਕੀਤਾ ਗਿਆ। ਇਸ ਉਦੇਸ ਦੀ ਪੂਰਤੀ ਲਈ ਵਿਸੇਸ ਲੇਖਾਂ ਦੀ ਮੰਗ ਕੀਤੀ ਗਈ। ਇਸ ਸਬੰਧ ਵਿੱਚ ਮੈਂ ਵੀ ਆਪਣੀ ਤੁੱਛ ਬੁੱਧੀ ਅਨੁਸਾਰ ਸਰਦਾਰ ਭਗਤ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂਰਾਜਗੁਰੂ ਤੇ ਸੁਖਦੇਵਦੇ ਜੀਵਨ, ਸੰਘਰਸ ਅਤੇ ਉਨ੍ਹਾਂ ਦੀ ਨਿਵੇਕਲੀ ਸਾਂਝ ਦੇ ਇਤਿਹਾਸ ਨੂੰ ਪੜ੍ਹਨ-ਵਾਚਣ ਦਾ ਯਤਨ ਕੀਤਾ। ਇਸੇ ਯਤਨ ਸਦਕਾ ਮੈਂ ਇੱਕ ਲੇਖ ਲਿਖਿਆ, ਜਿਸ ਦਾ ਸਿਰਲੇਖ ਸੀ'ਤਿੰਨ ਇਨਕਲਾਬੀ ਸਹੀਦ: ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ'।ਲੇਖ ਦੀ ਹੱਥ-ਲਿਖਤ ਲੈ ਕੇ ਮੈਂ ਖੁਦ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਦਫਤਰ, ਸਾਹਿਬਜਾਦਾ ਅਜੀਤ ਸਿੰਘ ਨਗਰ (ਮੁਹਾਲੀ) ਦੇ ਮੈਗਜੀਨ ਸੈਕਸਨ ਵਿੱਚ ਪਹੁੰਚ ਕੇ ਆਪਣੇ ਹੱਥੀਂ ਇਲੇਖ ਉਸ ਸਮੇਂ ਦੇ ਮੈਗਜੀਨ ਸੰਪਾਦਕ ਸਾਹਿਬ ਨੂੰ ਸੌਂਪਿਆ। ਉਨ੍ਹਾਂ ਨੇ ਮੇਰੇ ਲੇਖ 'ਤੇ ਸਰਸਰੀ ਜਿਹੀ ਨਿਗਾਹ ਮਾਰੀ ਅਤੇ ਫਿਰ ਮੇਰੇ ਵੱਲ ਸਵਾਲੀਆ ਨਜਰਾਂ ਨਾਲ ਵੇਖਦਿਆਂ, ਬਿਨਾਂ ਕੋਈ ਟਿੱਪਣੀ ਕੀਤੇ, ਲੇਖ ਆਪਣੇ ਕੋਲ ਰੱਖ ਲਿਆ। ਮੈਂ ਉਨ੍ਹਾਂ ਦਾ ਧੰਨਵਾਦ ਕੀਤਾ ਅਤੇ ਦਫਤਰ ਵਿੱਚੋਂ ਬਾਹਰ ਆ ਗਿਆ।

ਘਰ ਵਾਪਸੀ ਸਮੇਂ ਸੰਪਾਦਕ ਸਾਹਿਬ ਦੀ ਉਹ ਸਵਾਲੀਆ ਨਿਗਾਹ ਮੇਰੇ ਜ਼ਿਹਨ ਵਿੱਚ ਵਾਰ-ਵਾਰ ਉੱਭਰਨ ਲੱਗੀ। ਮੇਰੇ ਮਨ ਵਿੱਚ ਇੱਕ ਦੁਬਿਧਾ ਪੈਦਾ ਹੋ ਗਈ। ਮੈਂ ਸੋਚਣ ਲੱਗਾ ਕਿ ਜਨਮ ਸਤਾਬਦੀ ਤਾਂ ਸਰਦਾਰ ਭਗਤ ਸਿੰਘ ਦੀ ਮਨਾਈ ਜਾ ਰਹੀ ਹੈ, ਜਦਕਿ ਮੇਰੇ ਲੇਖ ਵਿੱਚ ਉਨ੍ਹਾਂ ਦੇ ਇਨਕਲਾਬੀ ਸੰਘਰਸ ਅਤੇ ਸਹਾਦਤ ਦੇ ਸਾਥੀ ਰਾਜਗੁਰੂ ਤੇ ਸੁਖਦੇਵ ਦੇ ਜੀਵਨ




ਬਾਰੇ ਵੀ ਵਿਸਥਾਰ ਨਾਲ ਜ਼ਿਕਰ ਕੀਤਾ ਗਿਆ ਹੈ। ਪਤਾ ਨਹੀਂ, ਮੇਰਾ ਇਹ ਲੇਖ ਪ੍ਰਕਾਸ਼ਿਤ ਹੋਵੇਗਾ ਵੀ ਜਾਂ ਨਹੀਂ।ਪਰ ਜਦੋਂ ਸਤੰਬਰ 2007 ਵਿੱਚ ਸਰਦਾਰ ਭਗਤ ਸਿੰਘ ਦੇ ਜੀਵਨ 'ਤੇ ਆਧਾਰਿਤ 'ਪੰਖੜੀਆਂ' ਮੈਗਜੀਨ ਦਾ ਵਿਸੇਸ ਅੰਕ ਮੇਰੇ ਕੋਲ ਪਹੁੰਚਿਆ ਤਾਂ ਇਹ ਵੇਖ ਕੇ ਮੈਂ ਹੈਰਾਨ ਰਹਿ ਗਿਆ ਕਿ ਮੇਰਾ ਉਕਤ ਲੇਖ ਤਿੰਨਾਂ ਸਹੀਦਾਂ ਦੇ ਜੀਵਨ ਨਾਲ ਸਬੰਧਿਤ ਤਸਵੀਰਾਂ ਸਮੇਤ ਬੜੀ ਸੱਜ-ਧੱਜ ਨਾਲ ਪ੍ਰਕਾਸ਼ਿਤ ਕੀਤਾ ਗਿਆ ਸੀ।ਇਹ ਵੇਖ ਕੇ ਮੈਨੂੰ ਹੈਰਾਨੀ ਦੇ ਨਾਲ-ਨਾਲ ਬੇਹੱਦ ਖੁਸੀ ਵੀ ਹੋਈ। ਜਿਸ ਲੇਖ ਦੇ ਪ੍ਰਕਾਸ਼ਿਤ ਹੋਣ ਦੀ ਮੈਨੂੰ ਉਮੀਦ ਤੱਕ ਨਹੀਂ ਸੀ, ਉਸ ਨੂੰ 'ਪੰਖੜੀਆਂ' ਦੇ ਵਿਸੇਸ ਅੰਕ ਵਿੱਚ ਬੜਾ ਯੋਗ ਅਤੇ ਸਨਮਾਨਜਨਕ ਸਥਾਨ ਮਿਲਿਆ ਹੋਇਆ ਸੀ। ਮੇਰੀ ਖੁਸੀ ਦਾ ਕੋਈ ਟਿਕਾਣਾ ਨਹੀਂ ਸੀ।

ਸਮਾਂ ਬੀਤਦਾ ਗਿਆ। ਇਸੇ ਸਾਲ 21 ਨਵੰਬਰ 2007 ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਡਾਇਰੈਕਟਰ (ਅਕਾਦਮਿਕ) ਵੱਲੋਂ ਮੈਨੂੰ ਪੱਤਰ ਨੰਬਰ 316938 ਪ੍ਰਾਪਤ ਹੋਇਆ। ਪੱਤਰ ਦੀ ਇਬਾਰਤ ਕੁਝ ਇਸ ਤਰ੍ਹਾਂ ਸੀ: "ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪੰਜਾਬੀ ਵਿਸੇ ਦੀਆਂ ਨਵੀਆਂ ਪਾਠ-ਪੁਸਤਕਾਂ ਤਿਆਰ ਕੀਤੀਆਂ ਜਾ ਰਹੀਆਂ ਹਨ। ਤੁਹਾਡੀ ਰਚਨਾ/ਲੇਖ 'ਤਿੰਨ ਇਨਕਲਾਬੀ ਸਹੀਦ: ਭਗਤ ਸਿੰਘ, ਸੁਖਦੇਵ ਤੇ ਰਾਜਗੁਰੂ' ਪੰਜਾਬੀ ਪੁਸਤਕ-5 (ਪਹਿਲੀ ਭਾਸਾ) ਵਿੱਚ ਸਾਮਲ ਕਰਨ ਲਈ ਚੁਣਿਆ ਗਿਆ ਹੈ। ਆਪ ਜੀ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਰਚਨਾ ਨੂੰ ਪਾਠ-ਪੁਸਤਕ ਵਿੱਚ ਸਾਮਲ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇ ਜੀ। ਆਪ ਜੀ ਨੂੰ ਬੋਰਡ ਦੁਆਰਾ ਨਿਰਧਾਰਿਤ ਨਿਯਮਾਂ ਅਨੁਸਾਰ ਸੇਵਾਫਲ ਦਿੱਤਾ ਜਾਵੇਗਾ।"ਇਸ ਪੱਤਰ ਨੂੰ ਪੜ੍ਹ ਕੇ ਮੇਰੇ ਮਨ ਨੂੰ ਜੋ ਅਥਾਹ ਖੁਸੀ ਮਿਲੀ, ਉਸ ਨੂੰ ਮੈਂ ਅਤੇ ਮੇਰਾ ਰੱਬ ਹੀ ਜਾਣ ਸਕਦੇ ਸਾਂ। ਉਸ ਅਹਿਸਾਸ ਨੂੰ ਸਬਦਾਂ ਵਿੱਚ ਬਿਆਨ ਕਰਨਾ ਮੇਰੇ ਵੱਸੋਂ ਬਾਹਰ ਸੀ। ਇੱਕ ਆਮ ਜਿਹੇ ਲੇਖਕ ਦੀ ਰਚਨਾ ਨੂੰ ਇੰਨਾ ਵੱਡਾ ਅਤੇ ਯਾਦਗਾਰੀ ਮਾਣ ਮਿਲ ਰਿਹਾ ਸੀ। ਮੇਰੇ ਲਈ ਇਹ ਬੇਹੱਦ ਭਾਵੁਕ, ਮਾਣਮੱਤਾ ਅਤੇ ਅਭੁੱਲ ਪਲ ਸਨ।

ਉਸ ਵੇਲੇ ਮੇਰੇ ਮਨ ਵਿੱਚ ਇਹ ਅਖਾਣ "ਅੰਨ੍ਹਾ ਕੀ ਭਾਲੇਦੋ ਅੱਖਾਂ!" ਵਾਰ-ਵਾਰ ਗੂੰਜਣ ਲੱਗਾ। ਮੇਰੀ ਤਾਂ ਇਹੀ ਇੱਛਾ ਸੀ ਕਿ ਮੇਰੀ ਰਚਨਾ ਪਾਠਕਾਂ ਤੱਕ ਪਹੁੰਚੇ ਅਤੇ ਉਸ ਨੂੰ ਬਣਦਾ ਮਾਣ ਮਿਲੇ। ਪਰ ਹੁਣ ਤਾਂ ਮੇਰੀ ਨਿਮਾਣੀ ਜਿਹੀ ਕਲਮ ਦੀ ਲਿਖਤ ਨੂੰ ਪਾਠ-ਪੁਸਤਕ ਵਿੱਚ ਸਾਮਲ ਕਰਨ ਦਾ ਸੱਦਾ ਮਿਲ ਰਿਹਾ ਸੀ। ਇਹ ਮੇਰੀ ਆਸ ਤੋਂ ਕਿਤੇ ਵੱਧ ਪ੍ਰਾਪਤੀ ਸੀ।ਮੈਂ ਬਿਨਾਂ ਕਿਸੇ ਦੇਰੀ ਦੇ ਪੱਤਰ ਦੇ ਜਵਾਬ ਵਿੱਚ ਧੰਨਵਾਦ ਸਹਿਤ ਆਪਣੀ ਰਚਨਾ ਨੂੰ ਪਾਠ-ਪੁਸਤਕ ਵਿੱਚ ਸਾਮਲ ਕਰਨ ਦੀ ਪ੍ਰਵਾਨਗੀ ਭੇਜ ਦਿੱਤੀ। ਇਸ ਤਰ੍ਹਾਂ ਸਹੀਦ-ਏ-ਆਜਮ ਸਰਦਾਰ ਭਗਤ ਸਿੰਘ ਦੇ ਸੌਵੇਂ ਜਨਮ ਦਿਹਾੜੇ ਦੀ ਸਤਾਬਦੀ ਦੇ ਮੌਕੇ 'ਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਮੇਰੀ ਇਸ ਰਚਨਾ ਨੂੰ ਛੇਵੀਂ ਜਮਾਤ ਦੀ ਪੰਜਾਬੀ ਪਾਠ-ਪੁਸਤਕ ਵਿੱਚ ਪਾਠ ਨੰਬਰ 15 ਵਜੋਂ ਸਾਮਲ ਕਰਕੇ ਮੈਨੂੰ ਜੋ ਮਾਣ ਬਖਸ਼ਿਆ ਗਿਆ, ਉਹ ਮੇਰੇ ਲੇਖਕ ਜੀਵਨ ਦੀ ਇੱਕ ਅਭੁੱਲ ਯਾਦ ਬਣ ਗਿਆ। ਇਥੇ ਵਰਨਣਯੋਗ ਹੈ ਕਿ ਭਾਵੇਂ ਬੋਰਡ ਦੇ ਉਸ ਪੱਤਰ 'ਪੰਜਾਬੀ ਪੁਸਤਕ-5'ਅੰਕਿਤ ਸੀ ਪਰ ਇਹ ਲੇਖ ਛੇਵੀਂ ਜਮਾਤ ਦੀ ਪੰਜਾਬੀ ਪਾਠ ਪੁਸਤਕ ਪ੍ਰਕਾਸ਼ਿਤ ਹੋਇਆ। ਮੇਰੇ ਲਈ ਇਹ ਸਿਰਫ ਇੱਕ ਲੇਖ ਦਾ ਪਾਠ-ਪੁਸਤਕ ਵਿੱਚ ਸਾਮਲ ਹੋਣਾ ਨਹੀਂ ਸੀ, ਸਗੋਂ ਮਹਾਨ ਸਹੀਦ ਸਰਦਾਰ ਭਗਤ ਸਿੰਘ ਅਤੇ ਉਨ੍ਹਾਂ ਦੇ ਦੋ ਸਾਥੀਆਂ ਸਹੀਦਰਾਜਗੁਰੂ ਤੇ ਸੁਖਦੇਵਨੂੰ ਆਪਣੀ ਨਿਮਾਣੀ ਜਿਹੀ ਕਲਮ ਰਾਹੀਂ ਸਰਧਾਂਜਲੀ ਭੇਟ ਕਰਨ ਦਾ ਇਕ ਅਨੋਖਾ ਸੁਭਾਗ ਵੀ ਸੀ।ਅੱਜ ਜਦੋਂ ਮੈਂ ਪਿੱਛੇ ਮੁੜ ਕੇ ਵੇਖਦਾ ਹਾਂ ਤਾਂ ਸਤੰਬਰ 2007 ਦਾ 'ਪੰਖੜੀਆਂ' ਦਾ ਉਹ ਵਿਸੇਸ ਅੰਕ ਅਤੇ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਪ੍ਰਾਪਤ ਹੋਇਆ ਉਹ ਪੱਤਰ ਮੇਰੇ ਮਨ ਵਿੱਚ ਖੁਸੀ, ਸੰਤੁਸਟੀ ਅਤੇ ਮਾਣ ਦੀਆਂ ਯਾਦਾਂ ਤਾਜਾ ਕਰ ਦਿੰਦੇ ਹਨ। ਮੇਰੇ ਲਈ ਇਹ ਗੱਲ ਵੀ ਬਹੁਤ ਤਸੱਲੀ ਵਾਲੀ ਹੈ ਕਿ ਮੇਰੀ ਇਸ ਰਚਨਾ ਨੇ ਪੰਜਾਬੀ ਪਾਠ-ਪੁਸਤਕ ਵਿੱਚ ਪਾਠ ਵਜੋਂ ਲਗਭਗ ਦੋ ਦਹਾਕਿਆਂ ਤੋਂ ਆਪਣੀ ਥਾਂ ਬਣਾਈ ਹੋਈ ਹੈ।ਕਿਸੇ ਲੇਖਕ ਲਈ ਇਸ ਤੋਂ ਵੱਡੀ ਖੁਸੀ ਹੋਰ ਕੀ ਹੋ ਸਕਦੀ ਹੈ ਕਿ ਉਸ ਦੀ ਕਲਮ ਵਿੱਚੋਂ ਨਿਕਲੇ ਸਬਦ ਪੁਸਤਕਾਂ ਦੇ ਪੰਨਿਆਂ ਤੱਕ ਸੀਮਤ ਨਾ ਰਹਿਣ, ਸਗੋਂ ਵਿਦਿਆਰਥੀਆਂ ਤੱਕ ਪਹੁੰਚ ਕੇ ਉਨ੍ਹਾਂ ਨੂੰ ਦੇਸ ਦੀ ਆਜਾਦੀ ਲਈ ਆਪਣਾ ਜੀਵਨ ਕੁਰਬਾਨ ਕਰਨ ਵਾਲੇ ਮਹਾਨ ਸਹੀਦਾਂ ਦੇ ਜੀਵਨ, ਵਿਚਾਰਾਂ ਅਤੇ ਕੁਰਬਾਨੀਆਂ ਨਾਲ ਜੋੜਨ ਦਾ ਮਾਧਿਅਮ ਬਣਨ।ਮੇਰੇ ਲਈ ਇਹ ਪ੍ਰਾਪਤੀ ਕਿਸੇ ਵੱਡੇ ਇਨਾਮ ਜਾਂ ਸਨਮਾਨ ਤੋਂ ਘੱਟ ਨਹੀਂ। ਇਹ ਮੇਰੇ ਲੇਖਕ ਜੀਵਨ ਦੀ ਅਮੁੱਲ ਪੂੰਜੀ ਹੈ, ਜਿਸ ਦੀ ਯਾਦ ਮੇਰੀ ਕਲਮ ਨੂੰ ਅੱਗੇ ਵੀ ਲੋਕ-ਹਿੱਤ ਅਤੇ ਪੰਜਾਬੀ ਮਾਂ-ਬੋਲੀ ਦੀ ਸੇਵਾ ਲਈ ਪ੍ਰੇਰਿਤ ਕਰਦੀ ਰਹੇਗੀ।

ਮਾਸਟਰ
ਲਖਵਿੰਦਰ ਸਿੰਘ
ਰਈਆ



ਕਾਇਮ ਰਹੇ ਚੋਣ ਕਮਿਸ਼ਨ ਦੀ ਭਰੋਸੇਯੋਗਤਾ

ਸੰਵਿਧਾਨ ਨੇ ਭਾਰਤ ਨੂੰ ਲੋਕਤੰਤਰੀ ਗਣਰਾਜ ਐਲਾਨਿਆਂ ਹੈ। ਇਸ ਨੂੰ ਚਲਾਉਣ ਤੇ ਮਜ਼ਬੂਤ ਬਨਾਉਣ ਲਈ ਚੋਣ ਕਮਿਸ਼ਨ, ਵੋਟਰ ਸੂਚੀਆਂ ਤੇ ਚੋਣਾਂ ਦੀ ਮੁੱਖ ਭੂਮਿਕਾ ਹੈ। ਇਹ ਤਿੰਨੇ ਮਿਲ ਕੇ ਲੋਕਾਂ ਦੁਆਰਾ, ਲੋਕਾਂ ਲਈ ਤੇ ਲੋਕਾਂ ਦੀ ਸਰਕਾਰ ਦੇ ਸਿਧਾਂਤ ਨੂੰ ਅਮਲੀ ਰੂਪ ਦਿੰਦੇ ਹਨ। ਭਾਰਤ ਦਾ ਚੋਣ ਕਮਿਸ਼ਨ ਇਕ ਸੰਵਿਧਾਨਿਕ ਅਥਾਰਿਟੀ ਹੈ, ਜੋ ਸੰਵਿਧਾਨ ਦੇ ਆਰਟੀਕਲ 324 ਅਧੀਨ ਲੋਕਸਭਾ, ਰਾਜਸਭਾ, ਰਾਜ ਵਿਧਾਨ ਸਭਾਵਾਂ, ਰਾਸ਼ਟਰਪਤੀ ਅਤੇ ਉਪ-ਰਾਸ਼ਟਰਪਤੀ ਵੱਲੋਂ ਵੋਟਾਂ ਪਵਾਉਣ, ਨਿਰਦੇਸ਼ਨ ਅਤੇ ਕੰਟਰੋਲ ਲਈ ਜ਼ੁੰਮੇਵਾਰ ਹੈ। ਇਸ ਦੀ ਮੁੱਖ ਭੂਮਿਕਾ ਭਾਰਤ 'ਚ ਆਜ਼ਾਦ, ਨਿਰਪੱਖ, ਪਾਰਦਰਸ਼ੀ ਤੇ ਸ਼ਾਤਮਈ ਵੋਟਾਂ ਨੂੰ ਯਕੀਨੀ ਬਨਾਉਣਾ, ਮਾਡਲ ਕੋਡ ਆਫ਼ ਕੰਡਕਟ ਨੂੰ ਲਾਗੂ ਕਰਨਾ, ਚੋਣਾਂ ਦੀਆਂ ਤਰੀਕਾਂ ਦਾ ਐਲਾਨ ਕਰਨਾ ਅਤੇ ਵੋਟਾਂ ਦੀ ਗਿਣਤੀ ਨੂੰ ਕੰਟਰੋਲ ਕਰਨਾ ਅਤੇ ਵੋਟਰ ਜਾਗਰੂਕਤਾ, ਸਵੀਪ ਪ੍ਰੋਗਰਾਮ (ਯੋਜਨਾਬੱਧ ਵੋਟਰ ਸਿੱਖਿਆ ਤੇ ਚੋਣ ਭਾਗੀਦਾਰੀ) ਰਾਹੀਂ ਵੋਟਰਾਂ ਦੀ ਚੋਣ 'ਚ ਭਾਗੀਦਾਰੀ ਨੂੰ ਵਧਾਉਣਾ ਹੈ। ਚੋਣ ਕਮਿਸ਼ਨ ਦੀ ਸੁਤੰਤਰਤਾ ਤੇ ਨਿਰਪਖਤਾ ਹੀ ਲੋਕਤੰਤਰ 'ਚ ਲੋਕਾਂ ਦਾ ਭਰੋਸਾ ਕਾਇਮ ਰੱਖਦੀ ਹੈ। ਵੋਟਰ ਸੂਚੀਆਂ, ਜਿਸ ਆਧਾਰ 'ਤੇ ਚੋਣ ਕਮਿਸ਼ਨ ਚੋਣਾਂ ਕਰਵਾਉਂਦਾ ਹੈ ਲੋਕਤੰਤਰ ਦੀ ਬੁਨਿਆਦ ਹਨ। ਸੰਵਿਧਾਨ ਦੇ ਅਰਟੀਕਲ 326 ਅਨੁਸਾਰ 21 ਸਾਲ ਅਤੇ 61ਵੀਂ ਸੰਵਿਧਾਨਿਕ ਸੋਧ 1989 ਤੋਂ 18 ਸਾਲ ਜਾਂ ਇਸ ਤੋਂ ਵੱਧ ਉਮਰ ਦਾ ਹਰ ਯੋਗ ਭਾਰਤੀ ਨਾਗਰਿਕ ਵੋਟਰ ਵਜੋਂ ਰਜਿਸਟਰ ਹੋਣ ਦਾ ਹੱਕਦਾਰ ਹੈ। ਲੋਕ ਪ੍ਰਤੀਨਿਧਤਾ ਕਾਨੂੰ 1950 ਤੇ 1951 ਅਧੀਨ ਹਰੇਕ ਚੋਣ ਹਲਕੇ ਲਈ ਵੋਟਰ ਸੂਚੀ ਤਿਆਰ ਕੀਤੀ ਜਾਂਦੀ ਹੈ। ਇਹ ਇਕ ਨਾਗਰਿਕ-ਇੱਕ ਵੋਟ ਦੇ ਸਿਧਾਂਤ 'ਤੇ ਅਧਾਰਿਤ ਹੈ। ਵੋਟਰ ਸੂਚੀਆਂ ਦੀ ਮਹੱਤਤਾ ਇਸ ਅਸਲ 'ਤੇ ਅਧਾਰਿਤ ਹੈ ਕਿ ਹਰ ਯੋਗ ਨਾਗਰਿਕ ਨੂੰ ਵੋਟ ਦਾ ਅਧਿਕਾਰ ਮਿਲੇ ਤੇ ਕੋਈ ਅਯੋਗ ਵਿਅਕਤੀ ਵੋਟ ਨਾ ਪਾ ਸਕੇ। ਗਲਤ ਜਾਂ ਪੁਰਾਣੀ ਵੋਟਰ ਸੂਚੀਆਂ ਲੋਕਤੰਤਰ ਨੂੰ ਕਮਜ਼ੋਰ ਕਰਦੀਆਂ ਹਨ, ਜਦਕਿ ਸਾਫ਼ ਤੇ ਅਪਡੇਟ ਸੂਚੀਆਂ ਨਿਰਪੱਖ ਚੋਣਾਂ ਦੀ ਗਾਰੰਟੀ ਦਿੰਦੀਆਂ ਹਨ। ਲੋਕਤੰਤਰ ਨੂੰ ਮਜ਼ਬੂਤ ਬਨਾਉਣ 'ਚ ਜਿੱਥੇ ਵੋਟਰ ਸੂਚੀਆਂ ਦੀ ਸ਼ੁੱਧਤਾ ਅਤੇ ਮੁਕੰਮਲਤਾ ਜ਼ਰੂਰੀ ਹੈ, ਉੱਥੇ ਚੋਣਾਂ ਵੀ ਲੋਕਤੰਤਰੀ ਗਣਰਾਜ ਦਾ ਸਭ ਤੋਂ ਮਹੱਤਵਪੂਰਨ ਸਤੰਬ ਹਨ। ਇਹਨਾਂ ਰਾਹੀਂ ਲੋਕ (ਵੋਟਰ) ਆਪਣੇ ਨੁਮਾਉਂਦੇ ਚੁਣਦੇ ਹਨ, ਸਰਕਾਰ ਬਣਾਉਂਦੇ ਹਨ ਅਤੇ ਹਾਕਮਾਂ ਨੂੰ ਬਤੌਰ ਲੋਕਾਂ ਦੇ ਸੇਵਕ, ਲੋਕਾਂ ਪ੍ਰਤੀ ਜਵਾਬਦੇਹ ਵੀ ਬਣਾਉਂਦੇ ਹਨ। ਚੋਣਾਂ ਦੇ ਨਤੀਜਿਆਂ ਦੇ ਐਲਾਨ ਦੇ ਬਾਅਦ ਸ਼ਾਂਤੀਪੂਰਨ ਤੌਰ 'ਤੇ ਸੱਤਾ ਤਬਦੀਲੀ ਹੁੰਦੀ ਹੈ। ਲੋਕਾਂ ਦੀ ਇੱਛਾ ਤੇ ਚੋਣ ਸਰਕਾਰ ਦੀ ਨੀਤੀ 'ਚੋਂ ਝਲਕਣੀ



ਜ਼ਰੂਰੀ ਹੈ। ਨਿਯਮਤ, ਨਿਰਪੱਖ ਤੇ ਭਾਗੀਦਾਰੀ ਵਾਲੀਆਂ ਚੋਣਾਂ ਲੋਕਤੰਤਰ ਨੂੰ ਜ਼ਿੰਦਾ ਰੱਖਦੀਆਂ ਹਨ। ਘੱਟ ਮਤਦਾਨ ਜਾਂ ਪ੍ਰਭਾਵਿਤ ਚੋਣਾਂ ਇਸ ਨੂੰ ਕਮਜ਼ੋਰ ਬਣਾ ਦਿੰਦੀਆਂ ਹਨ। ਚੋਣ ਕਮਿਸ਼ਨ ਵੱਲੋਂ ਨਿਰਪਖ ਚੋਣਾਂ ਦਾ ਸੰਚਾਲਨ ਲੋਕਾਂ ਦੇ ਚੋਣ ਕਮਿਸ਼ਨ ਪ੍ਰਤੀ ਭਰੋਸੇ ਨੂੰ ਕਾਇਮ ਰੱਖਦਾ ਹੈ। ਚੋਣਾਂ ਲੋਕਾਂ ਦੀ ਇੱਛਾ ਦਾ ਪ੍ਰਗਟਾਵਾ ਹੁੰਦੀਆਂ ਹਨ, ਜਿਸ ਨਾਲ ਜਵਾਬਦੇਹ ਸਰਕਾਰ ਦੀ ਸਥਾਪਨਾ ਤੇ ਸ਼ਾਤੀਪੂਰਨ ਸੱਤਾ ਤਬਦੀਲੀ ਆਸਾਨ ਬਣ ਜਾਂਦੀ ਹੈ। 'ਮਤਦਾਤਾ ਦਾ ਸਨਮਾਨ, ਬਣਾਵੇ ਭਾਰਤ ਨੂੰ ਮਹਾਨ' ਇਕ ਵੋਟਰ ਜਾਗਰੂਕਤਾ ਨਾਲ ਜੁੜਿਆ ਨਾਹਰਾ ਹੈ, ਜਿਸ ਤੋਂ ਭਾਵ ਹੈ ਕਿ ਵੋਟਰ ਦਾ ਸਨਮਾਨ ਉਸ ਦੀ ਚੋਣਾਂ 'ਚ ਸਰਗਰਮ ਹਿੱਸੇਦਾਰੀ ਹੈ। ਜ਼ਿਕਰਯੋਗ ਹੈ ਕਿ ਚੋਣ ਕਮਿਸ਼ਨ ਦੀ ਸਥਾਪਨਾ 25 ਜਨਵਰੀ 1950 ਨੂੰ ਹੋਈ ਹੈ, ਭਾਵ ਗਣਤੰਤਰ ਦਿਵਸ ਤੋਂ ਇੱਕ ਦਿਨ ਪਹਿਲਾਂ। ਸਾਲ 2011 ਤੋਂ ਇਸ ਦਿਨ ਨੂੰ ਕੌਮੀ ਵੋਟਰ ਦਿਵਸ ਦੇ ਤੌਰ 'ਤੇ ਮਨਾਇਆਂ ਜਾਂਦਾ ਹੈ। ਇਸ ਦਾ ਮੁੱਖ ਉਦੇਸ਼ ਨਵੇਂ ਵੋਟਰਾਂ ਨੂੰ ਵੋਟਰ ਸੂਚੀ 'ਚ ਸ਼ਾਮਲ ਕਰਨਾ, ਉਹਨਾਂ ਨੂੰ ਵੋਟ ਦੇ ਅਧਿਕਾਰ ਬਾਰੇ ਜਾਗਰੂਕ ਕਰਨਾ ਤੇ ਵੋਟ ਦਾ ਮਹੱਤਵ ਸਮਝਾਉਣਾ ਹੈ। ਚੋਣ ਕਮਿਸ਼ਨ ਵੱਲੋਂ ਆਪਣੇ ਫਲੈਗਸ਼ਿਪ ਪ੍ਰੋਗਰਾਮ ਸਵੀਪ (ਯੋਜਨਾਬੱਧ ਵੋਟਰ ਸਿੱਖਿਆ ਅਤੇ ਚੋਣ ਭਾਗੀਦਾਰੀ) ਨਾਲ ਵੋਟਰਾਂ ਨੂੰ ਵੋਟ ਦੇ ਮਹੱਤਵ ਤੇ ਚੋਣ ਪ੍ਰਕਿਰਿਆ 'ਚ ਭਾਗ ਲੈਣ ਲਈ ਉਤਸ਼ਾਹਿਤ ਕਰਨਾ ਹੈ। ਸਾਲ 2009 ਤੋਂ ਇਹ ਪ੍ਰੋਗਰਾਮ ਵੋਟਰ ਸਿੱਖਿਆ, ਜਾਗਰੂਕਤਾ ਅਤੇ ਭਾਗੀਦਾਰੀ ਵਧਾਉਣ ਲਈ ਚੱਲ ਰਿਹਾ ਹੈ। ਇਹ ਨਾਹਰਾ ਇਸ ਗੱਲ ਨੂੰ ਉਜਾਗਰ ਕਰਦਾ ਹੈ ਕਿ ਲੋਕਤੰਤਰ 'ਚ ਅਸਲ ਤਾਕਤ ਸੰਸਦ ਜਾਂ ਨੇਤਾਵਾਂ 'ਚ ਨਹੀਂ ਸਗੋਂ ਆਮ ਵੋਟਰਾਂ ਵੱਲੋਂ ਆਪਣੀ ਵੋਟ ਪ੍ਰਤੀ ਜ਼ਿੰਮੇਵਾਰੀ ਨੂੰ ਨਿਭਾਉਣ 'ਚ ਹੈ। ਹਰ ਵੋਟ ਦੇਸ਼ ਦੇ ਭੱਵਿਖ ਨੂੰ ਆਕਾਰ ਦਿੰਦੀ ਹੈ ਸਵੀਪ ਨੇ ਵੋਟਰ ਰਜਿਸਟ੍ਰੇਸ਼ਨ ਅਤੇ ਵੋਟ ਫੀਸਦ ਵਧਾਉਣ 'ਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਚੋਣ ਕਮਿਸ਼ਨ ਵੱਲੋਂ 1950 ਤੋਂ 2024 ਤੱਕ ਭਾਰਤ 'ਚ ਕੁੱਲ ਵੋਟਾਂ ਦੀ ਗਿਣਤੀ ਤੇ ਚੋਣਾਂ 'ਚ ਆਪਣੇ ਮਤਅਧਿਕਾਰ ਦੇ ਵਰਤੋਂ ਕਰਨ ਵਾਲੇ ਵੋਟਰਾਂ ਦੀ ਗਿਣਤੀ ਸਾਂਝੀ ਕੀਤੀ ਹੈ। ਜ਼ਾਰੀ ਅੰਕੜਿਆਂ ਅਨੁਸਾਰ ਭਾਰਤ 'ਚ ਸਾਲ 1951-52 'ਚ ਲੋਕਸਭਾ ਦੀ ਪਹਿਲੀ ਚੋਣ ਹੋਈ। ਜਿਸ 'ਚ 17 ਕਰੋੜ 32 ਲੱਖ ਵੋਟਰ ਸਨ, ਜਿਨ੍ਹਾਂ 'ਚੋਂ 46 ਫੀਸਦ ਵੋਟਰਾਂ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ। ਲੋਕਸਭਾ ਦੀ ਦੂਸਰੀ ਤੋਂ 14ਵੀਂ ਲੋਕਸਭਾ ਦੀਆਂ ਚੋਣਾਂ 'ਚ ਵੋਟਰਾਂ ਦੀ ਭਾਗੀਦਾਰੀ 48 ਫੀਸਦ ਤੋਂ 64 ਫੀਸਦ ਵਿਚਾਲੇ ਰਹੀ। ਪੰਦਰਵੀ ਲੋਕਸਭਾ (2009), ਸੋਲਵੀਂ (2014), ਸਤਾਰਵੀਂ (2019) ਅਤੇ ਅਠਾਰਵੀਂ (2024) 'ਚ ਵੋਟਰਾਂ ਦੀ ਭਾਗੀਦਾਰੀ 58 ਫੀਸਦ ਤੋਂ 67 ਫੀਸਦ ਵਿਚਾਲੇ ਰਹੀ ਹੈ। 18ਵੀਂ ਲੋਕਸਭਾ ਚੋਣਾਂ ਕੁੱਲ ਵੋਟਰ 97 ਕਰੋੜ 97 ਲੱਖ ਸਨ, ਜਿਨ੍ਹਾਂ 'ਚੋਂ 66 ਫੀਸਦ ਨੇ ਆਪਣੇ ਵੋਟ ਅਧਿਕਾਰ ਦੀ ਵਰਤੋਂ ਕੀਤੀ, ਜਦਕਿ 17ਵੀਂ ਲੋਕਸਭਾ (2014) 'ਚ ਵੋਟਰਾਂ ਦੀ ਹਿੱਸੇਦਾਰੀ 67.40 ਫੀਸਦ ਰਹੀ, ਜੋ ਹੁਣ ਤੱਕ ਲੋਕਸਭਾ ਦੀਆਂ ਹੋਈਆਂ ਚੋਣਾਂ 'ਚ ਸਭ ਤੋਂ ਵੱਧ ਹੈ। ਯਕੀਨਨ ਹੀ ਚੋਣ ਕਮਿਸ਼ਨ, ਵੋਟਰ ਸੂਚੀਆਂ ਤੇ ਚੋਣਾਂ ਤਿੰਨੇ ਮਿਲ ਕੇ ਦੁਨੀਆਂ ਦੇ ਸਭ ਤੋਂ ਵੱਡੇ ਅਤੇ ਜੀਵੰਤ ਲੋਕਤੰਤਰ ਬਣਾਉਂਦੇ ਹਨ। ਹਰ ਨਾਗਰਿਕ ਦੀ ਜ਼ਿੰਮੇਵਾਰੀ ਹੈ ਕਿ ਉਹ ਵੋਟਰ ਸੂਚੀ 'ਚ ਸ਼ਾਮਲ ਹੋਵੇ, ਸੂਚਿਤ ਅਤੇ ਨੈਤਿਕ ਵੋਟ ਪਾਵੇ। ਭਾਰਤ 'ਚ ਚੋਣਾਂ ਦੀ ਪ੍ਰਕਿਰਿਆ ਬਹੁਤ ਹੀ ਯੋਜਨਾਬੰਦ, ਕੰਟਰੋਲ ਅਤੇ ਬਹੁ-ਪੜਾਵਾਂ ਵਾਲੀ ਹੈ, ਜਿਸਨੂੰ ਮੁੱਖ ਤੌਰ 'ਤੇ ਲੋਕ ਪ੍ਰਤੀਨਿਧਤਾ ਕਾਨੂੰਨ 1951 ਅਨੁਸਾਰ ਚਲਾਇਆ ਜਾਂਦਾ ਹੈ। ਲੋਕਸਭਾ ਅਤੇ ਰਾਜਾਂ ਦੀਆਂ ਵਿਧਾਨਸਭਾਵਾਂ ਦੀਆਂ ਚੋਣਾਂ ਦੀ ਪ੍ਰਕਿਰਿਆ ਲਗਭਗ ਇਕੋ ਜਿਹੀ ਹੈ। ਚੋਣਾਂ 'ਚ ਲੋਣ ਕਮਿਸ਼ਨ ਵੱਲੋਂ ਮਾਡਲ ਕੋਡ ਆਫ਼ ਕੰਡਕਟ/ਆਦਰਸ਼ ਮਾਰਗਦਰਸ਼ਕ ਨਿਯਮਾਵਲੀ ਜਾਰੀ ਕੀਤੀ ਜਾਂਦੀ ਹੈ। ਵੋਟਰਾਂ ਦੇ ਵਿਸ਼ਵਾਸ ਤੇ ਸਨਮਾਨ ਨਾਲ ਸਬੰਧਿਤ ਰਾਸ਼ਟਰੀ ਪਾਰਟੀਆਂ ਤੇ ਚੋਣ ਉਮੀਦਵਾਰਾਂ ਵੱਲੋਂ ਜਾਰੀ ਚੋਣ ਐਲਾਨ ਪੱਤਰ ਇਕ ਰਸਮੀ ਦਸਤਾਵੇਜ ਹੁੰਦਾ ਹੈ ਜਿਸ 'ਚ ਰਾਜਨੀਤਿਕ ਪਾਰਟੀਆਂ ਚੋਣਾਂ ਤੋਂ ਪਹਿਲਾਂ ਆਪਣੀਆਂ ਨੀਤੀਆਂ, ਵਾਅਦਿਆਂ ਤੇ ਯੋਜਨਾਵਾਂ ਬਾਰੇ ਵੋਟਰਾਂ ਨੂੰ ਦੱਸਦੇ ਹਨ। ਇਹ ਰਾਜਸੀ ਪਾਰਟੀਆਂ ਦਾ ਵੋਟਰਾਂ ਨਾਲ ਕੀਤਾ ਲਿਖਤੀ ਵਾਅਦਾ ਮੰਨਿਆ ਜਾਂਦਾ ਹੈ, ਜੋ ਚੋਣ ਉਮੀਦਵਾਰਾਂ ਅਤੇ ਰਾਸ਼ਟਰੀ ਪਾਰਟੀਆਂ ਦੀ ਜਵਾਬਦੇਹੀ ਤਹਿ ਕਰ ਸਕਦਾ ਹੈ। ਵੋਟਰਾਂ ਦਾ ਸਨਮਾਨ ਚੋਣ ਕਮਿਸ਼ਨ ਦੀ ਨਿਯੁਕਤੀ ਦੀ ਪ੍ਰਕਿਰਿਆ, ਵੋਟਰ ਸੂਚੀਆਂ ਦੀ ਤਿਆਰੀ ਅਤੇ ਵਰਤੇ ਗਏ ਗੈਰ-ਕਾਨੂੰਨੀ ਤੌਰ-ਤਰੀਕੇ ਨੂੰ ਪਖਪਾਤੀ ਢੰਗ ਨਾਲ ਲਾਗੂ ਕਰਨਾ ਚੋਣਾਂ 'ਚ ਵਰਤੀਆਂ ਜਾਂਦੀਆਂ ਈਵੀਐਮ ਦੀ ਵਰਤੋਂ 'ਚ ਪਾਰਦਰਸ਼ਿਤਾ ਅਤੇ ਜਵਾਬਦੇਹੀ ਦੀ ਘਾਟ ਐਸੇ ਮੁੱਦੇ ਹਨ ਜਿਨ੍ਹਾਂ ਉੱਤੇ ਚੋਣ ਕਮਿਸ਼ਨ ਦੀ ਲੋਕਾਂ ਪ੍ਰਤੀ ਜਵਾਬਦੇਹੀ ਅਤੇ ਭਰੋਸੇ ਯੋਗਤਾ ਟਿਕਦੀ ਹੈ। ਪਿਛਲੇ ਕਾਫ਼ੀ ਅਰਸੇ ਤੋਂ ਚੋਣ ਕਮਿਸ਼ਨ ਦੀ ਕਾਰਗੁਜਾਰੀ ਬੇ-ਵਿਸ਼ਵਾਸੀ ਦੇ ਘੇਰੇ 'ਚ ਰਹੀ ਹੈ ਪਰ ਮੌਜੂਦਾ ਚੋਣ ਕਮਿਸ਼ਨ ਨੇ ਆਪਣੀ ਪੱਖਪਾਤੀ ਕਾਰਗੁਜਾਰੀ, ਵੋਟਰ ਸੂਚੀਆਂ 'ਚ ਹੇਰਾਫੇਰੀ ਨੂੰ ਪਖਪਾਤੀ ਢੰਗ ਨਾਲ ਲਾਗੂ ਕਰਨਾ ਆਦਿ ਮੁਦਿਆਂ ਨੇ ਲੋਕਾਂ 'ਚ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਗੁਆ ਦਿੱਤੀ ਹੈ। ਨੌਜਵਾਨ ਵਰਗ, ਵਕੀਲ ਭਾਈਚਾਰਾਂ ਤੇ ਵਿਰੋਧੀ ਸਿਆਸੀ ਪਾਰਟੀਆਂ ਮੌਜੂਦਾ ਚੋਣ ਕਮਿਸ਼ਨ ਦੀ ਨਿਯੁਕਤੀ ਦੀ ਪ੍ਰਕਿਰਿਆ ਅਤੇ ਪੱਖਪਾਤੀ ਕਾਰਗੁਜਾਰੀ ਦਾ ਵਿਰੋਧ ਕਰ ਰਹੀਆਂ ਹਨ। ਚੋਣ ਕਮਿਸ਼ਨ ਵਿਰੁਧ ਸਮੁਚੇ ਭਾਰਤ 'ਚ ਵਿਰੋਧ-ਪ੍ਰਦਰਸ਼ਨ ਹੋ ਰਹੇ ਹਨ। ਉੱਚ ਅਦਾਲਤਾਂ ਤੇ ਭਾਰਤ ਦੀ ਸੁਪਰੀਮ ਕੋਰਟ 'ਚ ਚੋਣ ਕਮਿਸ਼ਨ ਵਿਰੁਧ ਪਟੀਸ਼ਨਾਂ ਵੀ ਚੱਲ ਰਹੀਆਂ ਹਨ। ਲੋਕਾਂ ਦਾ ਕਹਿਣਾ ਹੈ ਕਿ ਮੌਜੂਦਾ ਚੋਣ ਕਮਿਸ਼ਨ ਕੇਂਦਰ ਦੀ ਹਾਕਮ ਧਿਰ ਦੀ ਕਠਪੁਤਲੀ ਬਣ ਕੇ ਰਹਿ ਗਿਆ ਹੈ। ਭਾਰਤ 'ਚ ਚੋਣ ਕਮਿਸ਼ਨ ਦੀ ਭਰੋਸੇਯੋਗਤਾ ਨੂੰ ਬਹਾਲ ਕਰਨ ਅਤੇ ਚੋਣ ਸੁਧਾਰਾਂ ਨੂੰ ਲਾਗੂ ਕਰਨ ਦੀ ਬੇਹੱਦ ਲੋੜ ਹੈ, ਜਿਸ ਨਾਲ ਵੋਟਰਾਂ ਦਾ ਸਨਮਾਨ ਵਧੇਗਾ ਅਤੇ ਭਾਰਤ ਦਾ ਲੋਕਤੰਤਰ ਮਜ਼ਬੂਤ ਹੋਵੇਗਾ।

ਤਰਲੋਚਨ ਸਿੰਘ ਭੱਟੀ

ਜੈੱਨ ਜੀ ਦੀ ਬੇਭਰੋਸਗੀ: ਕਾਰਨ ਅਤੇ ਹੱਲ

ਅੱਜ ਦੁਨੀਆ ਭਰ ਵਿੱਚ ਭਾਵੇਂ ਉਹ ਭਾਰਤ ਦਾ ਕੋਈ ਪਿੰਡ ਹੋਵੇ ਜਾਂ ਅਮਰੀਕਾ ਦਾ ਕੋਈ ਸ਼ਹਿਰ- ਮਾਪਿਆਂ ਦੀ ਇੱਕੋ ਚਿੰਤਾ ਹੈ ਕਿ ਬੱਚੇ ਹਰ ਵੇਲੇ ਮੋਬਾਈਲ ਵਿੱਚ ਰੁੱਝੇ ਰਹਿੰਦੇ ਹਨ, ਉਨ੍ਹਾਂ ਵਿੱਚ ਸਬਰ ਨਹੀਂ ਹੈ, ਉਹ ਕਿਤਾਬਾਂ ਤੋਂ ਦੂਰ ਹੋ ਰਹੇ ਹਨ ਅਤੇ ਉਹ ਛੋਟੀ ਜਿਹੀ ਰੋਕ-ਟੋਕ ਵੀ ਬਰਦਾਸਤ ਨਹੀਂ ਕਰਦੇ। ਆਮ ਤੌਰ 'ਤੇ ਇਸ ਵਰਤਾਰੇ ਨੂੰ ਸਿਰਫ ਅਨੁਸਾਸਨਹੀਣਤਾ ਜਾਂ ਵਿਗੜੀ ਹੋਈ ਪੀੜ੍ਹੀ ਕਹਿ ਕੇ ਖਾਰਜ ਕਰ ਦਿੱਤਾ ਜਾਂਦਾ ਹੈ। ਪਰ ਡੂੰਘੇ ਦਾਰਸਨਿਕ ਅਤੇ ਮਨੋਵਿਗਿਆਨਕ ਪੱਖ ਤੋਂ ਦੇਖਣ ਤੋਂ ਪਤਾ ਲੱਗਦਾ ਹੈ ਕਿ ਜਿਸ ਨੂੰ ਅਸੀਂ ਜੈਨਰੇਸਨ ਜੈੱਡ (ਜੈੱਨ-ਜੀ) ਕਹਿੰਦੇ ਹਾਂ ਭਾਵ 1997 ਤੋਂ 2012 ਦਰਮਿਆਨ ਪੈਦਾ ਹੋਈ ਪੀੜ੍ਹੀ, ਉਹ ਮਨੁੱਖੀ ਇਤਿਹਾਸ ਦੇ ਸਭ ਤੋਂ ਵੱਡੇ ਹੋਂਦ ਦੇ ਸੰਕਟ 'ਚੋਂ ਲੰਘ ਰਹੀ ਹੈ। ਉਨ੍ਹਾਂ ਦਾ ਮੋਬਾਈਲਾਂ ਨਾਲ ਹਰ ਵੇਲੇ ਚਿੰਬੜੇ ਰਹਿਣਾ ਸਿਰਫ ਇੱਕ ਆਦਤ ਨਹੀਂ ਸਗੋਂ ਇੱਕ ਅਜਿਹੀ ਦੁਨੀਆ ਤੋਂ ਬਚਣ ਦਾ ਮਨੋਵਿਗਿਆਨਕ ਯਤਨ ਹੈ ਜੋ ਉਨ੍ਹਾਂ ਨੂੰ ਬੇਹੱਦ ਅਸੁਰੱਖਿਅਤ, ਤੇਜ ਅਤੇ ਖੋਖਲੀ ਲੱਗਦੀ ਹੈ। ਇਸ ਪੀੜ੍ਹੀ ਨੇ ਅੱਖਾਂ ਹੀ ਇੱਕ ਤੇਜ ਰਫਤਾਰ ਦੁਨੀਆ ਵਿੱਚ ਖੋਲ੍ਹੀਆਂ ਹਨ ਜਿੱਥੇ ਜਾਣਕਾਰੀ ਦਾ ਹੜ੍ਹ ਆਇਆ ਹੋਇਆ ਹੈ। ਛੋਟੀਆਂ ਵੀਡੀਓਜ, ਲਗਾਤਾਰ ਨੋਟੀਫਿਕੇਸਨ ਅਤੇ ਤੁਰੰਤ ਮਨੋਰੰਜਨ ਨੇ ਇਨ੍ਹਾਂ ਦੇ ਦਿਮਾਗ ਨੂੰ ਉਤੇਜਨਾ ਦੀ ਲਗਾਤਾਰ ਖੁਰਾਕ ਦਿੱਤੀ ਹੈ, ਜਿਸ ਨੂੰ ਵਿਗਿਆਨਕ ਭਾਸਾ ਵਿੱਚ 'ਡੋਪਾਮਾਈਨ ਬਰਨਆਊਟ' ਕਿਹਾ ਜਾਂਦਾ ਹੈ। ਜਦੋਂ ਦਿਮਾਗ ਨੂੰ ਇੰਨੀ ਜਿਆਦਾ ਉਤੇਜਨਾ ਮਿਲਦੀ ਹੈ ਤਾਂ ਸਾਧਾਰਨ ਜਿੰਦਗੀ ਬੋਰਿੰਗ ਅਤੇ ਬੇਅਰਥ ਲੱਗਣ ਲੱਗ ਪੈਂਦੀ ਹੈ। ਮਨੁੱਖ ਨੇ ਸਦੀਆਂ ਦੇ ਵਿਕਾਸ ਵਿੱਚ 'ਡੂੰਘੇ ਸਮੇਂ' ਯਾਨੀ ਚਿੰਤਨ, ਠਹਿਰਾਅ ਅਤੇ ਸੋਚ-ਵਿਚਾਰ ਦੀ ਕਲਾ ਸਿੱਖੀ ਸੀ। ਕੁਦਰਤ ਨਾਲ ਜੁੜਨਾ ਜਾਂ ਬਿਨਾਂ ਕੁਝ ਕੀਤੇ ਆਪਣੇ ਖਿਆਲਾਂ ਵਿੱਚ ਗੁੰਮ ਹੋਣਾ ਮਨੁੱਖੀ ਚੇਤਨਾ ਦਾ ਅਹਿਮ ਹਿੱਸਾ ਸੀ ਪਰ ਲਗਾਤਾਰ ਬਦਲਦੀ ਸਕਰੀਨ ਕਾਰਨ ਇਹ ਪੀੜ੍ਹੀ ਉਹ ਸਹਿਜਤਾ ਗੁਆ ਰਹੀ ਹੈ। ਉਨ੍ਹਾਂ ਨੂੰ ਜੋ ਥਕਾਵਟ ਮਹਿਸੂਸ ਹੁੰਦੀ ਹੈ, ਉਹ ਸਰੀਰਕ ਨਹੀਂ ਸਗੋਂ ਮਾਨਸਿਕ ਓਵਰਲੋਡ ਦਾ ਨਤੀਜਾ ਹੈ। ਵੱਡਿਆਂ ਨੂੰ ਲੱਗਦਾ ਹੈ ਕਿ ਬੱਚੇ ਸਕਰੀਨ 'ਤੇ ਸਮਾਂ ਬਰਬਾਦ ਕਰ ਰਹੇ ਹਨ ਪਰ ਜੈੱਨ-ਜੀ ਲਈ ਇਹ ਸਕਰੀਨ ਸਿਰਫ ਮਨੋਰੰਜਨ ਦਾ ਸਾਧਨ ਨਹੀਂ ਸਗੋਂ ਉਨ੍ਹਾਂ ਦਾ ਭਾਈਚਾਰਾ ਹੈ, ਜਿੱਥੇ ਉਹ ਆਪਣੀ ਖੁਸੀ, ਉਦਾਸੀ, ਡਰ ਅਤੇ ਬੇਚੈਨੀ ਸਾਂਝੀ ਕਰਦੇ ਹਨ।

ਜੇਕਰ ਅਸੀਂ ਤਸਵੀਰ ਨੂੰ ਪਲਟ ਕੇ ਜੈੱਨ-ਜੀ ਦੇ ਨਜਰੀਏ ਅਤੇ ਉਨ੍ਹਾਂ ਦੀ ਦਲੀਲ ਵੱਲ ਝਾਤੀ ਮਾਰੀਏ ਤਾਂ ਉਨ੍ਹਾਂ ਦਾ ਰੋਸ ਬੇਬੁਨਿਆਦ ਨਹੀਂ ਲੱਗਦਾ। ਨਵੀਂ ਪੀੜ੍ਹੀ ਅਕਸਰ ਇਹ ਸਵਾਲ ਕਰਦੀ ਹੈ ਕਿ ਉਹ ਉਸ ਭਵਿੱਖ ਲਈ ਸਬਰ ਕਿਉਂ ਰੱਖਣ, ਜਿਸ ਦੀ ਕੋਈ ਗਾਰੰਟੀ ਹੀ ਨਹੀਂ ਹੈ? ਪਿਛਲੀਆਂ ਪੀੜ੍ਹੀਆਂ ਦਾ ਇੱਕ ਸਿੱਧਾ ਸਮਾਜਿਕ ਸਮਝੌਤਾ ਸੀ ਕਿ ਚੰਗੀ ਤਰ੍ਹਾਂ ਪੜ੍ਹੋ, ਨੌਕਰੀ ਲੱਗੋ, ਘਰ ਬਣਾਓ ਅਤੇ ਸਾਂਤੀ ਨਾਲ ਜੀਓ। ਪਰ ਅੱਜ ਦੇ ਨੌਜਵਾਨਾਂ ਨੂੰ ਇਹ ਸਮਝੌਤਾ ਇੱਕ ਸੁਪਨਾ ਮਾਤਰ ਲੱਗਦਾ ਹੈ। ਉਹ ਦੇਖ ਰਹੇ ਹਨ ਕਿ ਮਹਿੰਗੀਆਂ ਡਿਗਰੀਆਂ ਲੈਣ ਦੇ ਬਾਵਜੂਦ ਨੌਕਰੀਆਂ ਨਹੀਂ ਹਨ, ਆਰਥਿਕ ਪਾੜਾ ਲਗਾਤਾਰ ਵਧ ਰਿਹਾ ਹੈ, ਧਰਤੀ ਦਾ ਵਾਤਾਵਰਨ ਵਿਗੜ ਰਿਹਾ ਹੈ ਅਤੇ ਜਿਹੜੀਆਂ ਥੋੜ੍ਹੀਆਂ-ਬਹੁਤੀਆਂ ਨੌਕਰੀਆਂ ਬਚੀਆਂ ਹਨ, ਉਨ੍ਹਾਂ ਨੂੰ ਆਰਟੀਫੀਸੀਅਲ ਇੰਟੈਲੀਜੈਂਸ (ਏ ਆਈ) ਖੋਹਣ ਲਈ



ਤਿਆਰ ਹੈ। ਜਦੋਂ ਭਵਿੱਖ ਇੰਨਾ ਧੁੰਦਲਾ ਹੋਵੇ ਤਾਂ 'ਅੱਜ' ਵਿੱਚ ਜਿਊਣਾ ਅਤੇ ਤੁਰੰਤ ਖੁਸੀ ਭਾਲਣਾ ਉਨ੍ਹਾਂ ਲਈ ਇੱਕ ਮਨੋਵਿਗਿਆਨਕ ਬਚਾਅ ਦਾ ਤਰੀਕਾ ਬਣ ਜਾਂਦਾ ਹੈ।

ਇਹ ਮਾਨਸਿਕ ਉਲਝਣ ਅਤੇ ਸਿਸਟਮ ਪ੍ਰਤੀ ਬੇਭਰੋਸਗੀ ਸਿਰਫ ਇੱਕ ਵਿਅਕਤੀ ਜਾਂ ਘਰ ਤੱਕ ਸੀਮਤ ਨਹੀਂ ਸਗੋਂ ਇਸਨੇ ਇੱਕ ਵਿਸਵ-ਵਿਆਪੀ ਬੇਚੈਨੀ ਦਾ ਰੂਪ ਧਾਰ ਲਿਆ ਹੈ। ਜਦੋਂ ਮਿਹਨਤ ਅਤੇ ਇਨਸਾਫ ਦੀ ਉਮੀਦ ਟੁੱਟਦੀ ਹੈ ਤਾਂ ਨਿਰਾਸਾ ਵੱਡੇ ਜਨਤਕ ਰੋਸ ਦਾ ਰੂਪ ਲੈ ਲੈਂਦੀ ਹੈ। ਜੈੱਨ-ਜੀ ਮਹਿਸੂਸ ਕਰਦੀ ਹੈ ਕਿ ਰਵਾਇਤੀ ਲੀਡਰਸਿਪ ਅਤੇ ਸੰਸਥਾਵਾਂ ਉਨ੍ਹਾਂ ਦੀਆਂ ਸਮੱਸਿਆਵਾਂ ਪ੍ਰਤੀ ਗੰਭੀਰ ਨਹੀਂ ਹਨ। ਅਸੀਂ ਦੇਖਿਆ ਹੈ ਕਿ ਕਿਵੇਂ 2025 ਵਿੱਚ ਅਫਰੀਕਾ ਅਤੇ ਨੇਪਾਲ ਵਿੱਚ ਨੌਜਵਾਨਾਂ ਨੇ ਬੇਰੁਜਗਾਰੀ, ਭ੍ਰਿਸਟਾਚਾਰ ਅਤੇ ਸੋਸਲ ਮੀਡੀਆ ਪਾਬੰਦੀਆਂ ਖਿਲਾਫ ਆਵਾਜ ਬੁਲੰਦ ਕੀਤੀ। ਇਸੇ ਤਰ੍ਹਾਂ ਬੰਗਲਾਦੇਸ ਦੇ 2024 ਅਤੇ ਸ੍ਰੀਲੰਕਾ ਦੇ 2022 ਦੇ ਅੰਦੋਲਨਾਂ ਵਿੱਚ ਵਿਦਿਆਰਥੀਆਂ ਨੇ ਸੜਕਾਂ 'ਤੇ ਉੱਤਰ ਕੇ ਸਿਆਸੀ ਢਾਂਚੇ ਵਿੱਚ ਵੱਡੀਆਂ ਤਬਦੀਲੀਆਂ ਲਿਆਂਦੀਆਂ। ਮੈਕਸੀਕੋ ਵਿੱਚ ਵੀ ਨੌਜਵਾਨਾਂ ਨੇ ਆਪਣੇ ਹੱਕਾਂ ਲਈ ਆਵਾਜ ਉਠਾਈ। ਭਾਰਤ ਵਿੱਚ ਜੰਤਰ ਮੰਤਰ 'ਤੇ ਪ੍ਰਤੀਯੋਗੀ ਪ੍ਰੀਖਿਆਵਾਂ ਦੀਆਂ ਬੇਨਿਯਮੀਆਂ ਖਿਲਾਫ ਨੌਜਵਾਨਾਂ ਦਾ ਰੋਸ ਇਸੇ ਕੜੀ ਦਾ ਹਿੱਸਾ ਸੀ। ਇਨ੍ਹਾਂ ਸਾਰੇ ਇਕੱਠਾਂ ਵਿੱਚ ਇੱਕ ਗੱਲ ਸਾਂਝੀ ਸੀ ਕਿ ਇਹ ਸਭ ਸੋਸਲ ਮੀਡੀਆ ਰਾਹੀਂ ਜੁੜੇ ਹੋਏ ਨੌਜਵਾਨ ਸਨ ਜੋ ਆਪਣੇ ਭਵਿੱਖ ਨੂੰ ਬਚਾਉਣ ਲਈ ਸਿਸਟਮ ਨੂੰ ਜਵਾਬਦੇਹ ਬਣਾਉਣ ਦਾ ਯਤਨ ਕਰ ਰਹੇ ਸਨ।


ਇਸੇ ਆਲਮੀ ਸੰਦਰਭ ਅਤੇ ਭਰੋਸੇ ਦੇ ਸੰਕਟ ਵਿੱਚ ਪੰਜਾਬ ਦੀਆਂ ਚਿਤਕਾਰਾ ਅਤੇ ਲਵਲੀ ਪ੍ਰੋਫੈਸਨਲ ਯੂਨੀਵਰਸਿਟੀ (ਐੱਲ ਪੀ ਯੂ) 'ਚ ਵਾਪਰੀਆਂ ਘਟਨਾਵਾਂ ਨੂੰ ਸਮਝਣ ਦੀ ਲੋੜ ਹੈ। ਇਨ੍ਹਾਂ ਯੂਨੀਵਰਸਿਟੀਆਂ ਵਿੱਚ ਵਿਦਿਆਰਥਣਾਂ ਨਾਲ ਜੁੜੀਆਂ ਅਪੁਸਟ ਖਬਰਾਂ ਸੋਸਲ ਮੀਡੀਆ ਰਾਹੀਂ ਜੰਗਲ ਦੀ ਅੱਗ ਵਾਂਗ ਫੈਲੀਆਂ, ਜਿਸ ਤੋਂ ਬਾਅਦ ਵੱਡੀ ਪੱਧਰ 'ਤੇ ਰੋਹ ਦੇਖਣ ਨੂੰ ਮਿਲਿਆ। ਪੁਲੀਸ ਜਾਂ ਪ੍ਰਸਾਸਨ ਨੇ ਭਾਵੇਂ ਇਨ੍ਹਾਂ ਦਾਅਵਿਆਂ ਨੂੰ ਨਕਾਰਿਆ ਪਰ ਵਿਦਿਆਰਥੀਆਂ ਨੇ ਸੌਖਿਆਂ ਯਕੀਨ ਨਹੀਂ ਕੀਤਾ। ਪੁਰਾਣੀ ਪੀੜ੍ਹੀ ਇਸ ਨੂੰ 'ਅਫਵਾਹਾਂ ਮਗਰ ਲੱਗਣਾ' ਕਹਿੰਦੀ ਹੈ ਪਰ ਜੈੱਨ-ਜੀ ਦੀ ਦਲੀਲ ਹੈ ਕਿ ਸੰਸਥਾਵਾਂ ਆਪਣੇ ਵੱਕਾਰ ਨੂੰ ਬਚਾਉਣ ਲਈ ਜਾਣਕਾਰੀ ਛੁਪਾਉਂਦੀਆਂ ਹਨ। ਉਨ੍ਹਾਂ ਦਾ ਅਧਿਕਾਰਤ ਬਿਆਨਾਂ ਤੋਂ ਭਰੋਸਾ ਇੰਨਾ ਉੱਠ ਚੁੱਕਾ ਹੈ ਕਿ ਉਹ ਆਪਣੇ ਸਾਥੀਆਂ ਦੇ ਡਿਜੀਟਲ ਨੈੱਟਵਰਕ ਨੂੰ ਜਿਆਦਾ ਪ੍ਰਮਾਣਿਕ ਮੰਨਦੇ ਹਨ। ਜਦੋਂ ਵਿਸਵਾਸ ਦਾ ਸੰਕਟ ਇੰਨਾ ਡੂੰਘਾ ਹੋਵੇ ਤਾਂ ਭੀੜ-ਮਨੋਵਿਗਿਆਨ ਬਹੁਤ ਜਲਦੀ ਹਾਵੀ ਹੋ ਜਾਂਦਾ ਹੈ। ਨੌਜਵਾਨਾਂ ਲਈ ਡਿਜੀਟਲ ਦੁਨੀਆ ਦਾ ਅਤਿ-ਯਥਾਰਥ ਜਮੀਨੀ ਸਚਾਈ ਨਾਲੋਂ ਵੱਧ ਅਸਲੀ ਬਣ ਜਾਂਦਾ ਹੈ। ਇੱਥੇ ਇੱਕ ਵੱਡਾ ਸਵਾਲ ਪੈਦਾ ਹੁੰਦਾ ਹੈ ਕਿ ਕੀ ਨਵੀਂ ਪੀੜ੍ਹੀ ਦਾ ਇਹ ਬੇਚੈਨ ਅਤੇ ਤੁਰੰਤ ਪ੍ਰਤੀਕਿਰਿਆ ਦੇਣ ਵਾਲਾ ਵਤੀਰਾ ਸਿਰਫ ਇੱਕ ਸਮੱਸਿਆ ਹੈ? ਜਾਂ ਕੀ ਇਹ ਬਦਲਦੇ ਸਮੇਂ ਦੀ ਮੰਗ ਹੈ? ਜੇਕਰ ਅਸੀਂ ਡੂੰਘਾਈ ਵਿੱਚ ਜਾਈਏ ਤਾਂ ਸਾਨੂੰ ਸਮਝ ਆਵੇਗਾ ਕਿ ਨਵੀਂ ਪੀੜ੍ਹੀ ਦੀ ਇਹ ਪਹੁੰਚ ਰਵਾਇਤੀ ਪ੍ਰਸਾਸਨਿਕ ਢਾਂਚੇ ਵਿੱਚ ਸੁਧਾਰ ਲਿਆਉਣ ਲਈ ਕਾਰਗਰ ਵੀ ਸਾਬਤ ਹੋ ਰਹੀ ਹੈ। ਜੇਕਰ ਜੈੱਨ-ਜੀ ਪਿਛਲੀਆਂ ਪੀੜ੍ਹੀਆਂ ਵਾਂਗ ਖਾਮੋਸ ਰਹਿੰਦੀ ਅਤੇ ਹਰ ਚੀਜ ਨੂੰ ਬਿਨਾਂ ਸਵਾਲ ਕੀਤੇ ਸਵੀਕਾਰ ਕਰ ਲੈਂਦੀ ਤਾਂ ਸਾਇਦ ਬਹੁਤ ਸਾਰੀਆਂ ਬੁਨਿਆਦੀ ਸਮੱਸਿਆਵਾਂ ਕਦੇ ਸਾਹਮਣੇ ਹੀ ਨਾ ਆਉਂਦੀਆਂ। ਉਨ੍ਹਾਂ ਦੀ ਸਵਾਲ ਕਰਨ ਦੀ ਆਦਤ ਅਸਲ ਵਿੱਚ ਰਵਾਇਤੀ ਢਾਂਚੇ ਦੀ ਸੁਸਤੀ ਦੀ ਤਿੱਖੀ ਆਲੋਚਨਾ ਹੈ। ਜਦੋਂ ਸੰਸਥਾਵਾਂ ਜਾਣਕਾਰੀ ਸਪੱਸਟ ਨਹੀਂ ਕਰਦੀਆਂ ਤਾਂ ਨੌਜਵਾਨਾਂ ਦਾ ਸੋਸਲ ਮੀਡੀਆ 'ਤੇ ਤੁਰੰਤ ਇਕੱਠੇ ਹੋਣਾ ਅਤੇ ਅਦਾਰਿਆਂ ਤੋਂ ਜਵਾਬ ਮੰਗਣਾ ਲੋਕਤੰਤਰ ਦਾ ਇੱਕ ਨਵਾਂ ਡਿਜੀਟਲ ਰੂਪ ਹੈ। ਉਹ ਕਿਸੇ ਨਿਆਂ ਲਈ ਲੰਮੀ ਉਡੀਕ ਨਹੀਂ ਕਰਨਾ ਚਾਹੁੰਦੇ, ਉਹ ਤੁਰੰਤ ਜਵਾਬਦੇਹੀ ਮੰਗਦੇ ਹਨ ਅਤੇ ਇੱਕ ਪਾਰਦਰਸੀ ਸਮਾਜ ਲਈ ਇਹ ਜਰੂਰੀ ਵੀ ਹੈ। ਪਰ ਇਸ ਕਾਹਲੀ ਦੀ ਇੱਕ ਬਹੁਤ ਵੱਡੀ ਮਾਨਸਿਕ ਕੀਮਤ ਵੀ ਚੁਕਾਉਣੀ ਪੈ ਰਹੀ ਹੈ। ਤੁਰੰਤ ਪ੍ਰਤੀਕਿਰਿਆ ਦੇਣ ਦੀ ਆਦਤ ਕਾਰਨ ਨੌਜਵਾਨ ਆਪਣਾ ਮਾਨਸਿਕ ਸੰਤੁਲਨ ਗੁਆ ਰਹੇ ਹਨ ਅਤੇ ਅਕਸਰ ਅਪੁਸਟ ਜਾਣਕਾਰੀ ਦਾ ਸਿਕਾਰ ਹੋ ਜਾਂਦੇ ਹਨ। ਇੱਥੇ ਲੋੜ ਉਨ੍ਹਾਂ ਨੂੰ ਦਬਾਉਣ ਦੀ ਨਹੀਂ ਸਗੋਂ ਉਨ੍ਹਾਂ ਦੀ ਊਰਜਾ ਨੂੰ ਸਹੀ ਦਿਸਾ ਦੇਣ ਦੀ ਹੈ, ਜਿਸ ਲਈ ਸਰਕਾਰ, ਸਮਾਜ, ਸਿੱਖਿਆ ਅਦਾਰਿਆਂ ਅਤੇ ਮਾਪਿਆਂ ਨੂੰ ਆਪਣੀਆਂ ਜਿੰਮੇਵਾਰੀਆਂ ਨਿਭਾਉਣੀਆਂ ਪੈਣਗੀਆਂ। ਸਰਕਾਰਾਂ ਨੂੰ ਇਹ ਸਮਝਣਾ ਪਵੇਗਾ ਕਿ ਇੰਟਰਨੈੱਟ ਪਾਬੰਦੀਆਂ ਨਾਲ ਆਵਾਜਾਂ ਨਹੀਂ ਦਬਾਈਆਂ ਜਾ ਸਕਦੀਆਂ। ਸਰਕਾਰ ਦੀ ਵੱਡੀ ਜਿੰਮੇਵਾਰੀ ਸੋਸਲ ਮੀਡੀਆ ਪਲੇਟਫਾਰਮਾਂ ਦੇ ਉਨ੍ਹਾਂ ਐਲਗੋਰਿਦਮਾਂ ਨੂੰ ਨਿਯਮਤ ਕਰਨਾ ਹੈ ਜੋ ਨੌਜਵਾਨਾਂ ਨੂੰ ਡਰ ਅਤੇ ਉਦਾਸੀ ਵਾਲੀ ਸਮੱਗਰੀ ਦਿਖਾਉਂਦੇ ਹਨ। ਇਸਦੇ ਨਾਲ ਹੀ ਸਿਸਟਮ ਵਿੱਚ ਵੱਧ ਤੋਂ ਵੱਧ ਪਾਰਦਰਸਤਾ ਲਿਆਉਣੀ ਪਵੇਗੀ ਤਾਂ ਜੋ ਨੌਜਵਾਨਾਂ ਦਾ ਭਰੋਸਾ ਬਹਾਲ ਹੋ ਸਕੇ।

ਸਰਕਾਰਾਂ ਦੇ ਨਾਲ-ਨਾਲ ਸਮਾਜ ਅਤੇ ਸਿੱਖਿਆ ਢਾਂਚੇ ਦੀ ਵੀ ਬਰਾਬਰ ਜਿੰਮੇਵਾਰੀ ਬਣਦੀ ਹੈ। ਸਮਾਜ ਨੂੰ ਨਵੀਂ ਪੀੜ੍ਹੀ ਦੇ ਠੱਪਾ ਲਾਉਣਾ ਬੰਦ ਕਰਕੇ ਇੱਕ ਅਜਿਹਾ ਮਾਹੌਲ ਸਿਰਜਣਾ ਪਵੇਗਾ, ਜਿੱਥੇ ਨੌਜਵਾਨ ਆਪਣੀ ਮਾਨਸਿਕ ਸਿਹਤ, ਉਦਾਸੀ ਅਤੇ ਚਿੰਤਾ ਬਾਰੇ ਖੁੱਲ੍ਹ ਕੇ ਗੱਲ ਕਰ ਸਕਣ। ਸਿੱਖਿਆ ਅਦਾਰਿਆਂ ਨੂੰ ਸਿਰਫ ਕਿਤਾਬੀ ਗਿਆਨ ਦੇਣ ਤੋਂ ਅੱਗੇ ਵਧਣਾ ਪਵੇਗਾ। ਸਕੂਲਾਂ ਅਤੇ ਕਾਲਜਾਂ ਦੇ ਪਾਠਕ੍ਰਮ ਵਿੱਚ ਡਿਜੀਟਲ ਸਾਖਰਤਾ ਅਤੇ ਆਲੋਚਨਾਤਮਕ ਸੋਚ ਨੂੰ ਲਾਜਮੀ ਕਰਨਾ ਚਾਹੀਦਾ ਹੈ। ਬੱਚਿਆਂ ਨੂੰ ਸਿਖਾਇਆ ਜਾਵੇ ਕਿ ਫਰਜੀ ਖਬਰਾਂ ਕਿਵੇਂ ਪਛਾਣਨੀਆਂ ਹਨ ਅਤੇ ਆਪਣੀ ਭਾਵਨਾਤਮਕ ਪ੍ਰਤੀਕਿਰਿਆ 'ਤੇ ਕਿਵੇਂ ਕਾਬੂ ਰੱਖਣਾ ਹੈ। ਜੇਕਰ ਕਾਲਜਾਂ ਵਿੱਚ ਕੋਈ ਅਫਵਾਹ ਫੈਲਦੀ ਹੈ ਤਾਂ ਪ੍ਰਸਾਸਨ ਨੂੰ ਗੱਲ ਛੁਪਾਉਣ ਦੀ ਬਜਾਏ ਵਿਦਿਆਰਥੀਆਂ ਨਾਲ ਖੁੱਲ੍ਹਾ ਅਤੇ ਪਾਰਦਰਸੀ ਸੰਵਾਦ ਰਚਣਾ ਚਾਹੀਦਾ ਹੈ।ਇਸ ਸਾਰੀ ਪ੍ਰਕਿਰਿਆ ਵਿੱਚ ਮਾਪਿਆਂ ਦੀ ਭੂਮਿਕਾ ਸਭ ਤੋਂ ਅਹਿਮ ਹੈ, ਕਿਉਂਕਿ ਬਦਲਾਅ ਦੀ ਸੁਰੂਆਤ ਘਰੋਂ ਹੀ ਹੁੰਦੀ ਹੈ। ਮਾਪਿਆਂ ਨੂੰ ਬੱਚਿਆਂ ਨਾਲ ਹੁਕਮਰਾਨਾਂ ਵਾਂਗ ਨਹੀਂ ਸਗੋਂ ਸਹਿਯੋਗੀਆਂ ਵਾਂਗ ਪੇਸ ਆਉਣਾ ਪਵੇਗਾ। ਜਦੋਂ ਬੱਚਾ ਕੋਈ ਸਮੱਸਿਆ ਦੱਸੇ ਤਾਂ ਤੁਰੰਤ ਭਾਸਣ ਦੇਣ ਦੀ ਬਜਾਏ ਉਸ ਨੂੰ ਚੁੱਪ-ਚਾਪ ਸੁਣਨਾ ਬਹੁਤ ਜਰੂਰੀ ਹੈ। ਇਸਦੇ ਨਾਲ ਹੀ ਘਰ ਵਿੱਚ ਡਿਜੀਟਲ ਹੱਦਾਂ ਤੈਅ ਕਰਨੀਆਂ ਪੈਣਗੀਆਂ, ਜਿਸ ਦੀ ਸੁਰੂਆਤ ਮਾਪਿਆਂ ਨੂੰ ਆਪਣੇ ਫੋਨ ਛੱਡ ਕੇ ਕਰਨੀ ਪਵੇਗੀ। ਪਰਿਵਾਰ ਨਾਲ ਬਿਤਾਇਆ ਗਿਆ ਸਮਾਂ ਬੱਚਿਆਂ ਨੂੰ ਸਕਰੀਨ ਦੇ ਅਸਰ ਤੋਂ ਬਾਹਰ ਕੱਢ ਸਕਦਾ ਹੈ। ਬੱਚਿਆਂ ਨੂੰ ਉਨ੍ਹਾਂ ਕੰਮਾਂ ਵਿੱਚ ਲਾਉਣਾ ਪਵੇਗਾ, ਜਿਨ੍ਹਾਂ ਦਾ ਨਤੀਜਾ ਤੁਰੰਤ ਨਹੀਂ ਮਿਲਦਾ, ਜਿਵੇਂ ਕਿ ਬਾਗਬਾਨੀ, ਕਿਤਾਬਾਂ ਪੜ੍ਹਨਾ ਜਾਂ ਕਲਾ ਸਿੱਖਣਾ ਤਾਂ ਜੋ ਉਨ੍ਹਾਂ ਅੰਦਰ ਠਹਿਰਾਅ ਅਤੇ ਸਬਰ ਆ ਸਕੇ। ਅੰਤ ਵਿੱਚ ਸਾਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਅਸਲ ਸਮੱਸਿਆ ਇਹ ਨਹੀਂ ਹੈ ਕਿ ਨਵੀਂ ਪੀੜ੍ਹੀ ਭਟਕ ਗਈ ਹੈ; ਸਮੱਸਿਆ ਇਹ ਹੈ ਕਿ ਦੁਨੀਆ ਮਨੁੱਖੀ ਵਿਕਾਸ ਦੀ ਰਫਤਾਰ ਤੋਂ ਕਿਤੇ ਵੱਧ ਤੇਜੀ ਨਾਲ ਬਦਲ ਗਈ ਹੈ ਅਤੇ ਦੋਵਾਂ ਪੀੜ੍ਹੀਆਂ ਵਿਚਕਾਰ ਸੰਵਾਦ ਟੁੱਟ ਗਿਆ ਹੈ। ਨੌਜਵਾਨਾਂ ਦੀ ਇਹ ਬੇਚੈਨੀ ਅਤੇ ਸਵਾਲ ਕਰਨ ਦੀ ਪ੍ਰਵਿਰਤੀ ਅਸਲ ਵਿੱਚ ਸਮਾਜਿਕ ਸੁਧਾਰਾਂ ਲਈ ਇੱਕ ਅਹਿਮ ਕੜੀ ਹੈ ਤਾਂ ਜੋ ਰਵਾਇਤੀ ਢਾਂਚੇ ਨੂੰ ਸਮੇਂ ਦਾ ਹਾਣੀ ਅਤੇ ਵਧੇਰੇ ਜਵਾਬਦੇਹ ਬਣਾਇਆ ਜਾ ਸਕੇ। ਪਰ ਇਸ ਬਦਲਾਅ ਦੇ ਦੌਰ ਵਿੱਚ ਉਨ੍ਹਾਂ ਨੂੰ ਮਾਨਸਿਕ ਤੌਰ 'ਤੇ ਟੁੱਟਣ ਤੋਂ ਬਚਾਉਣਾ ਸਾਡੀ ਸਭ ਦੀ ਸਾਂਝੀ ਜਿੰਮੇਵਾਰੀ ਹੈ। ਸਹੀ ਜਾਣਕਾਰੀ, ਤਰਕਸੀਲ ਸੋਚ, ਖੁੱਲ੍ਹਾ ਸੰਵਾਦ ਅਤੇ ਪਰਿਵਾਰਕ ਸਾਥ ਹੀ ਉਹ ਪੁਲ ਹੈ ਜੋ ਇਸ ਊਰਜਾਵਾਨ ਪੀੜ੍ਹੀ ਨੂੰ ਇੱਕ ਬਿਹਤਰ, ਸੁਰੱਖਿਅਤ ਅਤੇ ਸੰਤੁਲਿਤ ਭਵਿੱਖ ਵੱਲ ਲੈ ਕੇ ਜਾ ਸਕਦਾ ਹੈ।

ਸੰਜੀਵ ਪਰਾਸ਼ਰ



ਸ਼ੀਰੀ ਹੈ ਉਰਦੂ ਜ਼ੁਬਾਨ ਦੀ ਲੱਜ਼ਤ



'ਜਨਾਬ, ਆਇੰਦਾ ਇਹ ਹਰਕਤ ਕੀਤੀ ਤਾਂ ਸਾਡਾ ਹੱਥ ਤੁਹਾਡੇ ਰੁਖਸਾਰ ਨੂੰ ਇਸ ਕਦਰ ਸੁਰਖ ਕਰ ਦੇਵੇਗਾ ਕਿ ਆਫਤਾਬ ਦੀ ਮੌਜੂਦਗੀ 'ਚ ਵੀ ਸਿਤਾਰਿਆਂ ਦਾ ਦੀਦਾਰ ਹੋ ਜਾਵੇਗਾ। ਲਿਹਾਜਾ, ਹੱਦ 'ਚ ਹੀ ਰਹੋ ਤਾਂ ਬਿਹਤਰ ਹੈ।' ਇਹ ਗੱਲ ਸੁਣ ਕੇ ਬੰਦਾ ਇਕ ਪਲ ਲਈ ਸਹਿਮ ਜਾਵੇ, ਦੂਜੇ ਪਲ ਆਪਣੇ ਗੱਲ੍ਹ ਨੂੰ ਹੱਥ ਲਾ ਕੇ ਵੇਖੇ ਤੇ ਤੀਜੇ ਪਲ ਹੱਸ ਪਵੇ। ਕਿਉਂਕਿ ਪੰਜਾਬੀ 'ਚ ਅਸੀਂ ਇਸੇ ਗੱਲ ਨੂੰ ਬੜੀ ਸਾਦਗੀ ਨਾਲ ਕਹਿ ਦਿੰਦੇ ਹਾਂ- 'ਇੱਕ ਥੱਪੜ ਮਾਰੂੰ, ਤਾਰੇ ਦਿਸਣ ਲਾ ਦੂੰ।' ਗੱਲ ਉਹੀ ਹੈ ਪਰ ਉਰਦੂ ਨੇ ਉਸ 'ਚ ਵੀ ਅਦਬ, ਸਾਇਰੀ ਤੇ ਥੋੜ੍ਹੀ ਜਿਹੀ ਮੁਹੱਬਤ ਘੋਲ ਦਿੱਤੀ। ਸਾਇਦ ਇਸੇ ਲਈ ਮੈਨੂੰ ਉਰਦੂ ਹਮੇਸਾ ਮੁਹੱਬਤ ਦੀ ਜਬਾਨ ਲੱਗੀ ਹੈ। ਕੁਝ ਸਮਾਂ ਪਹਿਲਾਂ ਉਰਦੂ ਸਿੱਖਣ ਦੀ ਤਾਂਘ ਜਾਗੀ। ਪੜ੍ਹਿਆ, ਲਿਖਿਆ ਤੇ ਆਖਰਕਾਰ ਉਰਦੂ ਆਮੋਜ ਦਾ ਇਮਤਿਹਾਨ ਵੀ ਪਾਸ ਕਰ ਲਿਆ ਪਰ ਇਮਤਿਹਾਨ ਪਾਸ ਕਰਨ ਤੋਂ ਬਾਅਦ ਅਹਿਸਾਸ ਹੋਇਆ ਕਿ ਅੱਖਰ ਤਾਂ ਸਿੱਖ ਲਏ ਪਰ ਅਸਲ 'ਚ ਸਿੱਖਣ ਵਾਲੀ ਚੀਜ ਤਾਂ ਲਹਿਜਾ ਹੈ। ਉਰਦੂ ਸਿਰਫ ਇਹ ਨਹੀਂ ਸਿਖਾਉਂਦੀ ਕਿ 'ਤੁਸੀਂ ਕਿੱਥੇ ਜਾ ਰਹੇ ਹੋ ?' ਨੂੰ ਕਿਵੇਂ ਲਿਖਣਾ ਹੈ। ਇਹ ਸਿਖਾਉਂਦੀ ਹੈ ਕਿ ਪੁੱਛਣਾ ਵੀ ਐਸਾ ਹੋਵੇ ਕਿ ਸਾਹਮਣੇ ਵਾਲੇ ਨੂੰ ਲੱਗੇ-ਮੰਜਿਲ 'ਚ ਉਸਦੀ ਵੀ ਦਿਲਚਸਪੀ ਹੈ।

ਪੰਜਾਬੀ 'ਚ ਅਸੀਂ ਕਹਿੰਦੇ ਹਾਂ 'ਕਿੱਥੇ ਚੱਲਿਆ ਏਂ ?' ਉਰਦੂ ਵਿੱਚ ਇਹੀ ਸਵਾਲ ਕੁਝ ਇਸ ਤਰ੍ਹਾਂ ਹੋ ਸਕਦਾ ਹੈ'ਜਨਾਬ, ਕਿੱਥੇ ਦਾ ਇਰਾਦਾ ਫਰਮਾ ਰਹੇ ਹਨ ?' ਮੇਰਾ ਇਕ ਕੰਮ ਕਰ ਦੇ।' ਉਰਦੂ 'ਚ- 'ਜੇ ਤੁਹਾਡੀ ਮਸਰੂਫੀਅਤ ਇਜਾਜਤ ਦੇਵੇ ਤਾਂ ਇਕ ਗੁਜਾਰਿਸ ਸੀ।' ਇਹ ਸੁਣ ਕੇ ਬੰਦਾ ਮਦਦ ਕਰਨ ਤੋਂ ਪਹਿਲਾਂ ਹੀ ਕਹਿ ਦਿੰਦਾ ਹੈ-'ਜੀ ਜਨਾਬ, ਹੁਕਮ ਕਰੋ।' ਪੰਜਾਬੀ 'ਚ ਦੋਸਤ ਨੂੰ ਕਹਾਂਗੇ- 'ਓਏ, ਕੱਲ੍ਹ ਕਿੱਥੇ ਸੀ ?'

ਉਰਦੂ ਵਿੱਚ-'ਜਨਾਬ, ਕੱਲ੍ਹ ਤੁਹਾਡੀ ਜਿਆਰਤ ਤੋਂ ਮਹਰੂਮ ਰਹੇ, ਖੈਰਿਯਤ ਤਾਂ ਹੈ ?' ਇਹ ਭਾਸਾ ਸਵਾਲ ਵੀ ਪੁੱਛਦੀ ਹੈ ਤਾਂ ਲੱਗਦਾ ਹੈ ਜਿਵੇਂ ਸਾਹਮਣੇ ਵਾਲੇ ਦੀ ਖੈਰਿਯਤ ਨਾਲ ਦਿਲ ਵੀ ਜੁੜਿਆ ਹੋਇਆ ਹੈ। ਅਸੀਂ ਪੰਜਾਬੀ 'ਚ ਕਿਸੇ ਨੂੰ ਕਹਿ ਦਿੰਦੇ ਹਾਂ-'ਝੂਠ ਨਾ ਬੋਲ।' ਉਰਦੂ 'ਚ ਸਾਇਦ ਇਹੀ ਗੱਲ ਹੋਵੇ-'ਜਨਾਬ, ਸੱਚ ਅਰਜ ਕਰਨ 'ਚ ਕੋਈ ਹਰਜ ਨਹੀਂ; ਇਹ ਗੁਸਤਾਖ ਜਬਾਨ ਝੂਠ ਦੀ ਗਵਾਹੀ ਦੇਣ ਤੋਂ ਪਹਿਲਾਂ ਕੁਝ ਸੋਚ ਲਿਆ ਕਰੇ।' ਪੰਜਾਬੀ 'ਚ ਗੁੱਸਾ ਆਵੇ ਤਾਂ- 'ਬਹੁਤ ਹੋ ਗਿਆ, ਹੁਣ ਮੇਰਾ ਦਿਮਾਗ ਨਾ ਖਾ।' ਉਰਦੂ 'ਚ ਗੁੱਸਾ ਵੀ ਕੁਝ ਸਾਇਰਾਨਾ ਹੋ ਜਾਂਦਾ ਹੈ-'ਇਮਤਿਹਾਨ-ਏ-ਸਬਰ ਦੀ ਵੀ ਕੋਈ ਹੱਦ ਹੁੰਦੀ ਹੈ; ਬੰਦਾਨਵਾਜ, ਹੁਣ ਸਾਡੀ ਖਾਮੋਸੀ ਨੂੰ ਹੋਰ ਨਾ ਅਜਮਾਓ।'

ਇੱਥੇ ਬੰਦੇ ਨੂੰ ਸਮਝ ਨਹੀਂ ਆਉਂਦੀ ਕਿ ਸਾਹਮਣੇ ਵਾਲਾ ਗੁੱਸੇ 'ਚ ਹੈ ਜਾਂ ਦਾਅਵਤ ਦੇ ਰਿਹਾ ਹੈ। ਪੰਜਾਬੀ 'ਚ ਕਿਸੇ ਨੂੰ ਕਹਿਣਾ ਹੋਵੇ-'ਮੈਨੂੰ ਤੇਰੇ 'ਤੇ ਬੜਾ ਗੁੱਸਾ ਆ ਰਿਹਾ।' ਉਰਦੂ ਇਸ ਨੂੰ ਵੀ ਸੰਵਾਰ ਦਿੰਦੀ ਹੈ-'ਤੁਹਾਡੀ ਇਸ ਅਦਾ ਨੇ ਸਾਡੇ ਸਬਰ ਨੂੰ ਇੰਤਹਾ ਤੱਕ ਪਹੁੰਚਾ ਦਿੱਤਾ ਹੈ।' ਗੁੱਸਾ ਉਹੀ, ਪਰ ਕੰਨਾਂ ਨੂੰ ਫਿਰ ਵੀ ਚੰਗਾ ਲੱਗਦਾ ਹੈ। ਇਹੀ ਫਰਕ ਸਾਇਦ ਭਾਸਾ ਦੀ ਰੂਹ ਹੁੰਦਾ ਹੈ।

ਅਸੀਂ ਕਹਿੰਦੇ ਹਾਂ-'ਦੀਵਾਲੀ ਮੁਬਾਰਕ।' ਉਰਦੂ ਦੇ ਲਹਿਜੇ 'ਚ ਇਹੀ ਦੁਆ ਬਣ ਜਾਂਦੀ ਹੈ-'ਦੀਵਾਲੀ ਦੇ ਚਿਰਾਗ ਤੁਹਾਡੀ ਜਿੰਦਗੀ ਦੇ ਹਰ ਜੁਲਮਤ-ਕਦੇ ਨੂੰ ਨੂਰ-ਏ-ਮੁਹੱਬਤ ਨਾਲ ਮੁਨੱਵਰ ਕਰ ਦੇਣ। ਇਨ੍ਹਾਂ ਚਿਰਾਗਾਂ ਦੀ ਰੌਸਨੀ ਤੁਹਾਡੇ ਦਿਲ ਦੇ ਹਰ ਗੋਸੇ ਨੂੰ ਨੂਰ-ਏ-ਸੁਕੂਨ ਨਾਲ ਭਰ ਦੇਵੇ। ਇਨ੍ਹਾਂ ਚਿਰਾਗਾਂ ਦੀ ਲੌ 'ਚ ਬੀਤੀਆਂ ਬਾਤਾਂ ਦਾ ਮਲਾਲ ਪਿਘਲਦਾ ਰਹੇ ਅਤੇ ਆਉਣ ਵਾਲੇ ਦਿਨਾਂ ਦੀ ਆਸ ਜਗਦੀ ਰਹੇ।'

ਹੁਣ ਦੱਸੋ-ਇਸ ਨੂੰ ਸਿਰਫ 'ਦੀਵਾਲੀ ਮੁਬਾਰਕ' ਕਹੋਗੇ ਜਾਂ ਥੋੜ੍ਹਾ ਹੋਰ ਸਮਾਂ ਕੱਢ ਕੇ ਇਹ ਦੁਆ ਵੀ ਸੁਣਾਓਗੇ ?

ਪੰਜਾਬੀ 'ਚ ਅਸੀਂ ਕਿਸੇ ਨੂੰ ਕਹਿੰਦੇ ਹਾਂ-'ਧੰਨਵਾਦ।' ਉਰਦੂ ਕਹਿੰਦੀ ਹੈ-'ਤੁਹਾਡੀ ਇਸ ਮਿਹਰਬਾਨੀ ਨੂੰ ਦਿਲ ਦੀ ਗਹਿਰਾਈ ਨਾਲ ਮਹਿਸੂਸ ਕੀਤਾ ਹੈ, ਸੁਕਰੀਆ ਤਾਂ ਬਹੁਤ ਛੋਟਾ ਲਫਜ ਹੈ।' ਪੰਜਾਬੀ 'ਚ-'ਯਾਰ, ਤੂੰ ਬੜਾ ਚੰਗਾ ਬੰਦਾ ਏਂ।' ਉਰਦੂ 'ਚ-'ਤੁਹਾਡੀ ਰਫਾਕਤ ਨੂੰ ਕਿਸੇ ਸਨਦ ਦੀ ਲੋੜ ਨਹੀਂ, ਤੁਹਾਡੀ ਮੌਜੂਦਗੀ ਹੀ ਆਪਣੇ ਆਪ 'ਚ ਇਕ ਨੇਮਤ ਹੈ।' ਤੇ ਜਦੋਂ ਕਿਸੇ ਨਾਲ ਮਿਲ ਕੇ ਦਿਲ ਖੁਸ ਹੋ ਜਾਵੇ ਤਾਂ ਪੰਜਾਬੀ 'ਚ ਕਹਿ ਦਿੰਦੇ ਹਾਂ-'ਮਿਲ ਕੇ ਬੜਾ ਚੰਗਾ ਲੱਗਿਆ।' ਉਰਦੂ ਕਹਿੰਦੀ ਹੈ-'ਤੁਹਾਡੀ ਸੋਹਬਤ 'ਚ ਕੁਝ ਅਜਿਹਾ ਸੁਕੂਨ ਹੈ ਕਿ ਵਕਤ ਗੁਜਰਨ ਦਾ ਅਹਿਸਾਸ ਹੀ ਨਹੀਂ ਹੁੰਦਾ।' ਇਸੇ ਕਰ ਕੇ ਕਈ ਵਾਰ ਲੱਗਦਾ ਹੈ ਕਿ ਉਰਦੂ ਨੇ ਸਾਇਦ ਸਬਦ ਨਹੀਂ, ਅਹਿਸਾਸਾਂ ਦੇ ਕੱਪੜੇ ਬਦਲੇ ਹਨ।

ਪੰਜਾਬੀ ਆਪਣੀ ਥਾਂ ਬੜੀ ਮਿੱਟੀ ਨਾਲ ਜੁੜੀ, ਸਿੱਧੀ ਤੇ ਦਿਲਦਾਰ ਜਬਾਨ ਹੈ। ਪੰਜਾਬੀ 'ਚ 'ਆ ਜਾ' ਵੀ ਪਿਆਰ ਹੈ, 'ਬਹਿ ਜਾ' ਵੀ ਪਿਆਰ ਹੈ ਤੇ 'ਰੋਟੀ ਖਾ ਕੇ ਜਾਈਂ' 'ਚ ਤਾਂ ਪੂਰਾ ਪੰਜਾਬ ਵੱਸਦਾ ਹੈ। ਉਰਦੂ ਨੇ ਉਸੇ ਪਿਆਰ ਨੂੰ ਇਕ ਹੋਰ ਅੰਦਾਜ ਦੇ ਦਿੱਤਾ-'ਤਸਰੀਫ ਲਿਆਓ', 'ਬੈਠੋਏ', 'ਕੁਝ ਤਨਾਵੁਲ ਫਰਮਾਏਏ।' ਦੋਵੇਂ ਭਾਸਾਵਾਂ 'ਚ ਦਿਲ ਇਕੋ ਹੈ, ਬਸ ਉਸ ਦੀ ਧੜਕਣ ਦਾ ਅੰਦਾਜ ਵੱਖਰਾ ਹੈ। ਸਾਇਦ ਇਸੇ ਲਈ ਇਕ ਗੱਲ ਬਹੁਤ ਪਸੰਦ ਆਉਂਦੀ ਹੈ-ਇਕ ਨਵੀਂ ਜਬਾਨ ਸਿੱਖੋ, ਤਾਂ ਸਿਰਫ ਸਬਦ ਨਹੀਂ ਵਧਦੇ; ਅੰਦਰ ਇਕ ਨਵਾਂ ਇਨਸਾਨ ਜਨਮ ਲੈਂਦਾ ਹੈ।

ਉਰਦੂ ਆਮੋਜ ਪੜ੍ਹਦਿਆਂ ਮੈਨੂੰ ਇਹ ਅਹਿਸਾਸ ਹੋਇਆ ਕਿ ਹੁਣ ਮੇਰੇ ਕੋਲ ਕਿਸੇ ਨੂੰ ਗੁੱਸਾ ਕਰਨ ਦੇ ਵੀ ਦੋ ਤਰੀਕੇ ਹਨ, ਮੁਹੱਬਤ ਕਰਨ ਦੇ ਵੀ ਦੋ ਅੰਦਾਜ ਹਨ, ਦੁਆ ਦੇਣ ਲਈ ਵੀ ਦੋ ਦਰਵਾਜੇ ਹਨ ਤੇ ਦਿਲ ਦੀ ਗੱਲ ਕਹਿਣ ਲਈ ਵੀ ਦੋ ਜਬਾਨਾਂ।

ਇਕ ਪੰਜਾਬੀ-ਜੋ ਮੈਨੂੰ ਮਿੱਟੀ ਨੇ ਦਿੱਤੀ। ਦੂਜੀ ਉਰਦੂ-ਜਿਸ ਨੇ ਮੈਨੂੰ ਲਹਿਜਾ ਦਿੱਤਾ। ਤੇ ਸਾਇਦ ਕਿਸੇ ਨਵੀਂ ਭਾਸਾ ਦਾ ਸਭ ਤੋਂ ਵੱਡਾ ਇਨਾਮ ਇਹੀ ਹੁੰਦਾ ਹੈ ਕਿ ਉਹ ਤੁਹਾਨੂੰ ਦੂਜਿਆਂ ਨਾਲ ਗੱਲ ਕਰਨ ਦਾ ਨਵਾਂ ਢੰਗ ਹੀ ਨਹੀਂ ਸਿਖਾਉਂਦੀ, ਤੁਹਾਡੇ ਅੰਦਰ ਗੱਲ ਕਰਨ ਵਾਲਾ ਇਕ ਨਵਾਂ ਬੰਦਾ ਵੀ ਪੈਦਾ ਕਰ ਦਿੰਦੀ ਹੈ। ਇਸ ਲਈ ਹੁਣ ਜੇ ਕੋਈ ਪੁੱਛੇ-'ਉਰਦੂ ਕਿਉਂ ਸਿੱਖੀ ?' ਮੈਂ ਕਹਾਂਗਾ- 'ਲਫਜ ਸਿੱਖਣ ਲਈ ਗਿਆ ਸੀ ਜਨਾਬ, ਲਹਿਜਾ ਲੈ ਕੇ ਵਾਪਸ ਆ ਗਿਆ।'

ਗੁਰਦੀਪ ਸਿੰਘ ਮਾਨ

ਜ਼ਰੂਰੀ ਸੂਚਨਾ

ਪ੍ਰਿੰਟ ਮੀਡੀਆ ਦੀ ਮਹੱਤਤਾ ਬਹੁਤ ਘਟ ਗਈ ਏ। ਇਹ ਕਥਨ ਵੀ ਸੱਚ ਹੈ ਕਿ ਪਰੌਢ ਪਾਠਕ ਵਰਗ ਬੜੀ ਧੀਵੀਂ ਸਪੀਡ ਦੇ ਨਾਲ਼ ਡੀਜ਼ੀਟਲ ਮੀਡੀਆ ਦੇ ਵਲ ਨੂੰ ਆ ਰਿਹਾ ਏ। ਸਮੇਂ ਦਾ ਹਾਣੀ ਬਣੇ ਰਹਿਣਾ ਮਨੁੱਖ ਲਈ ਅਤਿ ਜਰੂਰੀ ਹੈ। ਮਾਜੂਦਾ ਡਿਜ਼ੀਟਲ ਯੁੱਗ ਵਿੱਚ ਕਾਰੋਬਾਰੀ ਇਸ਼ਤਿਹਾਰ ਵੀ ਫੇਸਬੁੱਕ ਅਤੇ ਇੰਸਟਾਗਰਾਮ ਦਾ ਹਿੱਸਾ ਬਣ ਰਹੇ ਹਨ। ਮੇਰੇ 4900 ਫੇਸਬੁੱਕ ਮਿੱਤਰ ਹਨ ਤੁਹਾਡੀ ਐਡ ਉਨ੍ਹਾਂ ਪਾਸ ਪਹੁੰਚਣੀ ਹੀ ਹੈ। ਇਸਤੋਂ ਇਲਾਵਾ ਮੈਂ ਵਹੱਟਸਅਪ ਚੈਨਲ ਵੀ ਬਣਾ ਦਿੱਤਾ ਹੈ। ਆਪਣੇ ਸਾਰੇ ਵਹੱਟਸਅੱਪ ਸਾਥੀਆਂ ਨੂੰ ਅਖਬਾਰ ਦੀ ਪੀ. ਡੀ. ਐਫ. ਵੀ ਭੇਜ ਦਿੰਦਾ ਹਾਂ। ਇਸ ਪ੍ਰਕਾਰ ਤੁਹਾਡੇ ਇਸ਼ਤਿਹਾਰ ਹਾਰਡ ਕਾਪੀ ਤੋਂ ਵੀ ਵੱਧ ਲੋਕਾਂ ਤੱਕ ਪਹੁੰਚ ਜਾਂਦੇ ਹਨ। ਡਿਜ਼ੀਟਲ ਐਡੀਸ਼ਨ ਦੇ ਇਸ਼ਤਿਹਾਰਾਂ ਦੀਆਂ ਕੀਮਤਾਂ ਵੀ ਮੈਂ ਅੱਧੀਆਂ ਕਰ ਦਿੱਤੀਆਂ ਹਨ।

ਸਮੇਂ ਦੀ ਰਫਤਾਰ ਨਾਲ਼ ਤੁਰਦੇ ਹੋਏ ਡਿਜ਼ੀਟਲ ਮੀਡੀਆ ਦੇ ਹਾਣੀ ਬਣੋ ਅਤੇ ਸਮੇਂ ਤੇ ਇਸ਼ਤਿਹਾਰਬਾਜ਼ੀ ਦਾ ਲਾਭ ਉਠਾਓ।

ਸੰਪਾਦਕ
ਡਾ: ਅਵਤਾਰ ਐਸ. ਸੰਘਾ

ਆਨਲਾਈਨ ਪੇਪਰ ਪੜ੍ਹਨ ਲਈ ਸਕੈਨ ਕਰੋ

ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ।

thepunjabherald1@gmail.com

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

ਸੰਪਰਕ 0437641033

Disclaimer

The Punjab Herald and the staff associated with it are not responsible for any claims made by the advertisers and do not endorse any product or advertisement published in the newspaper. The views expressed in the advertisement and various articles belong solely to the concerned advertisers and authors. They do not reflect the views of the newspaper management. Jurisdiction Sydney.

ਆਪਣੇ ਗੁੱਸੇ 'ਤੇ ਕਾਬੂ ਪਾਉਣਾ ਸਿੱਖੀਏ

ਗੁੱਸਾ ਆਉਣਾ ਸੁਭਾਵਿਕ ਗੱਲ ਹੈ ਪਰ ਆਪਣੇ ਗੁੱਸੇ 'ਤੇ ਕਾਬੂ ਪਾਉਣਾ ਅਸਲ ਵਿਚ ਇਕ ਕਲਾ ਹੈ। 'ਗੁੱਸਾ' ਸ਼ਬਦ ਬੋਲਣ ਅਤੇ ਲਿਖਣ ਵਿਚ ਭਾਵੇਂ ਬਹੁਤ ਛੋਟਾ ਹੈ ਪਰ ਇਕ ਪਲ ਦਾ ਗੁੱਸਾ ਕਈ ਵਾਰ ਹੱਸਦੀਆਂਖੇਡਦੀਆਂ ਜ਼ਿੰਦਗੀਆਂ ਤਬਾਹ ਕਰ ਦਿੰਦਾ ਹੈ। ਆਮ ਤੌਰ 'ਤੇ ਆਪਣਾ ਗੁੱਸਾ ਅਸੀਂ ਕੱਢਦੇ ਭਾਵੇਂ ਦੂਸਰੇ ਵਿਅਕਤੀ 'ਤੇ ਹਾਂ ਪਰ ਇਸ ਦਾ ਸਭ ਤੋਂ ਵੱਧ ਨੁਕਸਾਨ ਸਾਨੂੰ ਖ਼ੁਦ ਨੂੰ ਹੁੰਦਾ ਹੈ। ਸਾਲਾਂ ਦੀ ਮਿਹਨਤ ਨਾਲ ਕਮਾਏ ਰਿਸ਼ਤੇ ਕਈ ਵਾਰ ਪਲ ਭਰ ਦੇ ਗੁੱਸੇ ਦੀ ਭੇਟ ਚੜ੍ਹ ਜਾਂਦੇ ਹਨ। ਗੁੱਸਾ ਅਕਸਰ ਉਸ ਇਨਸਾਨ ਨੂੰ ਵੱਧ ਆਉਂਦਾ ਹੈ ਜਿਸ ਅੰਦਰ ਗੱਲ ਸਹਿਣ ਦੀ ਸ਼ਕਤੀ ਘੱਟ ਹੋਵੇ। ਗੱਲ ਕਹਿਣ ਦੇ ਨਾਲਨਾਲ ਜੇਕਰ ਗੱਲ ਸਹਿਣ ਦੀ ਸ਼ਕਤੀ ਵੀ ਸਾਡੇ ਅੰਦਰ ਆ ਜਾਵੇ ਤਾਂ ਸਾਡਾ ਗੁੱਸਾ ਆਪਣੇ ਆਪ ਕੰਟਰੋਲ ਹੋ ਜਾਵੇਗਾ।



ਅੱਜ ਜਿਸ ਤਰ੍ਹਾਂ ਦੇ ਮਾਹੌਲ ਵਿਚ ਅਸੀਂ ਵਿਚਰ ਰਹੇ ਹਾਂ, ਰਿਸ਼ਤਿਆਂ ਵਿਚ ਜਿਸ ਤਰ੍ਹਾਂ ਕੁੜੱਤਣ ਭਰੀ ਹੋਈ ਹੈ, ਈਰਖਾ ਤੇ ਹੰਕਾਰ ਜਿਸ ਤਰ੍ਹਾਂ ਸਾਡੇ 'ਤੇ ਭਾਰੂ ਹੈ ਅਜਿਹੇ ਵਿਚ ਗੁੱਸਾ ਆਉਣਾ ਸੁਭਾਵਿਕ ਹੈ ਪਰ ਸਾਨੂੰ ਇਹ ਸਮਝਣਾ ਪਵੇਗਾ ਕਿ ਇਸ ਨਫ਼ਰਤ ਅਤੇ ਸਾੜੇ ਵਿਚੋਂ ਸਾਨੂੰ ਕੁਝ ਨਹੀਂ ਲੱਭਣਾ। ਨਫ਼ਰਤ ਦੀ ਅੱਗ ਇਨਸਾਨ ਨੂੰ ਅੰਦਰੋਅੰਦਰੀ ਖੋਖਲਾ ਕਰ ਦਿੰਦੀ ਹੈ। ਗੁੱਸਾ ਕਰਨ ਦੀ ਬਜਾਏ ਪਿਆਰ ਵੰਡੋ। ਕੁਦਰਤ ਦੀ ਬਣਾਈ ਹਰ ਸ਼ੈਅ ਖ਼ੂਬਸੂਰਤ ਹੈ, ਉਸ ਨੂੰ ਪਿਆਰ ਕਰੋ। ਜਦੋਂ ਕਦੇ ਗੁੱਸਾ ਆਵੇ ਗੱਲ ਕਹਿਣ ਤੋਂ ਪਹਿਲਾਂ ਥੋੜ੍ਹਾ ਰੁਕ ਜਾਓ, ਕਿਉਂਕਿ ਗੁੱਸੇ ਵਿਚ ਰਿਸ਼ਤੇ ਵਿਗੜਦੇ ਹਨ ਸੁਧਰਦੇ ਨਹੀਂ। ਗੁੱਸੇ ਵਿਚ ਜੋ ਗੱਲ ਸਾਨੂੰ ਬਹੁਤ ਵੱਡੀ ਲਗਦੀ ਹੈ ਗੁੱਸਾ ਸ਼ਾਂਤ ਹੋਣ ਤੋਂ ਬਾਅਦ ਉਹੀ ਗੱਲ ਮਾਮੂਲੀ ਲੱਗਣ ਲਗਦੀ ਹੈ। ਗੁੱਸਾ ਪਲ ਭਰ ਦਾ ਹੁੰਦਾ ਹੈ ਅਤੇ ਇਸ ਦੇ ਨਤੀਜੇ ਕਈ ਵਾਰ ਸਾਨੂੰ ਸਾਰੀ ਉਮਰ ਭੁਗਤਣੇ ਪੈਂਦੇ ਹਨ। ਇਸ ਲਈ ਕਦੇ ਵੀ ਗੁੱਸੇ ਨੂੰ ਵਧਾਓ ਨਾ ਸਗੋਂ ਸ਼ਾਂਤ ਕਰਨ ਦੀ ਕੋਸ਼ਿਸ਼ ਕਰੋ।

ਅਸਲ ਵਿਚ ਗੁੱਸਾ ਕਮਜ਼ੋਰੀ ਦੀ ਨਿਸ਼ਾਨੀ ਹੈ। ਸਾਡੀ ਹਉਮੈਂ ਹੀ ਸਾਡੇ ਗੁੱਸੇ ਦਾ ਕਾਰਨ ਬਣਦੀ ਹੈ। ਛੋਟੀਛੋਟੀ ਗੱਲ 'ਤੇ ਗੁੱਸਾ ਕਰਨਾ ਕੋਈ ਸਮਝਦਾਰੀ ਨਹੀਂ ਸਗੋਂ ਬੁਜ਼ਦਿਲੀ ਹੁੰਦੀ ਹੈ। ਗੁੱਸਾ ਕਰ ਆਪਣਾ ਮਨ ਅਸ਼ਾਂਤ ਕਰਨ ਦੀ ਬਜਾਏ ਖ਼ੁਦ ਨੂੰ ਸ਼ਾਂਤ ਰੱਖਣਾ ਹੀ ਸਮਝਦਾਰੀ ਹੈ ਕਿਉਂਕਿ ਗੁੱਸਾ ਮਾਨਸਿਕ ਅਤੇ ਸਰੀਰਕ ਸਿਹਤ ਦੋਵਾਂ 'ਤੇ ਹੀ ਮਾੜਾ ਪ੍ਰਭਾਵ ਪਾਉਂਦਾ ਹੈ। ਸਿਆਣੇ ਆਖਦੇ ਹਨ ਕਿ ਖ਼ੁਸ਼ੀ ਵਿਚ ਕਦੇ ਵੀ ਕੋਈ ਵਾਅਦਾ ਨਹੀਂ ਕਰਨਾ ਚਾਹੀਦਾ ਤੇ ਗੁੱਸੇ ਵਿਚ ਕਦੇ ਵੀ ਕੋਈ ਫ਼ੈਸਲਾ ਨਹੀਂ ਲੈਣਾ ਚਾਹੀਦਾ ਕਿਉਂਕਿ ਗੁੱਸਾ ਅਕਲ ਨੂੰ ਖਾ ਜਾਂਦਾ ਹੈ ਤੇ ਗੁੱਸੇ ਵਿਚ ਲਏ ਫ਼ੈਸਲੇ ਅਕਸਰ ਗਲਤ ਹੀ ਸਾਬਿਤ ਹੁੰਦੇ ਹਨ। ਗੁੱਸਾ ਬਰਬਾਦੀ ਦਾ ਹੀ ਦੂਸਰਾ ਨਾਂਅ ਹੈ। ਤਲਵਾਰ ਦੇ ਜ਼ਖ਼ਮ ਤਾਂ ਸਮੇਂ ਦੇ ਨਾਲ ਭਰ ਜਾਂਦੇ ਹਨ ਪਰ ਗੁੱਸੇ ਵਿਚ ਜਦੋਂ ਅਸੀਂ ਕਿਸੇ ਨੂੰ ਮੰਦਾ ਬੋਲਦੇ ਹਾਂ ਤਾਂ ਜ਼ਬਾਨ ਦੇ ਦਿੱਤੇ ਉਹ ਜ਼ਖ਼ਮ ਕਦੇ ਨਹੀਂ ਭਰਦੇ।

ਜ਼ਿੰਦਗੀ ਵਿਚ ਹਮੇਸ਼ਾ ਖ਼ੁਸ਼ ਰਹਿਣ ਦੀ ਕੋਸ਼ਿਸ਼ ਕਰਨੀ ਚਾਹੀਦੀ ਹੈ। ਜੇਕਰ ਕਿਸੇ ਇਨਸਾਨ 'ਤੇ ਗੁੱਸਾ ਆਵੇ ਵੀ ਤਾਂ ਇਕ ਵਾਰ ਆਪਣੇ ਆਪ ਨੂੰ ਉਸ ਦੀ ਜਗ੍ਹਾ ਰੱਖ ਕੇ ਜ਼ਰੂਰ ਸੋਚੋ ਕਿਉਂਕਿ ਕਈ ਵਾਰ ਹਾਲਾਤ ਅਜਿਹੇ ਬਣ ਜਾਂਦੇ ਹਨ ਜੋ ਸਾਡੇ ਅਨੁਕੂਲ ਨਹੀਂ ਹੁੰਦੇ ਪਰ ਇਸ ਦਾ ਮਤਲਬ ਇਹ ਨਹੀਂ ਕਿ ਸਾਹਮਣੇ ਵਾਲਾ ਇਨਸਾਨ ਗਲਤ ਹੋਵੇ। ਹਰੇਕ ਚੀਜ਼ ਪ੍ਰਤੀ ਸਭ ਦਾ ਵੱਖਰਾ-ਵੱਖਰਾ ਨਜ਼ਰੀਆ ਹੁੰਦਾ ਹੈ ਇਸ ਲਈ ਆਪਣੇ ਨਾਲਨਾਲ ਜੇਕਰ ਸਾਨੂੰ ਦੂਸਰੇ ਦੇ ਵਿਚਾਰਾਂ ਦੀ ਕਦਰ ਕਰਨੀ ਵੀ ਆ ਜਾਵੇ ਤਾਂ ਕਾਫ਼ੀ ਹੱਦ ਤੱਕ ਗੁੱਸੇ 'ਤੇ ਕਾਬੂ ਪਾਇਆ ਜਾ ਸਕਦਾ ਹੈ। ਜ਼ਿੰਦਗੀ ਚਾਰ ਦਿਨ ਦੀ ਹੈ ਇਸ ਨੂੰ ਗੁੱਸੇ ਦੀ ਅੱਗ ਵਿਚ ਸਾੜਨ ਦੀ ਬਜਾਏ ਖ਼ੁਸ਼ੀਆਂਖੇੜੇ ਵੰਡਦੇ ਹੋਏ ਬਿਤਾਓ। ਜ਼ਿੰਦਗੀ ਵਿਚ ਪਿਆਰ ਮੁਹੱਬਤ ਦਾ ਅਜਿਹਾ ਰੰਗ ਭਰੋ ਕਿ ਦੁਨੀਆ ਤੋਂ ਰੁਖ਼ਸਤ ਹੋਣ ਤੋਂ ਬਾਅਦ ਵੀ ਤੁਸੀਂ ਦੂਸਰਿਆਂ ਦੀਆਂ ਖ਼ੂਬਸੂਰਤ ਯਾਦਾਂ ਵਿਚ ਹਮੇਸ਼ਾ ਜਿਉਂਦੇ ਰਹੋ।

ਜਸਪ੍ਰੀਤ ਕੌਰ ਸੰਘਾ

ਗਰਭ ਅਵਸਥਾ ਸਮੇਂ ਮੈਡੀਕਲ ਜਾਂਚਾਂ ਬਾਰੇ ਕੀ ਜਾਣਦੇ ਹੋ



ਦੁਨੀਆ ਦੀ ਹਰ ਔਰਤ ਗਰਭ ਧਾਰਨ ਕਰਕੇ ਖ਼ੁਸ਼ੀ ਤੇ ਪੂਰਨਤਾ ਮਹਿਸੂਸ ਕਰਦੀ ਹੈ। ਪਰ ਇਹ ਖ਼ੁਸ਼ੀ ਪੂਰਨ ਤੌਰ 'ਤੇ ਬਣੀ ਰਹੇ, ਇਸ ਲਈ ਗਰਭ ਅਵਸਥਾ ਦੌਰਾਨ ਕੁਝ ਮੈਡੀਕਲ ਜਾਂਚਾਂ ਜ਼ਰੂਰੀ ਹੁੰਦੀਆਂ ਹਨ। ਕੀ ਤੁਸੀਂ ਇਨ੍ਹਾਂ ਬਾਰੇ ਜਾਣਦੇ ਹੋ। ਆਓ, ਇਸ ਪ੍ਰਸ਼ਨਾਵਲੀ ਰਾਹੀਂ ਜਾਣਦੇ ਹਾਂ।

1. ਗਰਭ ਅਵਸਥਾ ਦੌਰਾਨ ਕਰਾਇਆ ਗਿਆ ਪ੍ਰੀ-ਨੈਟਲ ਟੈਸਟ ਕੀ ਦੱਸਦਾ ਹੈ?
(ੳ) ਮਾਂ ਅਤੇ ਉਸ ਦੇ ਗਰਭ ਵਿਚ ਪਲ ਰਹੇ ਬੱਚੇ ਦੀ ਸਿਹਤ। (ਅ) ਭਰੂਣ ਦੀ ਸਥਿਤੀ। (ੲ) ਭਰੂਣ ਦਾ ਲਿੰਗ।

2. ਪ੍ਰੈਗਨੈਂਸੀ ਭਾਵ ਗਰਭ ਕਾਲ ਸਮੇਂ ਟੈਸਟ ਕਿੰਨੇ ਤਰ੍ਹਾਂ ਦੇ ਹੁੰਦੇ ਹਨ?
(ੳ) ਇਕ (ਅ) ਦੋ (ੲ) ਤਿੰਨ

3. ਗਰਭ ਅਵਸਥਾ ਦੌਰਾਨ ਪਹਿਲੀ ਤਿਮਾਹੀ ਵਿਚ ਅਲਟਾਸਾਊਂਡ ਟੈਸਟ ਕਿਉਂ ਕਰਾਇਆ ਜਾਂਦਾ ਹੈ?
(ੳ) ਤਾਂਕਿ ਭਰੂਣ ਦੀ ਸਿਹਤ ਦਾ ਪਤਾ ਲਗ ਸਕੇ। (ਅ) ਤਾਂ ਕਿ ਖ਼ੂਨ ਦੇ ਰਿਸਾਅ ਨੂੰ ਦੇਖਿਆ ਜਾ ਸਕੇ। (ੲ) ਪਤਾ ਨਹੀਂ।

4. ਗਰਭ ਵਿਚ ਬੱਚੇ ਦੀ ਧੜਕਣ ਸੁਣਨ ਲਈ ਗਰਭ ਅਵਸਥਾ ਦੀ ਕਿਸ ਤਿਮਾਹੀ ਵਿਚ ਪਰੀਖਣ ਕੀਤੇ ਜਾਂਦੇ ਹਨ?
(ੳ) ਪਹਿਲੀ (ਅ) ਦੂਜੀ (ੲ) ਤੀਜੀ

5. ਗਰਭ ਅਵਸਥਾ ਦੌਰਾਨ ਗੁਲੂਕੋਜ਼ ਟਾਲਰੈਂਸ ਬਲੱਡ ਟੈਸਟ ਕਿਉਂ ਕੀਤਾ ਜਾਂਦਾ ਹੈ?
(ੳ) ਜੇਸਟੇਸ਼ਨਲ ਡਾਇਬੀਟੀਜ਼ ਦਾ ਪਤਾ ਲਗਾਉਣ ਲਈ। (ਅ) ਦਿਮਾਗ ਦੇ ਵਿਕਾਸ ਦਾ ਪਤਾ ਲਗਾਉਣ ਲਈ। (ੲ) ਡਿਲਿਵਰੀ ਸਮੇਂ ਦਾ ਪਤਾ ਲਗਾਉਣ ਲਈ।

ਨਤੀਜਾ : ਜੇਕਰ ਤੁਸੀਂ ਇਥੇ ਦਿੱਤੇ ਗਏ ਸਾਰੇ ਸਵਾਲਾਂ ਦੇ ਬਦਲਾਂ ਨੂੰ ਧਿਆਨ ਨਾਲ ਪੜ੍ਹਿਆ ਹੈ ਅਤੇ ਜਵਾਬ ਦੇ ਰੂਪ ਵਿਚ ਉਸੇ ਬਦਲ 'ਤੇ ਨਿਸ਼ਾਨ ਲਗਾਇਆ ਹੈ ਜੋ ਤੁਹਾਡੇ ਅਨੁਸਾਰ ਸੌ ਫ਼ੀਸਦੀ ਸੱਚ ਹੈ ਤਾਂ ਹੁਣ ਤੁਹਾਨੂੰ ਹਾਸਲ ਅੰਕਾਂ ਦੇ ਆਧਾਰ 'ਤੇ ਇਹ ਜਾਣਨ ਦਾ ਮੌਕਾ ਮਿਲਣ ਜਾ ਰਿਹਾ ਹੈ ਕਿ ਤੁਸੀਂ ਗਰਭ ਅਵਸਥਾ ਦੌਰਾਨ ਹੋਣ ਵਾਲੇ ਪਰੀਖਣਾਂ ਬਾਰੇ ਕਿੰਨਾ ਜਾਣਦੇ ਹੋ?

(ੳ) ਜੇਕਰ ਤੁਹਾਡੇ ਕੁੱਲ ਹਾਸਿਲ ਅੰਕ 20 ਜਾਂ ਇਸ ਤੋਂ ਜ਼ਿਆਦਾ ਹਨ ਤਾਂ ਤੁਸੀਂ ਗਰਭ ਅਵਸਥਾ ਦੌਰਾਨ ਦੀ ਲਗਾਤਾਰ ਜਾਂਚ ਬਾਰੇ ਚੰਗੀ ਤਰ੍ਹਾਂ ਜਾਣੂ ਹੋ।

(ਅ) ਜੇਕਰ ਤੁਹਾਡੇ ਕੁੱਲ ਹਾਸਿਲ ਅੰਕ 20 ਤੋਂ ਘੱਟ ਪਰ 10 ਤੋਂ ਜ਼ਿਆਦਾ ਹਨ ਤਾਂ ਇਸ ਦਾ ਮਤਲਬ ਇਹ ਹੈ ਕਿ ਤੁਸੀਂ ਗਰਭ ਅਵਸਥਾ ਦੇ ਜ਼ਰੂਰੀ ਟੈਸਟਾਂ ਬਾਰੇ ਕਾਫ਼ੀ ਕੁਝ ਜਾਣਦੇ ਹੋ, ਪਰ ਸਭ ਕੁਝ ਜਾਣਨ ਦਾ ਦਾਅਵਾ ਨਹੀਂ ਕਰ ਸਕਦੇ।

(ੲ) ਜੇਕਰ ਤੁਹਾਡੇ ਕੁੱਲ ਹਾਸਿਲ ਅੰਕ 10 ਜਾਂ ਇਸ ਤੋਂ ਘੱਟ ਹਨ ਤਾਂ ਮਾਫ਼ ਕਰਨਾ ਤੁਸੀਂ ਸੁਣ ਜ਼ਰੂਰ ਰੱਖਿਆ ਹੈ ਕਿ ਗਰਭ ਅਵਸਥਾ ਦੌਰਾਨ ਕੁਝ ਲਗਾਤਾਰ ਟੈਸਟ ਹੁੰਦੇ ਹਨ, ਪਰ ਉਨ੍ਹਾਂ ਬਾਰੇ ਜ਼ਿਆਦਾ ਕੁਝ ਜਾਣਦੇ ਨਹੀਂ ਹੋ। ਚੰਗਾ ਹੈ ਇਨ੍ਹਾਂ ਜਾਣਕਾਰੀਆਂ ਦੇ ਵੱਖ-ਵੱਖ ਸਰੋਤਾਂ ਨੂੰ ਜਾਣਨ ਦੀ ਕੋਸ਼ਿਸ਼ ਕਰੋ।

ਪਿੰਕੀ ਅਰੋੜਾ

ਨਵ-ਜੰਮੇ ਬੱਚੇ ਲਈ ਅੰਮ੍ਰਿਤ ਹੈ ਮਾਂ ਦਾ ਦੁੱਧ

ਆਮ ਕਰਕੇ ਬੱਚੇ ਦੇ ਜਨਮ ਹੋਣ ਤੋਂ ਪਹਿਲਾਂ ਹੀ ਔਰਤ ਦੇ ਮਨ ਵਿਚ ਕਈ ਖ਼ਿਆਲ ਆਉਂਦੇ ਹਨ ਜਿਵੇਂ ਕਿਹੜਾ ਦੁੱਧ ਬੱਚੇ ਲਈ ਠੀਕ ਹੈ ਜਾਂ ਦੁੱਧ ਕਦੋਂ-ਕਦੋਂ ਤੇ ਕਿਵੇਂ ਪਿਲਾਉਣਾ ਹੈ। ਇਨ੍ਹਾਂ ਸਾਰੇ ਸਵਾਲਾਂ ਦੇ ਜਵਾਬਾਂ ਨਾਲ ਦੁੱਧ ਪਿਲਾਓ (ਮਾਂ ਦਾ ਦੁੱਧ) ਹਫ਼ਤਾ 1 ਤੋਂ 7 ਅਗਸਤ ਨਵੀਆਂ ਬਣੀਆਂ ਮਾਵਾਂ ਤੇ ਉਨ੍ਹਾਂ ਦੇ ਬੱਚਿਆਂ ਨੂੰ ਸਮਰਪਿਤ ਕਰੀਏ।

ਮਾਂ ਦਾ ਦੁੱਧ ਸਿਰਫ ਪੋਸ਼ਣ ਹੀ ਨਹੀਂ, ਜੀਵਨ ਦੀ ਧਾਰਾ ਹੈ। ਇਸ ਨਾਲ ਮਾਂ ਅਤੇ ਬੱਚੇ ਦੀ ਸਿਹਤ 'ਤੇ ਪੂਰਾ ਪ੍ਰਭਾਵ ਪੈਂਦਾ ਹੈ। ਬੱਚੇ ਨੂੰ ਪਹਿਲੇ 6 ਮਹੀਨੇ ਸਿਰਫ ਮਾਂ ਦੇ ਦੁੱਧ 'ਤੇ ਨਿਰਭਰ ਰੱਖਣਾ ਚਾਹੀਦਾ ਹੈ। ਬੱਚੇ ਮਾਂ ਦਾ ਦੁੱਧ ਆਰਾਮ ਨਾਲ ਪਚਾ ਸਕਦੇ ਹਨ ਅਤੇ ਇਹ ਪੂਰੀ ਤਰ੍ਹਾਂ ਨਾਲ ਸੁਰੱਖਿਅਤ ਹੈ।

ਮਾਂ ਦੇ ਦੁੱਧ ਨਾਲ ਬੱਚੇ ਦੀ ਬੌਧਿਕ ਸਮਰੱਥਾ ਵੀ ਵਧਦੀ ਹੈ ਕਿਉਂਕਿ ਦੁੱਧ ਪਿਲਾਉਣ ਵਾਲੀ ਮਾਂ ਅਤੇ ਉਸ ਦੇ ਬੱਚੇ ਵਿਚਕਾਰ ਭਾਵਨਾਤਮਿਕ ਰਿਸ਼ਤਾ ਬਹੁਤ ਮਜ਼ਬੂਤ ਹੁੰਦਾ ਹੈ।

ਇਸ ਵਿਚ ਵਿਟਾਮਿਨ ਡੀ ਹੁੰਦਾ ਹੈ ਜੋ ਬੱਚੇ ਦੀਆਂ ਹੱਡੀਆਂ ਮਜ਼ਬੂਤ ਕਰਦਾ ਹੈ ਅਤੇ ਬੱਚੇ ਨੂੰ ਸੋਕੇ ਵਰਗੀ ਬਿਮਾਰੀ ਤੋਂ ਬਚਾਉਂਦਾ ਹੈ। ਇਸ ਵਿਚ ਕਈ ਤਰ੍ਹਾਂ ਦੇ ਮਿਨਰਲਜ਼ ਅਤੇ ਐਂਟੀਬਾਇਓਟਿਕ ਹੁੰਦੇ ਹਨ ਜੋ ਬੱਚੇ ਨੂੰ ਕਈ ਬਿਮਾਰੀਆਂ ਤੋਂ ਬਚਾਉਂਦੇ ਹਨ।



ਮਾਂ ਵਲੋਂ ਬੱਚੇ ਨੂੰ ਦੁੱਧ ਪਿਲਾਉਣ ਦੇ ਲਾਭ

ਦੁੱਧ ਪਿਲਾਉਣਾ ਆਸਾਨ ਹੈ। ਨਵੀਆਂ ਮਾਵਾਂ ਵਲੋਂ ਦੁੱਧ ਪਿਲਾਉਣ ਨਾਲ ਉਨ੍ਹਾਂ ਨੂੰ ਗਰਭ ਧਾਰਨ ਤੋਂ ਬਾਅਦ ਹੋਣ ਵਾਲੇ ਤਣਾਅ ਤੋਂ ਮੁਕਤੀ ਮਿਲ ਜਾਂਦੀ ਹੈ। ਮਾਂ ਅਤੇ ਬੱਚੇ ਦਰਮਿਆਨ ਭਾਵਨਾਤਮਿਕ ਸੰਬੰਧ ਮਜ਼ਬੂਤ ਹੁੰਦੇ ਹਨ। ਦੁੱਧ ਪਿਲਾਉਣਾ ਇਕ ਕੁਦਰਤੀ ਗਰਭਨਿਰੋਧਕ ਵੀ ਹੈ।

ਦੁੱਧ ਪਿਲਾਉਣ ਵਾਲੀਆਂ ਔਰਤਾਂ ਵਿਚ ਛਾਤੀ ਜਾਂ ਗਰਭ ਸਬੰਧੀ ਕੈਂਸਰ ਦਾ ਖ਼ਤਰਾ ਘੱਟ ਹੁੰਦਾ ਹੈ।

ਮਾਂ ਕਦੋਂ ਅਤੇ ਕਿਵੇਂ ਦੁੱਧ ਪਿਲਾਏ

ਜਨਮ ਤੋਂ ਤੁਰੰਤ ਬਾਅਦ ਦੁੱਧ ਪਿਲਾਉਣਾ ਸ਼ੁਰੂ ਕਰ ਦੇਣਾ ਚਾਹੀਦਾ ਹੈ। ਜਨਮ ਤੋਂ ਤੁਰੰਤ ਬਾਅਦ ਨੰਗੇ ਬੱਚੇ ਨੂੰ ਉਸ ਦੀ ਮਾਂ ਦੀ ਛਾਤੀ 'ਤੇ ਰੱਖ ਦੇਣਾ ਚਾਹੀਦਾ ਹੈ। ਇਸ ਨਾਲ ਮਾਂ ਅਤੇ ਬੱਚੇ ਵਿਚ ਭਾਵਨਾਤਮਿਕ ਸੰਬੰਧ ਪੈਦਾ ਹੁੰਦਾ ਹੈ ਅਤੇ ਮਾਂ ਦੁੱਧ ਪਿਲਾਉਣ ਦੇ ਛੇਤੀ ਕਾਬਲ ਹੋ ਜਾਂਦੀ ਹੈ। ਮਾਂ ਵਲੋਂ ਤੁਰੰਤ ਦੁੱਧ ਪਿਲਾਉਣ ਨਾਲ ਛਾਤੀ ਵਿਚ ਸੋਜ਼ਿਸ਼ ਦੀ ਸ਼ਿਕਾਇਤ ਨਹੀਂ ਹੁੰਦੀ। ਸੀਜੇਰੀਅਨ ਰਾਹੀਂ ਜਨਮੇ ਬੱਚੇ ਨੂੰ 4-6 ਘੰਟੇ ਬਾਅਦ ਦੁੱਧ ਪਿਲਾ ਸਕਦੇ ਹੋ।

ਦੁੱਧ ਦੋਵੇਂ ਛਾਤੀਆਂ ਤੋਂ ਘੱਟੋ-ਘੱਟ 10-15 ਮਿੰਟ ਤੱਕ ਹਰ 2-3 ਘੰਟੇ ਬਾਅਦ ਪਿਲਾਉਣਾ ਚਾਹੀਦਾ ਹੈ। ਜਿਵੇਂ-ਜਿਵੇਂ ਬੱਚਾ ਵੱਡਾ ਹੁੰਦਾ ਹੈ, ਦੁੱਧ ਪਿਲਾਉਣ ਦਾ ਸਮਾਂ ਵਧਦਾ ਜਾਂਦਾ ਹੈ। ਦੁੱਧ ਪਿਲਾਉਣ ਤੋਂ ਪਹਿਲਾਂ ਛਾਤੀ ਨੂੰ ਪਾਣੀ ਨਾਲ ਸਾਫ਼ ਕਰ ਲੈਣਾ ਚਾਹੀਦਾ ਹੈ ਅਤੇ ਹੱਥਾਂ ਨੂੰ ਧੋ ਲੈਣਾ ਚਾਹੀਦਾ ਹੈ।

ਇਨ੍ਹਾਂ ਕੁਝ ਗੱਲਾਂ ਦਾ ਧਿਆਨ ਰੱਖ ਕੇ ਅਸੀਂ ਬੱਚੇ ਨੂੰ ਬਿਨਾਂ ਮੁਸ਼ਕਿਲਾਂ ਦੇ ਦੁੱਧ ਪਿਲਾਉਣ ਵਿਚ ਕਾਮਯਾਬੀ ਹਾਸਲ ਕਰ ਸਕਦੇ ਹਾਂ।

ਡਾ. ਸੰਦਲੀ ਘਈ ਭੁਟਾਨੀ

ਬੱਚਿਆਂ ਨੂੰ ਕੁਝ ਗੱਲਾਂ ਜ਼ਰੂਰ ਸਿਖਾਓ

ਅੱਜ ਦੇ ਯੁੱਗ ਨੂੰ ਆਧੁਨਿਕ ਯੁੱਗ ਜਾਂ ਮਸ਼ੀਨੀ ਯੁੱਗ ਵੀ ਕਿਹਾ ਜਾ ਸਕਦਾ ਹੈ। ਅੱਜ ਦੇ ਬੱਚੇ ਕੁਝ ਜ਼ਿਆਦਾ ਹੀ ਆਧੁਨਿਕ ਹੋ ਗਏ ਹਨ। ਦੂਜੇ ਪਾਸੇ ਕਈ ਗੱਲਾਂ ਤੋਂ ਪਿੱਛੇ ਵੀ ਜਾ ਰਹੇ ਹਨ ਉਹ ਸਾਡੇ ਸੱਭਿਆਚਾਰ ਅਤੇ ਸੰਸਕਾਰਾਂ ਨੂੰ ਭੁੱਲਦੇ ਜਾ ਰਹੇ ਹਨ ਜਿਵੇਂ :



ਵੱਡਿਆਂ ਦਾ ਸਤਿਕਾਰ ਕਰਨਾ : ਬੱਚਿਆਂ ਨੂੰ ਵੱਡਿਆਂ ਦਾ ਆਦਰ-ਸਤਿਕਾਰ ਕਰਨਾ ਆਉਣਾ ਚਾਹੀਦਾ ਹੈ। ਅੱਜ ਦੇ ਬੱਚੇ ਵੱਡਿਆਂ ਦੇ ਸਾਹਮਣੇ ਉੱਚੀ ਆਵਾਜ਼ ਵਿਚ ਗੱਲ ਕਰਦੇ ਹਨ ਅਤੇ ਵੱਡਿਆਂ ਦਾ ਨਿਰਾਦਰ ਕਰਦੇ ਹਨ। ਬੱਚਿਆਂ ਨੂੰ ਛੋਟੀ ਉਮਰ ਤੋਂ ਹੀ ਵੱਡਿਆਂ ਦਾ ਸਤਿਕਾਰ ਕਰਨਾ ਸਿਖਾਉਣਾ ਚਾਹੀਦਾ ਹੈ।

ਬਜ਼ੁਰਗਾਂ ਦੀ ਸੇਵਾ ਕਰਨੀ : ਅੱਜ ਦੇ ਬੱਚੇ ਬਜ਼ੁਰਗਾਂ ਨੂੰ ਇਕ ਬੋਝ ਤੋਂ ਵੱਧ ਕੁਝ ਨਹੀਂ ਸਮਝਦੇ। ਬੱਚਿਆਂ ਨੂੰ ਬਚਪਨ ਤੋਂ ਹੀ ਬਜ਼ੁਰਗਾਂ ਦੀ ਸੇਵਾ ਕਰਨੀ ਸਿਖਾਉਣੀ ਚਾਹੀਦੀ ਹੈ। ਕੁਝ ਟਾਈਮ ਬਜ਼ੁਰਗਾਂ ਕੋਲ ਵੀ ਬੈਠਣਾ ਚਾਹੀਦਾ ਹੈ, ਤਾਂ ਜੋ ਉਨ੍ਹਾਂ ਨਾਲ ਸਹੀ ਤਾਲਮੇਲ ਹੋ ਸਕੇ।

ਘਰ ਆਏ ਮਹਿਮਾਨਾਂ ਨੂੰ ਸਲੀਕੇ ਨਾਲ ਬੁਲਾਉਣਾ : ਬੱਚਿਆਂ ਨੂੰ ਦੱਸਣਾ ਚਾਹੀਦਾ ਹੈ ਕਿ ਮਹਿਮਾਨਾਂ ਨੂੰ ਕਿਵੇਂ ਬੁਲਾਉਣਾ ਚਾਹੀਦਾ ਹੈ ਅਤੇ ਉਨ੍ਹਾਂ ਨੂੰ ਕਿਵੇਂ ਪਾਣੀ ਪੁੱਛਣਾ ਚਾਹੀਦਾ ਹੈ। ਬੱਚਿਆਂ ਨੂੰ ਵੀ ਮਹਿਮਾਨਾਂ ਨੂੰ ਬੁਲਾਉਣਾ ਆਉਣਾ ਚਾਹੀਦਾ ਹੈ।

ਸਭ ਨਾਲ ਮਿਲ ਕੇ ਰਹਿਣਾ : ਅੱਜ ਦੇ ਬੱਚੇ ਜ਼ਿਆਦਾਤਰ ਆਪਣੇ-ਆਪ ਵਿਚ ਅਤੇ ਇਕੱਲੇ ਰਹਿਣਾ ਪਸੰਦ ਕਰਨ ਲਗ ਪਏ ਹਨ ਪਰ ਇਸ ਤਰ੍ਹਾਂ ਨਹੀਂ ਕਰਨਾ ਚਾਹੀਦਾ। ਬੱਚਿਆਂ ਨੂੰ ਸਭ ਨਾਲ ਮਿਲ ਕੇ ਰਹਿਣ ਦੀ ਸਿੱਖਿਆ ਜ਼ਰੂਰ ਦੇਣੀ ਚਾਹੀਦੀ ਹੈ।

ਕਿਸੇ ਦੀ ਮਦਦ ਕਰਨੀ : ਬੱਚਿਆਂ ਵਿਚ ਇਹ ਗੁਣ ਹੋਣਾ ਵੀ ਜ਼ਰੂਰੀ ਚਾਹੀਦਾ ਹੈ ਕਿ ਕਿਸੇ ਗਰੀਬ ਅਤੇ ਲੋੜਵੰਦ ਦੀ ਮਦਦ ਜ਼ਰੂਰ ਕਰਨੀ ਚਾਹੀਦੀ ਹੈ।

ਹੱਥੀਂ ਕੰਮ ਕਰਨਾ : ਬਹੁਤ ਸਾਰੇ ਕੰਮ ਅਸੀਂ ਮਸ਼ੀਨਾਂ ਦੁਆਰਾ ਕਰਦੇ ਹਾਂ ਪਰ ਸਾਨੂੰ ਕਈ ਕੰਮ ਹੱਥੀਂ ਵੀ ਕਰਨੇ ਚਾਹੀਦੇ ਹਨ। ਹੱਥੀਂ ਕੰਮ ਕਰਨ ਨਾਲ ਅਸੀਂ ਵੀ ਅਤੇ ਬੱਚੇ ਵੀ ਕਈ ਬਿਮਾਰੀਆਂ ਤੋਂ ਬਚੇ ਰਹਿ ਸਕਦੇ ਹਾਂ। ਹੱਥੀਂ ਕੰਮ ਕਰਨ ਨਾਲ ਸਰੀਰ ਠੀਕ ਤੇ ਤੰਦਰੁਸਤ ਰਹਿੰਦਾ ਹੈ।

ਅੱਜ ਦੇ ਆਧੁਨਿਕ ਯੁੱਗ ਵਿਚ ਬੱਚਿਆਂ ਨੂੰ ਚੰਗੇ ਸੰਸਕਾਰ ਦੇਣਾ ਬਹੁਤ ਹੀ ਜ਼ਰੂਰੀ ਹੋ ਗਿਆ ਹੈ, ਕਿਉਂਕਿ ਆਉਣ ਵਾਲੀ ਪੀੜ੍ਹੀ ਨੂੰ ਸਾਡੇ ਸੱਭਿਆਚਾਰ ਅਤੇ ਸੰਸਕਾਰਾਂ ਬਾਰੇ ਜਾਣਕਾਰੀ ਹੋਣਾ ਬਹੁਤ ਜ਼ਰੂਰੀ ਹੈ।

ਬੱਚਿਆਂ ਨੂੰ ਸਾਂਝੇ ਪਰਿਵਾਰਾਂ ਵਿਚ ਰਹਿਣਾ ਵੀ ਸਿਖਾਉਣਾ ਚਾਹੀਦਾ ਹੈ। ਬੱਚਿਆਂ ਨੂੰ ਜਿੰਨਾ ਜ਼ਿਆਦਾ ਹੋ ਸਕੇ ਮੋਬਾਈਲਾਂ ਤੋਂ ਦੂਰ ਰੱਖਣਾ ਚਾਹੀਦਾ ਹੈ, ਤਾਂ ਜੋ ਬੱਚਿਆਂ ਦਾ ਸਹੀ ਅਤੇ ਠੀਕ ਢੰਗ ਨਾਲ ਵਿਕਾਸ ਹੋ ਸਕੇ ਅਤੇ ਬੱਚੇ ਬਿਮਾਰੀਆਂ ਤੋਂ ਦੂਰ ਰਹਿ ਸਕਣ।

ਕੰਚਨ ਕੁਮਾਰੀ ਲਾਂਬਾ

ਹਿੰਮਤ ਰੱਖੋ ਹਜ਼ੂਰ ! ਸਮਾਂ ਬਦਲੇਗਾ ਜ਼ਰੂਰ



ਸਮੁੰਦਰ ਕੰਢੇ ਖੜ੍ਹ ਕੇ ਕਦੇ ਤੱਕੋ, ਉਸ 'ਚ ਜਵਾਰਭਾਟਾ ਰੋਜ਼ਾਨਾ ਆਉਂਦਾ ਹੈ ਪਰ ਸਭ ਤੋਂ ਉੱਚਾ ਜਵਾਰਭਾਟਾ ਕਦੋਂ ਆਉਂਦਾ ਹੈ, ਪੂਰਨਮਾਸ਼ੀ ਵਾਲੇ ਦਿਨ। ਜਵਾਰਭਾਟਾ ਪੂਰਨਮਾਸ਼ੀ ਦੇ ਚੰਦਰਮਾ ਦੀ ਆਮਦ ਨੂੰ ਉਡੀਕਦਾ ਹੈ, ਉਸੇ ਤਰ੍ਹਾਂ ਜ਼ਿੰਦਗੀ 'ਚ ਕੁਝ ਵੱਡਾ ਕਰਨ ਲਈ ਠੀਕ ਸਮੇਂ ਦਾ ਇੰਤਜ਼ਾਰ ਕਰਨਾ ਹੀ ਪੈਂਦਾ ਹੈ। ਸਮੁੰਦਰ ਕਦੇ ਵੀ ਅੱਧੇ ਚੰਦ ਨੂੰ ਦੇਖ ਕੇ ਝੂਰਦਾ ਨਹੀਂ ਤੇ ਨਾਂ ਹੀ ਤੁਲਨਾ ਕਰਕੇ ਆਪਣੇ ਆਪ ਨੂੰ ਛੋਟਾ ਸਮਝਦਾ ਹੈ। ਉਹ ਇਹ ਗੱਲ ਚੰਗੀ ਤਰ੍ਹਾਂ ਸਮਝਦਾ ਹੈ ਕਿ ਉਸ ਦਾ ਪੂਰਾ ਉਛਾਲ ਪੂਰਨਮਾਸ਼ੀ ਵਾਲੇ ਦਿਨ ਹੀ ਆਵੇਗਾ। ਬਿਲਕੁਲ ਇਸੇ ਤਰ੍ਹਾਂ ਜ਼ਿੰਦਗੀ ਦਾ ਫਲਸਫਾ ਹੈ। ਹਰ ਕਿਸੇ ਦੀ ਯਾਤਰਾ ਦਾ ਪੂਰਨਮਾਸ਼ੀ ਵਾਲਾ ਦਿਨ ਵੱਖਰਾ ਹੈ। ਕਿਸੇ ਦਾ ਚੰਦ 22 ਸਾਲ ਦੀ ਉਮਰ 'ਚ ਪੂਰਾ ਚਮਕਦਾ ਹੈ, ਕਿਸੇ ਦਾ 50 ਸਾਲ ਦੀ ਉਮਰ 'ਚ ਪਰ ਅਸੀਂ ਆਪਣੇ ਚੰਦ ਦੀ ਉਡੀਕ ਕਰਨ ਦੀ ਬਜਾਏ ਦੂਜੇ ਦੇ ਚੰਦ ਨਾਲ ਆਪਣੀ ਤੁਲਨਾ ਕਰਨ ਲੱਗ ਪੈਂਦੇ ਹਾਂ ਤੇ ਆਪਣੀ ਯਾਤਰਾ ਨੂੰ ਫਿੱਕਾ ਕਰ ਲੈਂਦੇ ਹਾਂ। ਅਸੀਂ ਭੁੱਲ ਜਾਂਦੇ ਹਾਂ ਕਿ ਜ਼ਿੰਦਗੀ ਕੋਈ ਸੌ ਮੀਟਰ ਦੀ ਦੌੜ ਨਹੀਂ, ਇਹ ਇਕ ਲੰਬੀ ਯਾਤਰਾ ਹੈ, ਜਿੱਥੇ ਹਰ ਕਿਸੇ ਦਾ ਸ਼ੁਰੂਆਤੀ ਪੁਆਇੰਟ, ਰਸਤਾ ਤੇ ਮੰਜ਼ਿਲ ਵੱਖਰੀ ਹੈ। ਕਹਿੰਦੇ ਹਨ ਇਕ ਵਾਰ ਜੰਗਲ 'ਚ ਪ੍ਰਤੀਯੋਗਤਾ ਹੋਈ, ਮੁਕਾਬਲਾ ਸੀ ਦਰੱਖਤ 'ਤੇ ਚੜ੍ਹਨ ਦਾ। ਜੰਗਲ ਦੇ ਮਹਾਂਰਥੀ ਇਸ 'ਚ ਭਾਗ ਲੈ ਰਹੇ ਸਨ। ਉਨ੍ਹਾਂ ਸਾਰਿਆਂ 'ਚੋਂ ਬਾਂਦਰ ਛੇਤੀ ਹੀ ਰੁਖ 'ਤੇ ਚੜ੍ਹ ਗਿਆ, ਹਾਥੀ, ਮੱਛੀ ਤੇ ਸ਼ੇਰ ਅਣਥੱਕ ਯਤਨਾਂ ਦੇ ਬਾਵਜੂਦ ਫੇਲ੍ਹ ਹੋ ਗਏ। ਕੀ ਇਸ ਦਾ ਮਤਲਬ ਹਾਥੀ, ਸ਼ੇਰ, ਮੱਛੀ ਆਦਿ ਬਾਂਦਰ ਦੇ ਮੁਕਾਬਲੇ ਕਮਜ਼ੋਰ ਸਨ, ਬਿਲਕੁਲ ਨਹੀਂ। ਜੰਗਲ 'ਚ ਦਰੱਖਤ 'ਤੇ ਚੜ੍ਹਨ ਲਈ ਬਾਂਦਰ ਦਾ ਮੁਕਾਬਲਾ ਹਾਥੀ ਨਾਲ ਨਹੀਂ ਹੋ ਸਕਦਾ। ਹਾਥੀ ਦੀ ਤਾਕਤ ਦਰੱਖਤ ਪੁੱਟਣ 'ਚ ਹੈ, ਉਸ 'ਤੇ ਚੜ੍ਹਨ 'ਚ ਨਹੀਂ। ਸ਼ੇਰ ਦੀ ਤਾਕਤ ਸ਼ਿਕਾਰ ਕਰਨ 'ਚ ਹੈ, ਦਰੱਖਤ 'ਤੇ ਚੜ੍ਹਨ 'ਚ ਨਹੀਂ। ਇਕ ਮੱਛੀ ਪਾਣੀ 'ਚ ਰਾਣੀ ਹੈ। ਉਹ ਤੇਜ਼ ਤੈਰਦੀ ਹੈ, ਲਹਿਰਾਂ ਨਾਲ ਖੇਡਦੀ ਹੈ। ਅਗਰ ਉਹ ਮੱਛੀ ਪਾਣੀ ਤੋਂ ਬਾਹਰ ਆ ਕੇ ਦਰੱਖਤਾਂ 'ਤੇ ਚੜ੍ਹਨ ਦਾ ਮੁਕਾਬਲਾ ਕਰੇਗੀ ਤਾਂ ਉਹ ਮੌਤ ਨੂੰ ਗਲ ਲਾ ਬੈਠੇਗੀ। ਉਸ ਦਾ ਮਰਨਾ ਉਸ ਦੀ ਕਮਜ਼ੋਰੀ ਕਰ ਕੇ ਨਹੀਂ ਹੋਵੇਗਾ, ਸਗੋਂ ਗਲਤ ਮੁਕਾਬਲਾ ਚੁਣਨ ਕਰ ਕੇ ਹੋਵੇਗਾ। ਅੱਜ ਬਹੁਤੇ ਮਨੁੱਖ ਉਹੀ ਮੱਛੀ ਬਣੇ ਹੋਏ ਹਨ ਜੋ ਆਪਣਾ ਤਲਾਬ ਛੱਡ ਕੇ ਹੋਰਾਂ ਦੀ ਦੇਖਾ-ਦੇਖੀ ਸੜਕ 'ਤੇ ਦੌੜਨ ਦੀ ਨਾਕਾਮ ਕੋਸ਼ਿਸ਼ ਕਰ ਕੇ ਮਾਨਸਿਕ ਦੁਬਿਧਾ ਤੇ ਚਿੰਤਾ 'ਚ ਜਿਉਣ ਲਈ ਮਜਬੂਰ ਹਨ। ਕਿਸੇ ਸਫਲ ਸ਼ਖਸੀਅਤ ਦੀ ਚਕਾਚੌਂਧ ਦੇਖ ਕੇ ਉਸ ਵਰਗਾ ਬਣਨ ਦੀ ਅੰਨ੍ਹੀ ਦੌੜ 'ਚ ਅਸੀਂ ਆਪਣੀ ਅਸਲੀ ਪ੍ਰਤਿਭਾ ਨੂੰ ਹੀ ਮਾਰ ਦਿੰਦੇ ਹਾਂ। ਕਿਸੇ ਵਰਗਾ ਬਣਨ ਦਾ ਅਰਮਾਨ ਲੈਣਾ ਕੋਈ ਬੁਰੀ ਗੱਲ ਨਹੀਂ ਪਰ ਉਸ ਦੇ ਸੰਘਰਸ਼ ਨੂੰ ਨਜ਼ਰਅੰਦਾਜ਼ ਕਰਨਾ ਗੁਨਾਹ ਹੈ, ਜੋ ਜਗ ਹਸਾਈ ਦਾ ਸਬੱਬ ਹੋ ਨਿੱਬੜਦਾ ਹੈ। ਸੋਸ਼ਲ ਮੀਡੀਆ ਦੀਆਂ ਰੀਲਾਂ ਤੇ ਪ੍ਰੇਰਨਾ ਦੇਣ ਦੇ ਨਾਮ 'ਤੇ ਚੀਕਣ ਵਾਲਿਆਂ ਨੂੰ ਸੁਣ ਕੇ ਕਿਸੇ ਨਿਸ਼ਾਨੇ ਪ੍ਰਤੀ ਕੁਝ ਸਮੇਂ ਲਈ ਉਤਸ਼ਾਹਿਤ ਹੋ ਜਾਣਾ ਜਦਕਿ ਉਸ ਤਰ੍ਹਾਂ ਦੀ ਪ੍ਰਤਿਭਾ ਦਾ ਨਾਮੋ ਨਿਸ਼ਾਨ ਵੀ ਨਹੀਂ ਹੁੰਦਾ। ਇਹ ਤੁਲਨਾ ਮਨੁੱਖ ਨੂੰ ਕਿਸੇ ਪਾਸੇ ਜੋਗਾ ਨਹੀਂ ਛੱਡਦੀ। ਕੁਦਰਤ ਨੇ ਹਰ ਇਕ ਨੂੰ ਵੱਖਰੀ ਕਰਮ-ਭੂਮੀ ਅਤੇ ਹੁਨਰ ਦਿੱਤਾ ਹੈ। ਸ਼ੇਰ ਦੀ ਕਰਮ-ਭੂਮੀ ਜੰਗਲ ਹੈ, ਮੱਛੀ ਦੀ ਪਾਣੀ ਹੈ, ਪੰਛੀ ਦੀ ਅਸਮਾਨ ਹੈ। ਜੇ ਅਸੀਂ ਸ਼ੇਰ ਨੂੰ ਪਾਣੀ 'ਚ ਸੁੱਟ ਦੇਈਏ ਤੇ ਮੱਛੀ ਨੂੰ ਜੰਗਲ 'ਚ, ਤਾਂ ਦੋਵੇਂ ਮਰ ਜਾਣਗੇ। ਇਸ ਲਈ ਆਪਣੀ ਕਰਮ-ਭੂਮੀ ਤੇ ਪ੍ਰਤਿਭਾ ਨੂੰ ਪਛਾਣੋ। ਕਿਸੇ ਦੂਜੇ ਦੀ ਕਰਮ-ਭੂਮੀ 'ਚ ਜਾ ਕੇ ਕਦੇ ਵੀ ਸਫਲਤਾ ਨਹੀਂ ਮਿਲਦੀ। ਅਸੀਂ ਅਕਸਰ ਇਕੋ ਕਤਾਰ 'ਚ ਖੜ੍ਹੇ ਦੋ ਲੋਕਾਂ ਦੀ ਤੁਲਨਾ ਕਰ ਦਿੰਦੇ ਹਾਂ, ਪਰ ਅਸੀਂ ਇਹ ਨਹੀਂ ਵੇਖਦੇ ਕਿ ਉਹ ਆਏ ਕਿੱਥੋਂ ਹਨ। ਕੋਈ ਬੱਚਾ ਜੰਮਦਿਆਂ ਹੀ ਸੋਨੇ ਦਾ ਚਮਚਾ ਮੂੰਹ 'ਚ ਲੈ ਕੇ ਆਉਂਦਾ ਹੈ, ਕਿਸੇ ਨੂੰ ਉਹੀ ਚਮਚਾ ਬਣਾਉਣ ਲਈ ਸਾਰੀ ਉਮਰ ਲੋਹਾ ਕੁੱਟਣਾ ਪੈਂਦਾ ਹੈ। ਇਕ ਵਿਅਕਤੀ ਜੋ ਮੰਜ਼ਿਲ ਦੇ ਨੇੜੇ ਖੜ੍ਹਾ ਹੈ, ਹੋ ਸਕਦਾ ਹੈ ਉਸ ਨੇ ਬਹੁਤ ਪਹਿਲਾਂ ਤੁਰਨਾ ਸ਼ੁਰੂ ਕੀਤਾ ਹੋਵੇ। ਕੋਈ ਬੱਚਾ ਪਹਿਲੀ ਜਮਾਤ ਤੋਂ ਹੀ ਇਲਾਕੇ ਦੇ ਮਿਆਰੀ ਸਕੂਲ, ਟਿਊਸ਼ਨ, ਮਾਂ-ਬਾਪ ਪੜ੍ਹੇ-ਲਿਖੇ ਆਦਿ ਸਹੂਲਤਾਂ ਨਾਲ ਲੈਸ ਹੁੰਦਾ ਹੈ। ਦੂਜਾ ਬੱਚਾ ਪਛੜੇ ਇਲਾਕੇ, ਆਮ ਜਿਹੇ ਸਕੂਲ 'ਚ, ਸ਼ਾਮ ਨੂੰ ਖੇਤ 'ਚ ਕੰਮ ਵੀ ਕਰਦਾ ਹੈ, ਮਾਂ-ਬਾਪ ਅਨਪੜ੍ਹ ਹਨ। ਦੋਹਾਂ ਦੇ ਨੰਬਰਾਂ ਦੀ ਤੁਲਨਾ ਕਰਨਾ ਬੇਈਮਾਨੀ ਹੈ। ਹਰ ਕਿਸੇ ਦੀ ਆਰਥਿਕ ਭੂਮੀ ਵੱਖਰੀ ਹੈ। ਇਕ ਅਮੀਰ ਘਰ ਦਾ ਬੱਚਾ ਫੇਲ੍ਹ ਹੋ ਕੇ ਵੀ ਦੁਬਾਰਾ ਖੜ੍ਹਾ ਹੋ ਸਕਦਾ ਹੈ, ਕਿਉਂਕਿ ਉਸ ਕੋਲ ਪੈਸੇ ਦੀ ਗੱਦੀ ਹੈ, ਉਸ ਕੋਲ ਨੈੱਟਵਰਕ ਹੈ। ਇਕ ਗਰੀਬ ਘਰ ਦੇ ਬੱਚੇ ਕੋਲ ਫੇਲ੍ਹ ਹੋਣ ਦੀ ਵੀ ਸਹੂਲਤ ਨਹੀਂ ਹੁੰਦੀ। ਉਸ ਦੀ ਇਕ ਫੇਲ੍ਹ ਹੋਣੀ ਉਸ ਨੂੰ ਸਾਲਾਂ ਪਿੱਛੇ ਸੁੱਟ ਦਿੰਦੀ ਹੈ। ਇਸ ਲਈ ਜੇ ਤੁਹਾਡੇ ਕੋਲ ਘੱਟ ਸਾਧਨ ਹਨ ਅਤੇ ਤੁਸੀਂ ਫਿਰ ਵੀ ਲੜ ਰਹੇ ਹੋ, ਤਾਂ ਤੁਸੀਂ ਸਭ ਤੋਂ ਵੱਡੇ ਯੋਧੇ ਹੋ। ਆਪਣੀ ਤੁਲਨਾ ਕਿਸੇ ਰਜਵਾੜੇ ਦੇ ਬੱਚੇ ਨਾਲ ਨਾ ਕਰੋ। ਕੋਈ 22 ਸਾਲ ਦੀ ਉਮਰ 'ਚ ਨੌਕਰੀ ਲੱਗ ਜਾਂਦਾ ਹੈ, ਕੋਈ 35 ਸਾਲ ਦੀ ਉਮਰ 'ਚ। ਕੋਈ 25 ਸਾਲ ਦੀ ਉਮਰ 'ਚ ਸਫਲ ਬਿਜ਼ਨਸਮੈਨ ਬਣ ਜਾਂਦਾ ਹੈ, ਕੋਈ 50 ਸਾਲ ਦੀ ਉਮਰ 'ਚ। ਕਰਨਲ ਸੈਂਡਰਸ ਨੇ 65 ਸਾਲ ਦੀ ਉਮਰ 'ਚ ਕੇਐੱਫਸੀ ਸ਼ੁਰੂ ਕੀਤਾ ਸੀ। ਅਮਿਤਾਭ ਬੱਚਨ ਨੂੰ 70 ਸਾਲ ਦੀ ਉਮਰ 'ਚ ਦੁਬਾਰਾ ਸੁਪਰਸਟਾਰਡਮ ਮਿਲਿਆ। ਸਾਡੀ ਸਮੱਸਿਆ ਇਹ ਹੈ ਕਿ ਅਸੀਂ ਦੂਜੇ ਦੀ ਘੜੀ ਵੇਖ ਕੇ ਆਪਣੀ ਘੜੀ ਨੂੰ ਤੇਜ਼ ਕਰਨ ਦੀ ਕੋਸ਼ਿਸ਼ ਕਰਦੇ ਹਾਂ। ਯਾਦ ਰੱਖੋ, ਘੜੀ ਨੇ ਸਮੇਂ ਮੁਤਾਬਕ ਹੀ ਚੱਲਣਾ ਹੈ। ਸਮੁੰਦਰ ਵਾਂਗ ਧੀਰਜ ਰੱਖੋ। ਜਦੋਂ ਪੂਰਨਮਾਸ਼ੀ ਆਵੇਗੀ, ਜਵਾਰਭਾਟਾ ਸਭ ਤੋਂ ਉੱਚਾ ਹੋਵੇਗਾ। ਉਦੋਂ ਤੱਕ ਆਪਣੀ ਤਿਆਰੀ ਕਰੋ, ਆਪਣੇ ਆਪ ਨੂੰ ਡੂੰਘਾ ਕਰੋ। ਇਹ ਜ਼ਰੂਰੀ ਨਹੀਂ ਕਿ ਸਬਰ ਦਾ ਫਲ ਹਮੇਸ਼ਾ ਮਿੱਠਾ ਹੀ ਹੋਵੇ, ਪਰ ਇਹ ਜ਼ਰੂਰੀ ਹੈ ਕਿ ਸਹੀ ਵੇਲੇ 'ਤੇ ਮਿਲਿਆ ਫਲ ਹੀ ਮਿੱਠਾ ਲੱਗਦਾ ਹੈ। ਵੇਲੇ ਦੀ ਨਮਾਜ਼ ਹੀ ਕਬੂਲ ਹੁੰਦੀ ਹੈ, ਕੁਵੇਲੇ ਦੀਆਂ ਟੱਕਰਾਂ ਨਹੀਂ। ਜੇ ਸਫਲਤਾ ਬਹੁਤ ਦੇਰ ਨਾਲ ਮਿਲੇ ਤਾਂ ਉਹ ਫਿੱਕੀ ਲੱਗਣ ਲੱਗ ਪੈਂਦੀ ਹੈ। ਇਸ ਲਈ ਆਪਣੇ ਸਮੇਂ ਦਾ ਸਤਿਕਾਰ ਕਰੋ, ਪਰ ਦੂਜੇ ਦੇ ਸਮੇਂ ਨਾਲ ਆਪਣੀ ਤੁਲਨਾ ਨਾ ਕਰੋ। ਅੱਜ ਤੋਂ 20 ਸਾਲ ਪਹਿਲਾਂ ਤੁਲਨਾ ਸਿਰਫ਼ ਗੁਆਂਢ ਤੱਕ ਸੀ। ਅੱਜ ਤੁਲਨਾ ਪੂਰੀ ਦੁਨੀਆਂ ਨਾਲ ਹੈ। ਇੰਸਟਾਗ੍ਰਾਮ, ਫੇਸਬੁੱਕ 'ਤੇ ਹਰ ਕੋਈ ਆਪਣੀ ਜ਼ਿੰਦਗੀ ਦੀ ਹਾਈਲਾਈਟ ਫਿਲਮ ਦਿਖਾਉਂਦਾ ਹੈ। ਕੋਈ ਦੁਬਈ ਘੁੰਮ ਰਿਹਾ ਹੈ, ਕੋਈ ਨਵੀਂ ਥਾਰ ਲੈ ਰਿਹਾ ਹੈ, ਕੋਈ ਮਹਿੰਗੇ ਰੈਸਟੋਰੈਂਟ 'ਚ ਖਾ ਰਿਹਾ ਹੈ। ਕੋਈ ਵੀ ਆਪਣੀ ਅਸਫਲਤਾ, ਆਪਣਾ ਕਰਜ਼ਾ, ਆਪਣੀ ਇਕੱਲਤਾ, ਆਪਣੇ ਰਾਤ ਦੇ ਹੰਝੂ ਨਹੀਂ ਦਿਖਾਉਂਦਾ। ਅਸੀਂ ਆਪਣੀ ਜ਼ਿੰਦਗੀ ਦੀ ਪੂਰੀ, ਦੁੱਖਾਂ-ਸੁੱਖਾਂ ਭਰੀ ਫਿਲਮ ਦੀ ਤੁਲਨਾ ਦੂਜਿਆਂ ਦੀ 30 ਸੈਕਿੰਡ ਦੀ ਐਡੀਟਿਡ ਰੀਲ ਨਾਲ ਕਰਦੇ ਹਾਂ ਅਤੇ ਡਿਪਰੈਸ਼ਨ 'ਚ ਚਲੇ ਜਾਂਦੇ ਹਾਂ। ਮੋਰ ਆਪਣੇ ਖੰਭਾਂ 'ਤੇ ਮਾਣ ਕਰਦਾ ਹੈ, ਪਰ ਉਹ ਬਾਜ਼ ਜਿੰਨਾ ਉੱਚਾ ਉੱਡ ਨਹੀਂ ਸਕਦਾ। ਬਾਜ਼ ਕੋਲ ਮੋਰ ਵਰਗੇ ਖੰਭ ਨਹੀਂ ਪਰ ਉਹ ਸਭ ਤੋਂ ਉੱਚਾ ਉੱਡਦਾ ਹੈ। ਹੁਣ ਸਵਾਲ ਇਹ ਪੈਦਾ ਹੁੰਦਾ ਹੈ ਕਿ ਮਨੁੱਖ ਆਪਣੀ ਯਾਤਰਾ ਨੂੰ ਕਿਵੇਂ ਸਮਝੇ ਅਤੇ ਮਾਣੇ, ਇਸ ਸਬੰਧੀ ਕੁਝ ਨੁਕਤੇ ਅਪਣਾਏ ਜਾ ਸਕਦੇ ਹਨ। ਆਪਣੀ ਪੂਰਨਮਾਸ਼ੀ ਦੀ ਉਡੀਕ ਕਰੋ: ਜਵਾਰਭਾਟੇ ਵਾਂਗ ਧੀਰਜ ਰੱਖੋ। ਆਪਣੇ ਸਮੇਂ 'ਤੇ ਭਰੋਸਾ ਰੱਖੋ। ਜਦੋਂ ਤੱਕ ਤੁਹਾਡਾ ਚੰਦ ਪੂਰਾ ਨਹੀਂ ਹੁੰਦਾ, ਆਪਣੇ ਆਪ ਨੂੰ ਤਿਆਰ ਕਰੋ, ਆਪਣੀ ਡੂੰਘਾਈ ਵਧਾਓ। ਆਪਣੇ ਆਪ ਨਾਲ ਮੁਕਾਬਲਾ ਕਰੋ: ਦੁਨੀਆਂ 'ਚ ਸਿਰਫ਼ ਇਕ ਹੀ ਵਿਅਕਤੀ ਹੈ, ਜਿਸ ਨਾਲ ਤੁਲਨਾ ਕਰਨੀ ਚਾਹੀਦੀ ਹੈ ਉਹ ਹੈ ਕੱਲ੍ਹ ਵਾਲਾ ਤੁਸੀਂ। ਕੀ ਤੁਸੀਂ ਕੱਲ੍ਹ ਨਾਲੋਂ ਅੱਜ ਬਿਹਤਰ ਹੋ? ਬਸ ਇਹੀ ਕਾਫੀ ਹੈ ਆਪਣੀ ਕਰਮ-ਭੂਮੀ ਨੂੰ ਪਿਆਰ ਕਰੋ: ਮੱਛੀ ਨੂੰ ਪਾਣੀ ਨਾਲ ਪਿਆਰ ਕਰਨਾ ਚਾਹੀਦਾ ਹੈ, ਅਸਮਾਨ ਨਾਲ ਨਹੀਂ। ਜੋ ਤੁਹਾਡੇ ਕੋਲ ਹੈ, ਉਸੇ ਵਿੱਚ ਆਪਣੀ ਦੁਨੀਆਂ ਬਣਾਓ। ਦੂਜਿਆਂ ਨੂੰ ਵੇਖਣਾ ਬੰਦ ਕਰੋ। ਆਪਣੇ ਬੀਜ ਨੂੰ ਪਾਣੀ ਦਿਓ। ਤੁਲਨਾ ਛੱਡੋ, ਯਾਤਰਾ ਦਾ ਆਨੰਦ ਮਾਣੋ, ਕਿਉਂਕਿ ਮੰਜ਼ਿਲ ਨਾਲੋਂ ਯਾਤਰਾ ਜ਼ਿਆਦਾ ਸੋਹਣੀ ਹੁੰਦੀ ਹੈ।

ਡਾ. ਗੁਰਤੇਜ ਸਿੰਘ

ਭਾਰਤੀ ਮੀਡੀਆ ਦੀ ਸਾਖ



ਭਾਰਤ 'ਚ ਮੀਡੀਆ ਦਾ ਇਤਿਹਾਸ ਲੋਕਾਂ ਦੀ ਆਵਾਜ ਉਠਾਉਣ ਵਾਲਾ ਰਿਹਾ ਹੈ ਪਰ ਅਜੋਕੇ ਦੌਰ 'ਚ ਭਾਰਤੀ ਮੀਡੀਆ ਡੂੰਘੇ ਸੰਕਟ 'ਚੋਂ ਲੰਘ ਰਿਹਾ ਹੈ। ਹਰ ਇਕ ਦੀ ਖਬਰ ਲੈਣ ਵਾਲਾ ਮੀਡੀਆ ਅੱਜ ਖੁਦ ਸਵਾਲਾਂ ਦੇ ਘੇਰੇ 'ਚ ਹੈ। ਇਸ ਨੂੰ ਕੇਵਲ ਮੀਡੀਆ ਦੇ ਮਿਆਰ 'ਚ ਗਿਰਾਵਟ ਵਜੋਂ ਨਹੀਂ ਵੇਖਿਆ ਜਾ ਸਕਦਾ। ਵਰਡਲ ਪ੍ਰੈੱਸ ਫਰੀਡਮ ਇੰਡੈਕਸ ਦੇ ਅੰਕੜੇ ਭਾਰਤੀ ਮੀਡੀਆ ਦੀ ਚਿੰਤਾਜਨਕ ਤਸਵੀਰ ਪੇਸ ਕਰਦੇ ਹਨ। ਦੁਨੀਆਂ ਦੇ ਸੂਚਕ-ਅੰਕ 'ਚ ਇਸ ਦੀ ਸਥਿਤੀ ਲਗਾਤਾਰ ਹੇਠਾਂ ਜਾ ਰਹੀ ਹੈ। ਅਜੋਕੇ ਭਾਰਤੀ ਮੀਡੀਆ ਦਾ ਸੱਭ ਤੋਂ ਵੱਡਾ ਸੰਕਟ ਇਸ ਦੀ ਮਾਲਕੀ ਦਾ ਕੇਂਦਰੀਕਰਨ ਹੈ। ਭਾਰਤੀ ਮੀਡੀਆ ਦਾ ਵੱਡ ਹਿੱਸਾ ਵੱਡੇ ਕਾਰੋਬਾਰੀ ਘਰਾਣਿਆ ਦੇ ਹੱਥਾਂ 'ਚ ਚਲਾ ਗਿਆ ਹੈ। ਉਹ ਜਦੋਂ ਮਰਜੀ, ਜਿਹੜੇ ਮਰਜੀ ਮੀਡੀਆ ਅਦਾਰੇ ਨੂੰ ਪੈਸੇ ਦੇ ਬਲ 'ਤੇ ਖਰੀਦ ਲੈਂਦੇ ਹਨ। ਨਤੀਜੇ ਵਜੋਂ ਖਬਰਾਂ ਦੀ ਚੋਣ ਉਨ੍ਹਾਂ ਦੇ ਵਪਾਰਕ ਤੇ ਸਿਆਸੀ ਹਿੱਤਾਂ ਅਨੁਸਾਰ ਹੋਣ ਲੱਗਦੀ ਹੈ। ਇਸ ਸਥਿਤੀ ਕਾਰਨ ਉਹ ਸਵਾਲ ਕਦੇ ਉਠਾਏ ਹੀ ਨਹੀਂ ਜਾਂਦੇ, ਜਿਹੜੇ ਮੀਡੀਆ ਨੇ ਉਠਾਉਣੇ ਹੁੰਦੇ ਹਨ। ਦਰਸਕਾਂ ਤੱਕ ਉਹੀ ਗੱਲ ਪਹੁੰਚਦੀ ਹੈ ਜਿਹੜੀ ਉਹ ਪਹੁੰਚਾਉਣੀ ਚਾਹੁੰਦੇ ਹਨ। ਜਦੋਂ ਕੋਈ ਮੀਡੀਆ ਅਦਾਰਾ ਅਲੋਚਨਾਤਮਕ ਪਹੁੰਚ ਲੈ ਕੇ ਚੱਲਦਾ ਹੈ ਤਾਂ ਉਸ ਦੇ ਇਸਤਿਹਾਰ ਬੰਦ ਕਰ ਦਿੱਤੇ ਜਾਂਦੇ ਹਨ। ਇਹ ਸਥਿਤੀ ਸਾਰੀਆਂ ਧਿਰਾਂ ਲਈ ਅਣਸੁਖਾਵੀਂ ਹੁੰਦੀ ਹੈ। ਮੀਡੀਆ-ਕਰਮੀਆਂ ਦੀ ਸੁਰੱਖਿਆ ਤੇ ਕਾਨੂੰਨੀ ਅੜਚਣਾ ਦਾ ਡਰ ਮੀਡੀਆ ਦੀ ਕਾਰਗੁਜਾਰੀ ਨੂੰ ਸਿੱਧੇ ਤੌਰ 'ਤੇ ਪ੍ਰਭਾਵਤ ਕਰਦਾ ਹੈ। ਸਾਲਾਂ ਤੱਕ ਚੱਲਣ ਵਾਲੀ ਕਾਨੂੰਨੀ ਪ੍ਰਕਿਰਿਆ ਆਪਣੇ ਆਪ 'ਚ ਇਕ ਸਜਾ ਤੇ ਸੰਕਟ ਬਣ ਜਾਂਦੀ ਹੈ। ਆਨਲਾਈਨ ਟ੍ਰੋਲਿੰਗ, ਧਮਕੀਆਂ ਤੇ ਇਸਤਰੀ ਪੱਤਰਕਾਰਾਂ 'ਤੇ ਲਗਾਏ ਜਾਂਦੇ ਮਨਘੜਤ ਇਲਜਾਮ ਇਕ ਭੈਅ ਅਤੇ ਤਣਾਅ ਦਾ ਮਾਹੌਲ ਸਿਰਜ ਦਿੰਦੇ ਹਨ ਜਿਸ ਨਾਲ ਨਿਰਪੱਖ ਅਤੇ ਉਸਾਰੂ ਪੱਤਰਕਾਰੀ ਸਿੱਧੇ-ਅਸਿੱਧੇ ਤੌਰ 'ਤੇ ਪ੍ਰਭਾਵਤ ਹੁੰਦੀ ਹੈ। ਮੌਜੂਦਾ ਮੀਡੀਆ ਦਾ ਇਕ ਵੱਡਾ ਹਿੱਸਾ ਬੇਰੁਜਗਾਰੀ, ਸਿੱਖਿਆ, ਸਿਹਤ, ਮਹਿੰਗਾਈ ਤੇ ਭ੍ਰਿਸਟਾਚਾਰ ਜਿਹੇ ਲੋਕਾਂ ਦੇ ਬੁਨਿਆਦੀ ਮਸਲਿਆਂ ਤੋਂ ਧਿਆਨ ਹਟਾ ਕੇ ਫਿਰਕੂ ਅਤੇ ਜਜਬਾਤੀ ਮੁੱਦਿਆਂ ਨੂੰ ਉਛਾਲ ਰਿਹਾ ਹੈ। ਇਨ੍ਹਾਂ ਨੂੰ ਸਨਸਨੀਖੇਜ ਬਣਾ ਕੇ ਪੇਸ ਕਰਨ 'ਚ ਰੁੱਝਾ ਹੋਇਆ ਹੈ। ਵਧੇਰੇ ਟੈਲੀਵਿਜਨ ਸਟੂਡੀਓ ਉਸਾਰੂ ਵਿਚਾਰ-ਵਟਾਂਦਰੇ ਦੇ ਮੰਚ ਨਹੀਂ ਰਹੇ, ਸਗੋਂ ਨਫਰਤ ਫੈਲਾਉਣ ਅਤੇ ਸਮਾਜਕ ਧਰੁਵੀਕਰਨ ਕਰਨ ਦੇ ਅਖਾੜੇ ਬਣ ਗਏ ਹਨ। ਅਸਲੀ ਖਬਰਾਂ ਨੂੰ ਪ੍ਰਾਈਮ ਟਾਈਮ ਕਵਰੇਜ ਨਹੀਂ ਮਿਲਦੀ ਪਰ ਗੈਰ-ਜਰੂਰੀ ਅਤੇ ਸਨਸਨੀਖੇਜ ਖਬਰਾਂ ਨੂੰ ਘੰਟਿਆਂ ਤੱਕ ਬੇਲੋੜਾ ਵਿਖਾਇਆ ਜਾਂਦਾ ਹੈ। ਭਾਰਤੀ ਮੀਡੀਆ ਦੀ ਇਹ ਸਥਿਤੀ ਕੇਵਲ ਮੀਡੀਆ ਲਈ ਹੀ ਨਹੀਂ, ਸਗੋਂ ਲੋਕਤੰਤਰ ਲਈ ਇਕ ਚੇਤਾਵਨੀ ਹੈ। ਜਦੋਂ ਤੱਕ ਮੀਡੀਆ ਕਾਰਪੋਰੇਟ ਅਤੇ ਹੋਰ ਤਰ੍ਹਾਂ ਤਰ੍ਹਾਂ ਦੇ ਦਬਾਅ ਤੋਂ ਮੁਕਤ ਹੋ ਕੇ ਮੁੜ ਲੋਕਾਂ ਪ੍ਰਤੀ ਜਵਾਬਦੇਹ ਨਹੀਂ ਹੁੰਦਾ, ਤਦ ਤੱਕ ਇਹ ਮਸਲਾ ਹੱਲ ਹੋਣ ਵਾਲਾ ਨਹੀਂ। ਬੁਨਿਆਦੀ ਬਣਤਰ ਅਤੇ ਨੈਤਿਕ ਸੁਧਾਰਾਂ ਦੀ ਤੁਰੰਤ ਲੋੜ ਹੈ। ਇਕ ਮਜਬੂਤ ਲੋਕਤੰਤਰ ਦੇ ਚੌਥੇ ਥੰਮ ਵਜੋਂ ਆਪਣਾ ਅਕਸ ਅਤੇ ਭਰੋਸੇਯੋਗਤਾ ਬਹਾਲ ਕਰਨ ਲਈ ਤੁਰੰਤ ਅਜਿਹੇ ਹੋਰ ਕਦਮ ਚੁੱਕਣ ਦੀ ਲੋੜ ਹੈ। ਸੰਪਾਦਕਾਂ ਨੂੰ ਬਿਨ੍ਹਾਂ ਕਿਸੇ ਦਬਾਅ ਦੇ ਕੰਮ ਕਰਨ ਦੀ ਖੁੱਲ੍ਹ ਹੋਣੀ ਚਾਹੀਦੀ ਹੈ। ਸਰਕਾਰੀ ਇਸਤਿਹਾਰਾਂ ਤੇ ਵੱਡੇ ਕਾਰਪੋਰੇਟ ਘਰਾਣਿਆਂ 'ਤੇ ਵਿੱਤੀ ਨਿਰਭਰਤਾ ਘਟਾਉਣ ਲਈ ਸੁਤੰਤਰ ਵਿੱਤੀ-ਮਾਡਲਾਂ ਨੂੰ ਉਤਸਾਹਿਤ ਕਰਨਾ ਹੋਵੇਗਾ। ਸਟੂਡੀਓ ਬਹਿਸਾਂ ਦੀ ਬਜਾਏ, ਫੀਲਡ ਰਿਪੋਰਟਿੰਗ ਵੱਲ ਪਰਤਣਾ ਪਵੇਗਾ। ਰੌਲੇ-ਰੱਪੇ ਵਾਲੀਆਂ, ਧਰਮ ਤੇ ਜਾਤ-ਪਾਤ 'ਤੇ ਆਧਾਰਿਤ ਧਰੁਵੀਕਰਨ ਕਰਨ ਵਾਲੀਆਂ ਬਹਿਸਾਂ ਬੰਦ ਕਰਕੇ ਖੋਜੀ ਰਿਪੋਰਟਿੰਗ ਵੱਲ ਆਉਣਾ ਹੋਵੇਗਾ। ਆਮ ਲੋਕਾਂ ਦੀਆਂ ਮੰਗਾਂ-ਉਮੰਗਾਂ, ਦੁੱਖ-ਦਰਦ ਅਤੇ ਜੀਵਨ-ਯਥਾਰਥ ਨੂੰ ਪੇਸ ਕਰਨਾ ਪਵੇਗਾ। ਪ੍ਰੈੱਸ ਕੌਂਸਲ ਆਫ ਇੰਡੀਆ ਅਤੇ ਨਿਊਜ ਬ੍ਰਾਡਕਾਸਟਿੰਗ ਐਂਡ ਡਿਜੀਟਲ ਸਟੈਂਡਰਡਜ ਅਥਾਰਟੀ ਜਿਹੀਆਂ ਸੰਸਥਾਵਾਂ ਨੂੰ ਵਧੇਰੇ ਅਧਿਕਾਰ ਦੇਣ ਦੀ ਲੋੜ ਹੈ। ਅਜੋਕੇ ਡਿਜੀਟਲ ਯੁੱਗ 'ਚ ਗੁਮਰਾਹਕੁੰਨ ਜਾਣਕਾਰੀ ਬੜੀ ਤੇਜੀ ਨਾਲ ਫੈਲਦੀ ਹੈ। ਕਿਸੇ ਵੀ ਖਬਰ ਨੂੰ ਪ੍ਰਕਾਸਿਤ ਜਾਂ ਪ੍ਰਸਾਰਿਤ ਕਰਨ ਤੋਂ ਪਹਿਲਾਂ ਉਸ ਦੀ ਡੂੰਘਾਈ ਨਾਲ ਪੜਤਾਲ ਕਰਨ ਲਈ ਮੀਡੀਆ ਅਦਾਰਿਆਂ ਅੰਦਰ ਤੱਥ-ਜਾਂਚ ਵਿਭਾਗ ਹੋਣੇ ਚਾਹੀਦੇ ਹਨ। ਸੱਚਾਈ ਨੂੰ ਪੱਖਪਾਤ ਤੋਂ ਉੱਪਰ ਰੱਖਣਾ ਪਵੇਗਾ। ਮੀਡੀਆ ਦੇ ਸੁਧਾਰ ਲਈ ਸਮਾਜ ਦਾ ਚੇਤੰਨ ਹੋਣਾ ਵੀ ਓਨਾ ਹੀ ਜਰੂਰੀ ਹੈ। ਜਦੋਂ ਲੋਕ ਨਫਰਤੀ, ਸਨਸਨੀਖੇਜ ਅਤੇ ਗੈਰ-ਮਿਆਰੀ ਸਮੱਗਰੀ ਨੂੰ ਨਜਰਅੰਦਾਜ ਕਰਕੇ ਸਹੀ, ਸੰਤੁਲਿਤ, ਸੱਚੀ ਤੇ ਮਿਆਰੀ ਪੱਤਰਕਾਰੀ ਦੀ ਮੰਗ ਕਰਨਗੇ ਤਾਂ ਟੀਆਰਪੀ ਦੀ ਅੰਨ੍ਹੀ ਦੌੜ 'ਚ ਲੱਗੇ ਚੈਨਲਾਂ ਨੂੰ ਆਪਣੀ ਦਿਸਾ ਅਤੇ ਦਸਾ ਸੁਧਾਰਨੀ ਪਵੇਗੀ। ਭਾਰਤੀ ਮੀਡੀਆ ਨੂੰ ਆਪਣੀ ਗੁਆਚੀ ਸਾਖ ਤੇ ਭਰੋਸਾ ਵਾਪਿਸ ਹਾਸਲ ਕਰਨ ਲਈ ਲੋਕਾਂ ਦੀ ਆਵਾਜ ਦੇ ਆਪਣੇ ਬੁਨਿਆਦੀ ਸਿਧਾਂਤ ਵੱਲ ਪਰਤਣਾ ਪਵੇਗਾ।

ਪ੍ਰੋ. ਕੁਲਬੀਰ ਸਿੰਘ

ਸਟ੍ਰਾਬੇਰੀ ਖਾਣ ਦੇ ਫਾਇਦੇ

ਅੱਖਾਂ ਲਈ ਸਟ੍ਰਾਬੇਰੀ : ਇਸ ਵਿਚ ਐਂਟੀਆਕਸੀਡੈਂਟ ਤੱਤ ਹੁੰਦਾ ਹੈ ਜੋ ਕਿ ਅੱਖਾਂ ਨੂੰ ਮੋਤੀਆਬਿੰਦ ਤੋਂ ਬਚਾਉਂਦਾ ਹੈ। ਸਾਡੀਆਂ ਅੱਖਾਂ ਨੂੰ ਵਿਟਾਮਿਨ 'ਸੀ' ਦੀ ਵਧੇਰੇ ਲੋੜ ਹੁੰਦੀ ਹੈ, ਜਿਸ ਕਰਕੇ ਇਹ ਸੂਰਜ ਦੀ ਤੇਜ਼ ਰੋਸ਼ਨੀ ਅਤੇ ਅਲਟਰਾਵੈਲਿਟ ਕਿਰਨਾਂ ਨਾਲ ਨਹੀਂ ਲੜਦੀਆਂ ਤਾਂ ਅੱਖਾਂ ਦੇ ਲੈਂਜ਼ ਦੇ ਪ੍ਰੋਟੀਨ ਨਸ਼ਟ ਹੋ ਸਕਦੇ ਹਨ।

ਕੈਂਸਰ ਨਾਲ ਲੜੇ : ਸਟ੍ਰਾਬੇਰੀ ਵਿਚ ਐਂਟੀਆਕਸੀਡੈਂਟ ਅਤੇ ਕੈਂਸਰ ਨਾਲ ਲੜਨ ਵਾਲੇ ਤੱਤ ਹੁੰਦੇ ਹਨ, ਜੋ ਕਈ ਤਰ੍ਹਾਂ ਦੇ ਕੈਂਸਰ ਨਾਲ ਲੜ ਸਕਦੇ ਹਨ। ਇਸ ਵਿਚ ਫਲੈਵੋਨਾਇਡ, ਫੋਲੇਟ, ਕੈਂਫਰਾਲ ਅਤੇ ਵਿਟਾਮਿਨ ਸੀ ਹੁੰਦਾ ਹੈ ਜੋ ਕਿ ਕੈਂਸਰ ਪੈਦਾ ਕਰਨ ਵਾਲੇ ਸੈੱਲ ਨੂੰ ਨਸ਼ਟ ਕਰਦਾ ਹੈ।

ਹਾਰਟ ਅਟੈਕ : ਇਸ ਵਿਚ ਪੋਟਾਸ਼ੀਅਮ ਹੁੰਦਾ ਹੈ ਜੋ ਕਿ ਹਾਰਟ ਅਟੈਕ ਅਤੇ ਸਟ੍ਰੋਕ ਦੇ ਚਾਂਸ ਨੂੰ ਘੱਟ ਕਰਦਾ ਹੈ। ਨਾਲ ਹੀ ਇਸ ਫਲ ਵਿਚ ਫੋਲੇਟ ਹੁੰਦਾ ਹੈ ਜੋ ਕਿ ਲਾਲ ਖ਼ੂਨ ਦੀਆਂ ਨਾੜੀਆਂ ਦੀ ਮੁਰੰਮਤ ਕਰਦਾ ਹੈ।

ਦੰਦਾਂ ਦੀ ਚਮਕ : ਇਸ ਵਿਚ ਐਸਿਡ ਹੁੰਦਾ ਹੈ ਜੋ ਦੰਦਾਂ ਦੇ ਦਾਗ਼ਾਂ ਨੂੰ ਸਾਫ਼ ਕਰਕੇ ਉਨ੍ਹਾਂ ਨੂੰ ਚਮਕਦਾਰ ਬਣਾਉਂਦਾ ਹੈ। ਤੁਸੀਂ ਸਿਰਫ਼ ਏਨਾ ਹੀ ਕਰਨਾ ਹੈ ਕਿ ਫਲ ਨੂੰ ਅੱਧੇ ਭਾਗ ਵਿਚੋਂ ਕੱਟੋ ਅਤੇ ਉਸ ਵਿਚ ਆਪਣੇ ਮਸੂੜੇ ਅਤੇ ਦੰਦਾਂ ਨੂੰ ਰਗੜੋ। ਇਸ ਨਾਲ ਮਸੂੜੇ ਵੀ ਮਜ਼ਬੂਤ ਹੁੰਦੇ ਹਨ।



ਹੱਡੀਆਂ ਨੂੰ ਮਜ਼ਬੂਤੀ ਦੇਵੇ : ਸਟ੍ਰਾਬੇਰੀ ਵਿਚ ਮੈਂਗਨੀਜ਼ ਵਧੇਰੇ ਪਾਇਆ ਜਾਂਦਾ ਹੈ ਜੋ ਹੱਡੀਆਂ ਦਾ ਠੀਕ ਤਰ੍ਹਾਂ ਵਿਕਾਸ ਕਰਦਾ ਹੈ। ਹੱਡੀਆਂ ਲਈ ਪੋਟਾਸ਼ੀਅਮ, ਮੈਗਨੀਸ਼ੀਅਮ, ਵਿਟਾਮਿਨ ਕੇ ਆਦਿ ਦੀ ਵਧੇਰੇ ਲੋੜ ਹੁੰਦੀ ਹੈ।

ਭਾਰ ਘਟਾਏ : ਸਟ੍ਰਾਬੇਰੀ ਵਿਚ ਫੈਟ ਫ੍ਰੀ ਅਤੇ ਘੱਟ ਕੈਲੋਰੀ ਹੁੰਦੀ ਹੈ ਜਿਸ ਵਿਚ ਨਾ ਤਾਂ ਸ਼ੱਕਰ ਹੁੰਦੀ ਹੈ ਅਤੇ ਨਾ ਹੀ ਸੋਡੀਅਮ। ਰੋਜ਼ਾਨਾ ਡੇਢ ਕੱਪ ਸਟ੍ਰਾਬੇਰੀ ਖਾਣ ਨਾਲ ਤੁਹਾਨੂੰ ਬਾਹਰ ਦਾ ਕੋਈ ਸਨੈਕਸ ਖਾਣ ਦੀ ਜ਼ਰੂਰਤ ਨਹੀਂ ਪਵੇਗੀ ਜਿਸ ਨਾਲ ਭਾਰ ਕਾਬੂ ਵਿਚ ਰਹੇਗਾ।

ਸ਼ੂਗਰ ਨੂੰ ਕਰਦੀ ਹੈ ਕਾਬੂ 'ਚ ਰੱਖੋ : ਇਕ ਖੋਜ ਦੇ ਮੁਤਾਬਿਕ ਸਟ੍ਰਾਬੇਰੀ ਵਿਚ ਅਜਿਹੇ ਤੱਤ ਜਾਂ ਗੁਣ ਪਾਏ ਜਾਂਦੇ ਹਨ, ਜੋ ਸ਼ੂਗਰ ਦੇ ਮਰੀਜ਼ਾਂ ਦੇ ਸਰੀਰ ਦਾ ਗੁਲੂਕੋਜ਼ ਪੱਧਰ ਅਤੇ ਲਿਪਿਡ ਪ੍ਰੋਫਾਈਲ ਨੂੰ ਬਿਹਤਰ ਬਣਾਉਂਦੇ ਹਨ। ਇਹ ਹੀ ਨਹੀਂ, ਹਰ ਰੋਜ਼ ਸਟ੍ਰਾਬੇਰੀ ਖਾਣ ਨਾਲ ਟਾਈਪ 2 ਸ਼ੂਗਰ ਦਾ ਖ਼ਤਰਾ ਵੀ ਘੱਟ ਹੋ ਜਾਂਦਾ ਹੈ।

ਸੋਜ ਘੱਟ ਕਰਨ ਵਿਚ ਸਹਾਇਕ : ਸਟ੍ਰਾਬੇਰੀ ਦੀ ਵਰਤੋਂ ਨਾਲ ਗਠੀਆ ਵਰਗੇ ਰੋਗ ਤੋਂ ਰਾਹਤ ਮਿਲਦੀ ਹੈ। ਇਸ ਵਿਚ ਪਾਏ ਜਾਣ ਵਾਲੇ ਪਾਲੀਫੇਨੋਲ ਭਾਵ ਅਨੇਕ ਤੱਤ ਜੋ ਗੋਡਿਆਂ ਦੀ ਸੋਜ ਅਤੇ ਦਰਦ ਨੂੰ ਘੱਟ ਕਰਨ ਵਿਚ ਸਹਾਇਕ ਹੁੰਦੇ ਹਨ, ਇਸ ਤੋਂ ਇਲਾਵਾ ਮਸੂੜਿਆਂ ਦੀ ਸੋਜ ਨੂੰ ਵੀ ਘੱਟ ਕਰਨ ਵਿਚ ਸਹਾਇਕ ਹਨ ਕਿਉਂਕਿ ਇਸ ਵਿਚ ਵਿਟਾਮਿਨ 'ਸੀ' ਕਾਫੀ ਮਾਤਰਾ ਵਿਚ ਪਾਇਆ ਜਾਂਦਾ ਹੈ।

ਕੋਲੈਸਟ੍ਰੋਲ ਪੱਧਰ ਘੱਟ ਕਰਨ ਲਈ : ਸਟ੍ਰਾਬੇਰੀ ਵਿਚ ਪੇਕਟਿਨ ਨਾਮੀ ਤੱਤ ਹੁੰਦਾ ਹੈ ਜੋ ਕਿ ਘੁਲਣਸ਼ੀਲ ਪਾਊਡਰ ਹੈ। ਇਹ ਸਾਡੇ ਸਰੀਰ ਵਿਚ ਮੌਜੂਦ ਖ਼ਰਾਬ ਕੋਲੈਸਟ੍ਰੋਲ ਦੇ ਪੱਧਰ ਨੂੰ ਘੱਟ ਕਰਦਾ ਹੈ। ਇਸ ਲਈ ਸਾਨੂੰ ਆਪਣੀ ਰੋਜ਼ਾਨਾ ਦੀ ਖ਼ੁਰਾਕ ਵਿਚ ਸਟ੍ਰਾਬੇਰੀ ਨੂੰ ਸ਼ਾਮਿਲ ਕਰਨਾ ਚਾਹੀਦਾ ਹੈ, ਜਿਸ ਕਰਕੇ ਅਸੀਂ ਦਿਲ ਦੀਆਂ ਬਿਮਾਰੀਆਂ ਤੋਂ ਬਚੇ ਰਹਾਂਗੇ।

ਅਨੇਕ ਰੋਗਾਂ ਤੋਂ ਬਚਾਉਂਦਾ ਹੈ ਅੰਗੂਰ

ਅੰਗੂਰ ਦੇ ਛਿਲਕੇ ਵਿਚ ਮੌਜੂਦ ਰੇਸਵੇਰਾਟ੍ਰਾਲ ਐਂਟੀਆਕਸੀਡੈਂਟ ਤੱਤਾਂ ਵਿਚ ਕੈਂਸਰ ਵਿਰੋਧੀ ਗੁਣ ਹੁੰਦੇ ਹਨ। ਇਹ ਤੱਤ ਪ੍ਰੋਸਟੇਟ, ਬ੍ਰੈਸਟ ਅਤੇ ਫੇਫੜਿਆਂ ਦੇ ਕੈਂਸਰ ਸੈੱਲਾਂ ਨੂੰ ਬਣਨ ਤੋਂ ਰੋਕਦੇ ਹਨ।

ਮਾਈਗ੍ਰੇਨ ਵਿਚ ਫਾਇਦਾ

ਅੱਜਕਲ੍ਹ ਦੌੜ-ਭੱਜ ਦੀ ਜ਼ਿੰਦਗੀ ਅਤੇ ਰੁਝੇਵੇਂ ਭਰੀ ਜੀਵਨ-ਸ਼ੈਲੀ ਵਿਚ ਮਾਈਗ੍ਰੇਨ ਆਮ ਸਮੱਸਿਆ ਹੈ। ਅਜਿਹੀ ਸਥਿਤੀ ਵਿਚ ਅੰਗੂਰ ਦਾ ਰਸ ਪੀਣਾ ਤੁਹਾਡੇ ਲਈ ਬਹੁਤ ਫਾਇਦੇਮੰਦ ਰਹੇਗਾ। ਕੁਝ ਸਮੇਂ ਤੱਕ ਅੰਗੂਰ ਦਾ ਰਸ ਲਗਾਤਾਰ ਪੀਣ ਨਾਲ ਇਸ ਸਮੱਸਿਆ ਤੋਂ ਕਾਫੀ ਰਾਹਤ ਮਿਲਦੀ ਹੈ।



ਹਾਰਟ ਅਟੈਕ ਦੇ ਖ਼ਤਰੇ ਨੂੰ ਘਟਾਉਂਦਾ ਹੈ

ਇਹ ਬੈਡ ਕੋਲੈਸਟ੍ਰਾਲ ਭਾਵ ਐਲ.ਡੀ.ਐਲ. ਨੂੰ ਕੰਟਰੋਲ ਰੱਖਦੇ ਹਨ। ਓਰੋਸਟਿਲਵੇਨ ਐਂਟੀਆਕਸੀਡੈਂਟ ਦੀ ਮੌਜੂਦਗੀ ਵਿਚ ਕਾਲੇ ਅੰਗੂਰ ਦਾ ਰਸ ਬਲੱਡ ਵਿਚ ਨਾਇਟ੍ਰਿਕ ਐਸਿਡ ਦੇ ਪੱਧਰ ਨੂੰ ਕੰਟਰੋਲ ਵਿਚ ਰੱਖਦਾ ਹੈ, ਜਿਸ ਨਾਲ ਬਲੱਡ ਕਲਾਟਿੰਗ ਨਹੀਂ ਹੁੰਦੀ ਅਤੇ ਹਾਰਟ ਅਟੈਕ ਦਾ ਖ਼ਤਰਾ ਘਟ ਜਾਂਦਾ ਹੈ। ਕਾਲੇ ਅੰਗੂਰ ਦਾ ਜੂਸ ਹਾਰਟ ਅਟੈਕ ਤੋਂ ਬਚਣ ਲਈ ਐਸਪਰਿਨ ਦੀ ਗੋਲੀ ਦੇ ਬਰਾਬਰ ਕਾਰਗਰ ਹੈ।

ਸ਼ੂਗਰ ਵਿਚ ਲਾਭਦਾਇਕ

ਅੰਗੂਰ ਦੇ ਹੈਰੋਸਟਿਲਵੇਨ ਨਾਮੀ ਐਂਟੀਆਕਸੀਡੈਂਟ ਬਲੱਡ ਵਿਚ ਸ਼ੂਗਰ ਦੀ ਮਾਤਰਾ ਨੂੰ ਘੱਟ ਕਰਦਾ ਹੈ। ਹਫ਼ਤੇ ਵਿਚ 2-3 ਵਾਰ ਇਕ ਕਟੋਰੀ ਵਿਚ ਵੱਖ-ਵੱਖ ਰੰਗ ਦੇ ਅੰਗੂਰ ਖਾਣ ਨਾਲ ਟਾਈਪ 2 ਸ਼ੂਗਰ ਦੀ ਸੰਭਾਵਨਾ 70 ਫ਼ੀਸਦੀ ਘਟ ਜਾਂਦੀ ਹੈ।

ਪੇਟ ਭਰਿਆ ਹੋਣ ਦਾ ਅਹਿਸਾਸ

ਆਪਣੇ ਵਜ਼ਨ ਪ੍ਰਤੀ ਸੁਚੇਤ ਲੋਕਾਂ ਲਈ ਅੰਗੂਰ ਆਦਰਸ਼ ਫਲ ਹੈ। ਇਸ ਵਿਚ ਫਾਈਬਰ ਦੀ ਮਾਤਰਾ ਜ਼ਿਆਦਾ ਅਤੇ ਚਿਕਨਾਈ ਨਾ ਦੇ ਬਰਾਬਰ ਹੁੰਦੀ ਹੈ। ਇਸ ਲਈ ਇਕ ਕਟੋਰੀ ਅੰਗੂਰ ਖਾਣ 'ਤੇ ਕਾਫੀ ਸਮੇਂ ਤੱਕ ਭੁੱਖ ਮਹਿਸੂਸ ਨਹੀਂ ਹੁੰਦੀ।

ਕਬਜ਼ ਦੀ ਸ਼ਿਕਾਇਤ ਦੂਰ ਕਰੇ

ਫਾਈਬਰ ਅਤੇ ਗਲੂਕੋਜ਼ ਦੀ ਵਧੇਰੇ ਮਾਤਰਾ ਵਾਲਾ ਅੰਗੂਰ ਪਾਚਣ ਤੰਤਰ ਨੂੰ ਮਜ਼ਬੂਤ ਕਰਦਾ ਹੈ। ਇਸ ਵਿਚ ਮੌਜੂਦ ਆਰਗੈਨਿਕ ਐਸਿਡ, ਸੇਲੂਲੋਜ ਅਤੇ ਪਾਲੀਓਸ ਤੱਤ ਪੇਟ ਦੀ ਟੋਨਿੰਗ ਕਰਕੇ ਕਬਜ਼ ਅਤੇ ਬਦਹਜ਼ਮੀ, ਪੇਟ ਵਿਚ ਜਲਣ, ਸੋਜਿਸ਼, ਉਲਟੀਆਂ ਆਉਣ ਵਰਗੀਆਂ ਸਮੱਸਿਆਵਾਂ ਤੋਂ ਰਾਹਤ ਦਿਵਾਉਂਦਾ ਹੈ।

ਅੱਖਾਂ ਲਈ ਫਾਇਦੇਮੰਦ

ਅੰਗੂਰ ਵਿਚ ਮੌਜੂਦਾ ਗਲੂਟੇਨ ਅਤੇ ਜਇਏਨਥਿਨ ਐਂਟੀਆਕਸੀਡੈਂਟ ਅੱਖਾਂ ਨੂੰ ਤੰਦਰੁਸਤ ਰੱਖਣ ਵਿਚ ਸਹਾਇਕ ਹੈ। ਵਿਟਾਮਿਨ ਏ ਰਾਤ ਦੇ ਅੰਨ੍ਹੇਪਨ ਵਰਗੀਆਂ ਅੱਖਾਂ ਦੀਆਂ ਬਿਮਾਰੀਆਂ ਵਿਚ ਮਦਦ ਕਰਦਾ ਹੈ। ਇਸ ਦੇ ਪੱਕੇ ਹੋਏ ਗਾੜ੍ਹੇ ਰਸ ਨੂੰ ਸੌਂਦੇ ਸਮੇਂ ਅੱਖਾਂ ਵਿਚ ਲਗਾਉਣ ਨਾਲ ਅੱਖਾਂ ਦੇ ਰੋਗ ਦੂਰ ਹੋ ਜਾਂਦੇ ਹਨ।

ਦਮੇ ਦੇ ਰੋਗੀਆਂ ਲਈ ਕਾਰਗਰ

ਦਮੇ ਦੇ ਰੋਗੀਆਂ ਨੂੰ ਸਰਦੀਆਂ ਵਿਚ ਸਾਹ ਲੈਣ ਵਿਚ ਵਧੇਰੇ ਮੁਸ਼ਕਿਲ ਹੁੰਦੀ ਹੈ। ਅੰਗੂਰ ਵਿਚ ਮੌਜੂਦ ਮੈਗਨੀਸ਼ੀਅਮ ਮਾਸਪੇਸ਼ੀਆਂ ਦੇ ਸੰਕੁਚਨ ਨੂੰ ਘੱਟ ਕਰਦਾ ਹੈ। ਇਸ ਨਾਲ ਰੋਗੀਆਂ ਨੂੰ ਆਰਾਮ ਮਿਲਦਾ ਹੈ।

ਖ਼ੂਨ ਦੀ ਘਾਟ ਦੂਰ ਕਰੇ

ਜੇ ਤੁਹਾਡੇ ਸਰੀਰ ਵਿਚ ਖ਼ੂਨ ਦੀ ਘਾਟ ਹੈ ਜਾਂ ਫਿਰ ਤੁਹਾਡਾ ਹੀਮੋਗਲੋਬਿਨ ਘੱਟ ਹੈ ਤਾਂ ਖ਼ੂਨ ਦੀ ਘਾਟ ਨੂੰ ਦੂਰ ਕਰਨ ਲਈ ਇਕ ਗਿਲਾਸ ਅੰਗੂਰ ਦੇ ਜੂਸ ਵਿਚ ਦੋ ਚਮਚ ਸ਼ਹਿਦ ਮਿਲਾ ਕੇ ਪੀਣ ਨਾਲ ਖ਼ੂਨ ਦੀ ਘਾਟ ਦੂਰ ਹੋ ਜਾਂਦੀ ਹੈ। ਨਾਲ ਹੀ ਇਹ ਹੀਮੋਗਲੋਬਿਨ ਨੂੰ ਵੀ ਵਧਾਉਂਦਾ ਹੈ। ਹੀਮੋਗਲੋਬਿਨ ਘੱਟ ਹੋਣ ਨਾਲ ਸਰੀਰ ਵਿਚ ਕਮਜ਼ੋਰੀ ਹੋ ਜਾਂਦੀ ਹੈ।

ਭਾਰ ਘਟਾਉਂਦਾ ਹੈ ਹਾਸਾ

ਹੁਣ ਤੱਕ ਇਹੀ ਸਮਝਿਆ ਜਾਂਦਾ ਰਿਹਾ ਹੈ ਕਿ ਹਾਸੇ ਨਾਲ ਲੋਕਾਂ ਦਾ ਭਾਰ ਵਧ ਜਾਂਦਾ ਹੈ ਪਰ ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋ ਸਕਦੀ ਹੈ ਕਿ ਹਾਸਾ ਤੁਹਾਡੇ ਭਾਰ ਨੂੰ ਘੱਟ ਵੀ ਕਰ ਸਕਦਾ ਹੈ। ਇੰਟਰਨੈਸ਼ਨਲ ਜਰਨਲ ਆਫ ਓਬੇਸਟੀ ਵਿਚ ਪ੍ਰਕਾਸ਼ਿਤ ਇਕ ਅਧਿਐਨ ਅਨੁਸਾਰ 18 ਤੋਂ 34 ਸਾਲ ਦੀ ਉਮਰ ਦੇ 45 ਲੋਕਾਂ ਨੂੰ ਟੈਲੀਵਿਜ਼ਨ 'ਤੇ ਵੱਖ-ਵੱਖ ਪ੍ਰੋਗਰਾਮ ਦਿਖਾਏ ਗਏ। ਅਧਿਐਨ ਵਿਚ ਇਹ ਪਾਇਆ ਗਿਆ ਕਿ ਜਦੋਂ ਉਹ ਕਾਮੇਡੀ ਪ੍ਰੋਗਰਾਮ ਦੇਖ ਰਹੇ ਹੁੰਦੇ ਸਨ ਤਾਂ ਉਨ੍ਹਾਂ ਦੀਆਂ ਮਾਸਪੇਸ਼ੀਆਂ ਨੇ ਵਧੇਰੇ ਕੰਮ ਕੀਤਾ ਅਤੇ ਉਨ੍ਹਾਂ ਦੇ ਦਿਲ ਦੀ ਗਤੀ ਤੇਜ਼ ਹੋ ਗਈ, ਜਿਸ ਨਾਲ ਉਨ੍ਹਾਂ ਦਾ ਕੈਲੋਰੀ ਖਰਚ 10 ਤੋਂ 20 ਫ਼ੀਸਦੀ ਵਧ ਗਿਆ। ਮਾਹਿਰਾਂ ਦਾ ਮੰਨਣਾ ਹੈ ਕਿ ਜੇ ਮੋਟੇ ਲੋਕ ਘੱਟੋ-ਘੱਟ 15 ਮਿੰਟ ਦਾ ਕਾਮੇਡੀ ਪ੍ਰੋਗਰਾਮ ਦੇਖਣ ਅਤੇ ਹੱਸਣ ਤਾਂ ਇਕ ਸਾਲ ਵਿਚ ਉਨ੍ਹਾਂ ਦਾ ਭਾਰ ਸਾਢੇ ਚਾਰ ਪੌਂਡ ਘੱਟ ਹੋ ਸਕਦਾ ਹੈ। ਇਸ ਲਈ ਤੁਸੀਂ ਵੀ ਹੱਸੋ ਅਤੇ ਆਪਣਾ ਵਜ਼ਨ ਘੱਟ ਕਰੋ।

ਅਸ਼ੋਕ ਗੁਪਤ



ਦਿਲ ਲਈ ਬੜੀ ਲਾਭਦਾਇਕ ਹੈ ਲੌਕੀ

ਲੌਕੀ ਵਿਚੋਂ ਵਿਟਾਮਿਨ ਏ, ਬੀ ਅਤੇ ਸੀ ਮਿਲਦਾ ਹੈ। ਇਹ ਸਵਾਦੀ ਅਤੇ ਤਾਕਤਵਰ ਹੁੰਦੀ ਹੈ। ਰੋਗੀਆਂ ਲਈ ਇਹ ਲਾਭਦਾਇਕ ਹੈ। ਗਰਮ ਤਾਸੀਰ ਵਾਲਿਆਂ ਲਈ ਲੌਕੀ ਦੀ ਵਰਤੋਂ ਠੰਢੀ ਅਤੇ ਪੌਸ਼ਕ ਤੱਤ ਦੇਣ ਲਈ ਵਧੇਰੇ ਲਾਭਦਾਇਕ ਹੈ। ਨਰਮ, ਚੀਕਣੀ, ਸਫ਼ੈਦ ਲੌਕੀ ਦੀ ਵਰਤੋਂ ਹੀ ਕਰਨੀ ਚੀਹਦੀ ਹੈ।



ਲੌਕੀ ਦੀਆਂ ਅਨੇਕਾਂ ਕਿਸਮਾਂ ਹੁੰਦੀਆਂ ਹਨ ਜਿਵੇਂ ਲੰਬੀ, ਤੁਮੜੀ, ਚਿਪਟੀ, ਤੁਮਰਾ ਆਦਿ। ਜ਼ਿਆਦਾਤਰ ਲੌਕੀ ਮਿੱਠੀ ਅਤੇ ਤੁਮੜੀ ਕੌੜੀ ਹੁੰਦੀ ਹੈ। ਲੌਕੀ ਦੀ ਇਕ ਕਿਸਮ ਨੂੰ ਤੁਮੜੀ ਦੇ ਆਕਾਰ ਦੇ ਫਲ ਲਗਦੇ ਹਨ। ਉਸ ਨੂੰ ਮਿੱਠੀ ਤੁਮੜੀ ਕਹਿੰਦੇ ਹਨ ਅਤੇ ਇਸ ਦਾ ਸਾਗ ਵੀ ਬਣਾਇਆ ਜਾਂਦਾ ਹੈ। ਜਦਕਿ ਕੌੜੀ ਤੁਮੜੀ ਦੇ ਫਲਾਂ ਦੀ ਵਰਤੋਂ ਨਦੀ ਵਿਚ ਤਰਨ ਦੇ ਲਈ ਹੁੰਦੀ ਹੈ। ਲੌਕੀ ਦੀ ਦੂਸਰੀ ਕਿਸਮ 'ਮਗਿਆ ਲੌਕੀ' ਦੇ ਰੂਪ ਵਿਚ ਪ੍ਰਸਿੱਧ ਹੈ।

ਲੌਕੀ ਦੀ ਤੀਜੀ ਕਿਸਮ ਲੰਬੀ ਬੋਤਲ ਵਰਗੀ ਹੈ। ਲੌਕੀ ਲਗਪਗ 12 ਮਹੀਨੇ ਹੁੰਦੀ ਹੈ। ਲੌਕੀ ਲਈ ਉਪਜਾਊ ਜ਼ਮੀਨ ਜ਼ਿਆਦਾ ਠੀਕ ਮੰਨੀ ਜਾਂਦੀ ਹੈ। ਇਸ ਦੇ ਬੀਜ ਸਿੱਧੇ ਹੀ ਜ਼ਮੀਨ ਵਿਚ ਲਗਾਏ ਜਾਂਦੇ ਹਨ। ਬਰਸਾਤੀ ਮੌਸਮ ਵਿਚ ਇਸ ਦੇ 2-2 ਬੀਜ 6-6 ਫੁੱਟ ਦੀ ਵਿਥ 'ਤੇ ਲਗਾਏ ਜਾਂਦੇ ਹਨ। ਗਰਮ ਰੁੱਤ ਦੀ ਫਸਲ ਵਿਚ 4 ਫੁੱਟ ਦੇ ਫਰਕ 'ਤੇ 2-2 ਫੁੱਟ ਚੌੜੀਆਂ ਕਿਆਰੀਆਂ ਬਣਾ ਕੇ 3-3 ਫੁੱਟ ਦੇ ਫਰਕ 'ਤੇ ਇਸ ਦੇ ਬੀਜ ਬੀਜੇ ਜਾਣੇ ਚਾਹੀਦੇ ਹਨ। ਇਸ ਦੇ ਬੂਟੇ ਤੋਂ ਵੇਲਾਂ ਬਣਦੀਆਂ ਹਨ। ਇਸ ਦੀਆਂ ਵੇਲਾਂ ਲੰਬੀਆਂ ਫੈਲਦੀਆਂ ਹਨ ਅਤੇ ਇਨ੍ਹਾਂ ਨੂੰ ਚਿੱਟੇ ਰੰਗ ਦੇ ਫੁੱਲ ਲਗਦੇ ਹਨ। ਸਾਡੇ ਦੇਸ਼ ਵਿਚ ਲੌਕੀ ਦੀ ਫਸਲ ਜ਼ਿਆਦਾ ਹੁੰਦੀ ਹੈ। ਸੁੱਕੀ ਲੌਕੀ ਦੀ ਤੁਮੜੀ ਦੀ ਵਰਤੋਂ ਪਾਣੀ ਭਰਨ ਵਾਲੇ ਭਾਵ ਬਰਤਨ ਦੇ ਰੂਪ ਵਿਚ, ਸੰਗੀਤ ਦਾ ਸਾਜ਼ ਬਣਾਉਣ ਦੇ ਲਈ ਜਾਂ ਹੋਰ ਕੰਮਾਂ ਲਈ ਕੀਤੀ ਜਾਂਦੀ ਹੈ। ਇਸ ਦੇ ਬੀਜਾਂ ਦੀ ਵਰਤੋਂ ਦਵਾਈ ਦੇ ਰੂਪ ਵਿਚ ਕੀਤੀ ਜਾਂਦੀ ਹੈ। ਕੌੜੀ ਲੌਕੀ ਦੇ ਫਲ ਵਿਸ਼ੈਲੇ ਹੁੰਦੇ ਹਨ, ਇਨ੍ਹਾਂ ਦੀ ਵਰਤੋਂ ਜੁਲਾਬ ਦੇਣ ਲਈ ਹੁੰਦੀ ਹੈ।

ਲੌਕੀ ਦਿਲ ਦੇ ਲਈ ਲਾਭਦਾਇਕ ਹੈ।
ਪਿਤ ਅਤੇ ਕਫ਼ ਨੂੰ ਨਸ਼ਟ ਕਰਦੀ ਹੈ।
ਲੌਕੀ ਸਰੀਰਕ ਤਾਕਤ ਵਧਾਉਂਦੀ ਹੈ।
ਲੌਕੀ ਖਾਣ ਨਾਲ ਗਰਭ ਵਿਚਲੀਆਂ/ਸਮੇਂ ਅਲਾਮਤਾਂ ਅਤੇ ਕਬਜ਼ ਦੂਰ ਹੁੰਦੀਆਂ ਹਨ।

ਕਿੱਲ ਮੁਹਾਸੇ : ਲੌਕੀ ਦੇ ਪੱਤਿਆਂ ਦਾ ਰਸ ਕੱਢ ਕੇ ਕਿੱਲ ਮੁਹਾਸੇ 'ਤੇ ਲਗਾਉਣ ਨਾਲ ਇਹ ਦੂਰ ਹੋ ਜਾਂਦੇ ਹਨ।

ਛੇ ਰੋਗਾਂ : ਲੌਕੀ ਦਾ ਰਸ ਕੱਢ ਕੇ ਉਸ ਵਿਚ ਥੋੜ੍ਹਾ ਜਿਹਾ ਸ਼ਹਿਦ ਜਾਂ ਖੰਡ ਮਿਲਾ ਕੇ ਖਾਣ ਨਾਲ ਸਰੀਰ ਵਿਚ ਦਾਹ, ਗਲੇ ਦੀ ਜਲਣ, ਖ਼ੂਨ ਦੇ ਵਿਕਾਰ, ਫੋੜਾ, ਸਰੀਰ ਵਿਚ ਗਰਮੀ ਵਧਣ, ਗਲੇ ਜਾਂ ਨੱਕ ਵਿਚੋਂ ਖ਼ੂਨ ਆਉਂਦਾ ਹੋਵੇ ਤਾਂ ਇਸ ਦੀ ਵਰਤੋਂ ਬਹੁਤ ਉਪਯੋਗੀ ਹੈ।

ਦਿਮਾਗ ਦੀ ਗਰਮੀ : ਲੌਕੀ ਨੂੰ ਕੱਟ ਕੇ, ਦੋ ਟੁਕੜੇ ਕਰ ਕੇ ਸਿਰ 'ਤੇ ਬੰਨ੍ਹਣ ਨਾਲ ਦਿਮਾਗ ਦੀ ਗਰਮੀ ਤੋਂ ਰਾਹਤ ਮਿਲਦੀ ਹੈ।

ਬੁਖਾਰ : ਲੌਕੀ ਨੂੰ ਕੱਦੂਕਸ਼ ਕਰਕੇ ਸਿਰ ਅਤੇ ਮੱਥੇ 'ਤੇ ਬੰਨ੍ਹਣ ਨਾਲ ਬੁਖਾਰ ਦੀ ਗਰਮੀ ਤੋਂ ਰਾਹਤ ਮਿਲਦੀ ਹੈ।

ਦੂਸਰੀ ਵਿਧੀ : ਜਦ ਬੁਖਾਰ ਦੀ ਗਰਮੀ ਦਿਮਾਗ ਨੂੰ ਚੜ੍ਹ ਜਾਵੇ, ਇਸ ਦੇ ਲਈ ਜ਼ਿਆਦਾ ਬੁਖਾਰ ਵਿਚ ਲੌਕੀ ਨੂੰ ਛਿਲ ਕੇ ਸਿਰ ਅਤੇ ਮੱਥੇ 'ਤੇ ਬੰਨ੍ਹਣ ਨਾਲ ਬੁਖਾਰ ਘੱਟ ਹੋ ਜਾਂਦਾ ਹੈ।

ਇੰਦੀਵਰ ਮਿਸ਼ਰਾ

ਪੇਟ ਦੇ ਕੀੜਿਆਂ ਤੋਂ ਬਚਾ ਲਈ ਪੇਟ ਸਾਫ਼ ਰੱਖੋ

ਇਹ ਸਾਰੇ ਜਾਣਦੇ ਹਨ ਕਿ ਕੀੜੇ ਗੰਦਗੀ ਵਿਚ ਪੈਦਾ ਹੁੰਦੇ ਹਨ। ਜਦ ਸਾਡਾ ਪੇਟ ਵੀ ਸਾਫ ਨਾ ਹੋਏਗਾ, ਕਬਜ਼ ਰਹੇਗੀ, ਭੋਜਨ ਪੇਟ ਵਿਚ ਸੜਦਾ ਰਹੇਗਾ ਤਾਂ ਕੀੜੇ ਜ਼ਰੂਰ ਪੈਦਾ ਹੋਣਗੇ। ਜਦੋਂ ਸਾਡੇ ਨਹੁੰ, ਹੱਥ ਸਾਫ਼ ਨਹੀਂ ਹੋਣਗੇ ਤਾਂ ਭੋਜਨ ਵੀ ਗੰਦਾ ਹੋ ਕੇ ਅੰਦਰ ਜਾਵੇਗਾ। ਅਸ਼ੁੱਧ ਪਾਣੀ, ਬੇਹਾ ਭੋਜਨ, ਮਾਸ, ਗਲੇ-ਸੜੇ ਫਲ ਪੇਟ ਵਿਚ ਕੀੜੇ ਪੈਦਾ ਕਰਨਗੇ। ਕੁਝ ਸੁਝਾਅ ਹਨ ਜਿਨ੍ਹਾਂ ਨਾਲ ਕੀੜੇ ਮਰ ਜਾਣ:



* ਕੀੜੇ ਹੋਣ 'ਤੇ ਕੱਚੇ ਪਪੀਤੇ ਦਾ ਰਸ ਅੱਧਾ ਕੱਪ ਪੰਜ ਦਿਨ ਪੀਓ।
* ਇਕ ਛੋਟਾ ਚਮਚ ਪੀਸੀ ਹੋਈ ਸੁੰਢ ਖਾ ਕੇ ਪਾਣੀ ਪੀ ਲਓ, ਅਜਿਹਾ ਤਿੰਨ ਦਿਨ ਕਰੋ।
* ਨਿੰਬੂ ਦੀ ਵਰਤੋਂ ਦਾਲ, ਸਬਜ਼ੀ ਦੇ ਨਾਲ ਰੋਜ਼ਾਨਾ ਕਰੋ।
* ਕਦੀ ਵੀ ਦੂਸ਼ਿਤ ਪਾਣੀ ਨਾ ਪੀਓ ਅਤੇ ਬਰਤਨ ਸਾਫ਼ ਰੱਖੋ।
* ਭੋਜਨ ਸਾਫ਼-ਸੁਥਰਾ ਹੋਵੇ। ਮਾੜਾ, ਸੜਿਆ ਜਾਂ ਬੇਹਾ ਭੋਜਨ ਨਾ ਹੋਵੇ।
* ਛੋਲਿਆਂ ਦੇ ਦਾਣੇ ਜਿੰਨੀ ਹਿੰਗ ਖਾ ਕੇ ਪਾਣੀ ਪੀ ਲਓ, ਪੇਟ ਸਾਫ਼ ਹੋ ਜਾਏਗਾ।
* ਅਜਵਾਇਨ ਦੀ ਵਰਤੋਂ ਵੀ ਅੰਤੜੀਆਂ ਨੂੰ ਸਾਫ਼ ਕਰਦੀ ਹੈ।
* ਇਕ ਟਮਾਟਰ ਪੱਕਾ ਹੋਇਆ ਲਓ। ਇਸ ਦੇ ਦੋ ਭਾਗ ਕਰ ਲਓ। ਦੋਵਾਂ 'ਤੇ ਕਾਲੀ ਮਿਰਚ ਲਗਾ ਕੇ ਖਾਓ, ਅਜਿਹਾ ਤੁਸੀਂ ਖਾਲੀ ਪੇਟ ਪੰਜ ਦਿਨ ਕਰੋ।
* ਘੀਆ ਕੱਦੂ ਦੇ ਬੀਜ 125 ਲਓ। ਬਰੀਕ ਪੀਸ ਕੇ ਇਨ੍ਹਾਂ ਨੂੰ ਖਾਓ ਅਤੇ ਪਾਣੀ ਪੀਓ ਜਾਂ ਦੁੱਧ ਵੀ ਪੀ ਸਕਦੇ ਹੋ। ਇਹ ਰਾਤ ਸੌਣ ਸਮੇਂ ਖਾਓ। ਸਵੇਰੇ ਉਠਦੇ ਸਮੇਂ ਅਰੰਡੀ ਦਾ ਇਕ ਚਮਚ ਤੇਲ ਪੀ ਲਓ। ਕੋਈ ਘੰਟੇ ਬਾਅਦ ਪਖਾਨੇ ਲਈ ਜਾਓ। ਇਨ੍ਹਾਂ ਦੋਵਾਂ ਉਪਾਵਾਂ ਨਾਲ ਪੇਟ ਸਾਫ਼ ਹੋ ਜਾਏਗਾ। ਜੋ ਵੀ ਭੋਜਨ ਕਰੋਗੇ ਪਚਣ ਲੱਗੇਗਾ।
* ਪੰਜ ਅਖਰੋਟ ਲੈ ਕੇ ਤੋੜੋ। ਗਿਰੀ ਕੱਢੋ, ਇਸ ਨੂੰ ਚਬਾ-ਚਬਾ ਕੇ ਖਾਓ। ਅਖਰੋਟ ਦਾ ਤੇਲ ਕੀੜੇ ਮਾਰ ਕੇ ਬਾਹਰ ਕੱਢ ਦੇਵੇਗਾ।
* ਹਲਕਾ ਜਿਹਾ ਜੁਲਾਬ ਲੈਣ ਨਾਲ ਵੀ ਪੇਟ ਚੰਗੀ ਤਰ੍ਹਾਂ ਸਾਫ਼ ਹੋ ਜਾਂਦਾ ਹੈ। ਇਸ ਨਾਲ ਕਬਜ਼ ਨਹੀਂ ਰਹੇਗੀ। ਗੰਦਗੀ ਇਕੱਠੀ ਨਹੀਂ ਹੋਵੇਗੀ ਤਾਂ ਕੀੜੇ ਵੀ ਨਹੀਂ ਪੈਦਾ ਹੋਣਗੇ। ਇਹ ਹਲਕਾ ਜੁਲਾਬ 7-8 ਦਿਨ ਵਿਚ ਇਕ ਵਾਰ ਲਓ।

ਜਦੋਂ ਇਕ ਵਾਰ ਕੀੜਿਆਂ ਤੋਂ ਛੁਟਕਾਰਾ ਮਿਲ ਗਿਆ ਤਾਂ ਫਿਰ ਤੁਸੀਂ ਆਪਣੇ ਖਾਣ-ਪਾਣ ਵਿਚ ਪੂਰੀ ਸਫ਼ਾਈ ਰੱਖੋ। ਇਸ ਵਿਚ ਕਦੀ ਵੀ ਕਮੀ ਨਾ ਆਉਣ ਦਿਓ। ਸਾਵਧਾਨ ਹੋ ਜਾਓ, ਨਹੀਂ ਤਾਂ ਡੇਢ ਮਹੀਨੇ ਬਾਅਦ ਫਿਰ ਕੀੜੇ ਪੈਦਾ ਹੋ ਜਾਣਗੇ। ਇਸ ਗੱਲ ਦਾ ਜ਼ਰੂਰ ਧਿਆਨ ਰੱਖਿਓ।

ਮੁਲਕ 'ਚ ਆਮਦਨ ਦੀ ਅਸਾਵੀਂ ਵੰਡ ਦਾ ਦੁਖਾਂਤ



1991 ਤੋਂ ਬਾਅਦ ਆਰਥਿਕ ਸੁਧਾਰਾਂ ਤਹਿਤ ਲਾਗੂ ਕੀਤੀਆਂ ਗਈਆਂ ਉਦਾਰਵਾਦੀ ਆਰਥਿਕ ਨੀਤੀਆਂ ਨੇ ਦੇਸ਼ 'ਚ ਆਮਦਨ ਤੇ ਜਾਇਦਾਦ-ਧੰਨ ਦੌਲਤ ਦੀ ਨਾ-ਬਰਾਬਰ ਤੇ ਅਸਾਵੀਂ ਵੰਡ ਨੂੰ ਹੋਰ ਤੇਜੀ ਨਾਲ ਅਸਾਵਾਂ ਤੇ ਨਾ-ਬਰਾਬਰ ਕੀਤਾ ਹੈ। ਨਵੰਬਰ 2025 'ਚ ਵਿਸਵ ਪ੍ਰਸਿੱਧ ਅਰਥਸਾਸਤਰੀ ਜੋਸਿਬ ਈ ਸਟਿੰਗਲਿਟਸ ਦੀ ਅਗਵਾਈ ਵਾਲੀ ਜੀ-20 ਦੀ ਇਕ ਸੁਤੰਤਰ ਮਾਹਿਰਾਂ ਦੀ ਕਮੇਟੀ ਦੀ ਰਿਪੋਰਟ ਨੇ ਦੁਨੀਆਂ ਭਰ 'ਚ ਵੱਧ ਰਹੀਆਂ ਆਰਥਿਕ ਨਾ-ਬਰਾਬਰੀਆਂ ਦੀ ਖਤਰਨਾਕ ਅਲਾਮਤ ਨੂੰ ਉਜਾਗਰ ਕੀਤਾ ਹੈ। ਇਸ ਰਿਪੋਰਟ 'ਚ 2000-2024 ਦੇ ਅੰਕੜਿਆਂ ਅਨੁਸਾਰ ਦੁਨੀਆਂ ਦੇ 83 ਫੀਸਦ ਦੇਸਾਂ 'ਚ ਉਚ-ਦਰਜੇ ਦੀਆਂ ਆਰਥਿਕ ਨਾ-ਬਰਾਬਰੀਆਂ ਪਾਈਆਂ ਜਾਂਦੀਆਂ ਹਨ। ਇਹਨਾਂ ਦੇਸਾਂ 'ਚ ਦੁਨੀਆਂ ਦੀ ਲਗਭਗ 90 ਫੀਸਦ ਆਬਾਦੀ ਵਸਦੀ ਹੈ। ਭਾਰਤ ਆਰਥਿਕ ਨਾ-ਬਰਾਬਰੀਆਂ ਦੇ ਮਾਮਲੇ 'ਚ ਉੱਚ-ਦਰਜੇ ਦੀਆਂ ਨਾ-ਬਰਾਬਰੀਆਂ ਵਾਲੇ ਦੇਸਾਂ 'ਚ ਕੇਵਲ ਸੁਮਾਰ ਹੀ ਨਹੀਂ ਸਗੋਂ ਮੋਹਰੀਆਂ 'ਚ ਹੈ। ਇੱਥੇ ਕੌਸਿਸ ਕੀਤੀ ਗਈ ਹੈ ਕਿ ਦੇਸ ਦੇ ਹਰ ਕਿਸਮ ਦੇ ਕਾਮਿਆਂ ਦੀ ਉਹਨਾਂ ਨੂੰ ਪ੍ਰਾਪਤ ਰੁਜਗਾਰ ਤੋਂ ਰੋਜਾਨਾ ਹੋਣ ਵਾਲੀ ਆਮਦਨ ਦੀ ਵੰਡ ਦੀਆਂ ਅਸਮਾਨਤਾਵਾਂ ਦਾ ਅਧਿਐਨ ਕੀਤਾ ਜਾਵੇ।

ਆਮਦਨ 'ਚ ਨਾ-ਬਰਾਬਰੀਆਂ ਕਦੇ ਵੀ ਕਿਸੇ ਕੁਦਰਤੀ ਕਾਰਨਾਂ ਕਰਕੇ ਨਹੀਂ ਹੁੰਦੀਆਂ, ਨਾ-ਬਰਾਬਰੀਆ ਹੋਣ ਦਾ ਆਧਾਰ ਕੇਵਲ ਕੋਈ ਦੇਸ ਕਿਸ ਕਿਸਮ ਦੀਆਂ ਆਰਥਿਕ ਤੇ ਆਮਦਨ ਵੰਡ ਨੀਤੀਆਂ ਤੇ ਚੱਲਦਾ ਉਸ ਕਾਰਨ ਪੈਦਾ ਹੁੰਦੀਆਂ ਹਨ। ਇਹ ਗੱਲ ਵੀ ਸਪੱਸਟ ਹੈ ਕਿ ਆਮਦਨ ਨਾ-ਬਰਾਬਰੀਆ ਰਾਜਸੀ ਹਿੱਤਾਂ ਤੇ ਫੈਸਲਿਆਂ ਕਾਰਨ ਪੈਦਾ ਹੁੰਦੀਆਂ ਹਨ ਤੇ ਰਾਜਸੀ ਇੱਛਾ ਸਕਤੀ ਦੀ ਘਾਟ ਕਾਰਨ ਹੋਰ ਵੱਧਦੀਆਂ ਹਨ ਪਰ ਇਨ੍ਹਾਂ ਨੂੰ ਖਤਮ ਕਰਨਾ ਅਸੰਭਵ ਹੈ ਪਰ ਬਹੁਤ ਘਟਾਇਆ ਜਾ ਸਕਦਾ ਹੈ ਇਸ ਲਈ ਇਕ ਸਕਤੀਸਾਲੀ ਰਾਜਸੀ ਇੱਛਾ ਸਕਤੀ ਦਾ ਹੋਣਾ ਜਰੂਰੀ ਹੈ। ਸੰਸਾਰ ਵਿਚ ਆਮਦਨ 'ਚ ਅਸਮਾਨਤਾਵਾਂ ਅਤੇ ਨਾ-ਬਰਾਬਰੀਆ ਵਧਣ ਦੇ ਦੋ ਮੁੱਖ ਕਾਰਨ ਹਨ। ਪਹਿਲਾ, ਦੇਸ਼ਾ ਦੀਆਂ ਆਰਥਿਕ ਅਤੇ ਰਾਜਨੀਤਕ ਸੰਸਥਾਵਾਂ ਅਤੇ ਰਾਜਸੀ ਸਥਿਤੀ ਰਾਸ਼ਟਰੀ ਆਮਦਨ ਦੀ ਵੰਡ ਨੂੰ ਪ੍ਰਭਾਵਤ ਕਰਦੀਆ ਹਨ। ਦੂਜਾ, ਉਦਾਰੀਕਰਨ, ਨਿੱਜੀਕਰਨ ਅਤੇ ਸੰਸਾਰੀਕਰਨ ਦੀਆਂ ਨੀਤੀਆਂ ਨੂੰ ਅਮਲ 'ਚ ਲਿਆਉਣ ਤੋਂ ਬਾਅਦ ਦੁਨੀਆ ਭਰ 'ਚ ਦੇਸ਼ਾਂ ਦੀ ਕੁਲ ਸੰਪਤੀ 'ਚ ਨਿੱਜੀ ਸੰਪਤੀ ਦੇ ਹਿੱਸੇ 'ਚ ਅਥਾਹ ਵਾਧਾ ਹੋਇਆ ਹੈ ਜਦਕਿ ਇਸ ਦੇ ਉਲਟ ਪਬਲਿਕ ਸੰਪਤੀ ਦੇ ਹਿੱਸੇ 'ਚ ਭਾਰੀ ਗਿਰਾਵਟ ਦਰਜ ਕੀਤੀ ਗਈ ਹੈ।

1980 ਤੋਂ ਬਾਅਦ ਕੁਲ ਸੰਪਤੀ 'ਚ ਪਬਲਿਕ ਸੰਪਤੀ 'ਚ ਭਾਰੀ ਗਿਰਾਵਟ ਤੇ ਨਿੱਜੀ ਸੰਪਤੀ 'ਚ ਅਥਾਹ ਵਾਧਾ ਹੋਣ ਕਾਰਨ ਇਕ ਅੰਸਤੁਲਨ ਪੈਦਾ ਹੋਣ ਕਾਰਨ ਸਰਕਾਰਾਂ ਲਈ ਆਮਦਨ 'ਚ ਅਸਮਾਨਤਾਵਾਂ ਤੇ ਨਾ-ਬਰਾਬਰੀਆ ਘਟਾਉਣਾ ਜਾਂ ਰੋਕਣਾ ਮੁਸ਼ਕਿਲ ਹੀ ਨਹੀਂ ਬਲਕਿ ਨਾ-ਮੁਮਕਿਨ ਹੋ ਗਿਆ ਹੈ।

ਕਿਰਤ ਸਕਤੀ ਸਾਲਾਨਾ ਸਰਵੇਖਣ 2025 ਦੇ ਅਨੁਸਾਰ ਦੇਸ 'ਚ ਲੇਬਰ ਫੋਰਸ ਪਾਰਟੀਸੀਪੇਸਨ ਦਰ 59.3 ਫੀਸਦ ਸੀ ਇਹ ਦਰ ਪੁਰਸ ਕਾਮਿਆਂ 'ਚ 79.1 ਫੀਸਦ ਅਤੇ ਔਰਤਾਂ 'ਚ 40 ਫੀਸਦ ਤੱਕ ਨੀਵੀਂ ਸੀ। ਸਰਵੇਖਣ ਮੁਤਾਬਕ ਭਾਰਤ 'ਚ ਕਾਮਿਆਂ ਤੇ ਕੁੱਲ ਆਬਾਦੀ ਦਾ ਅਨੁਪਾਤ 57.4 ਫੀਸਦ ਹੈ, ਜਿਸ ਮੁਤਾਬਕ ਦੇਸ 'ਚ ਕੰਮ ਕਰਨ ਵਾਲੇ ਕਾਮਿਆਂ ਦੀ ਕੁੱਲ ਗਿਣਤੀ 61.6 ਕਰੋੜ ਹੈ, ਇਹਨਾਂ 'ਚੋਂ 41.6 ਕਰੋੜ ਪੁਰਸ ਹਨ ਅਤੇ ਬਾਕੀ 20 ਕਰੋੜ ਔਰਤਾਂ ਹਨ। ਇਹਨਾਂ ਵਿਚੋਂ 3.1 ਫੀਸਦ, ਲਗਭਗ 2 ਕਰੋੜ ਕਾਮੇ ਪੂਰਨ ਰੂਪ 'ਚ ਬੇਰੁਜਗਾਰ ਹਨ, ਪੇਂਡੂ ਖੇਤਰਾਂ 'ਚ 2.4 ਫੀਸਦ ਅਤੇ ਸਹਿਰੀ ਖੇਤਰਾਂ 'ਚ 4.8 ਫੀਸਦ ਕਾਮੇ ਪੂਰਨ ਰੂਪ 'ਚ ਬੇਰੁਜਗਾਰ ਹਨ, ਭਾਵ ਉਹ ਬਿਲਕੁਲ ਵਿਹਲੇ ਹਨ ਅਤੇ ਉਨ੍ਹਾਂ ਨੂੰ ਰੋਜਾਨਾ ਕੋਈ ਵੀ ਆਮਦਨ ਨਹੀਂ ਹੁੰਦੀ ਉਹ ਆਪਣਿਆਂ ਲੋੜਾਂ ਲਈ ਦੂਜਿਆਂ 'ਤੇ ਨਿਰਭਰ ਹਨ। ਸੈਕੰਡਰੀ ਸਿੱਖਿਆ ਪਾਸ ਕਾਮਿਆਂ 'ਚ ਬੇਰੁਜਗਾਰੀ ਦੀ ਦਰ 6.5 ਫੀਸਦ ਪਾਈ ਗਈ ਹੈ। ਔਸਤਨ ਇਕ ਕੰਮ ਕਰਨ ਵਾਲੇ ਭਾਰਤੀ ਨੇ 2025 ਦੇ ਸਾਲ ਦੌਰਾਨ ਆਪਣੇ ਰੁਜਗਾਰ ਤੋਂ ਹਰ ਰੋਜ 1077 ਰੁਪਏ ਕਮਾਏ ਤੇ ਮਹੀਨੇ ਦੇ 32310 ਰੁਪਏ ਪਰ ਹੇਠਲੇ 27.5 ਫੀਸਦ, ਲਗਭਗ 17 ਕਰੋੜ ਨੇ ਹਰ ਰੋਜ ਔਸਤਨ ਕੇਵਲ 100 ਰੁਪਏ ਕਮਾਏ ਭਾਵ 3,000 ਰੁਪਏ ਪ੍ਰਤੀ ਮਹੀਨਾ ਜਾਂ ਘੱਟ, ਇੱਥੇ ਇਹ ਜਿਕਰਯੋਗ ਹੈ ਕਿ ਦੇਸ ਦੇ ਲਗਭਗ 25 ਫੀਸਦ ਕਾਮਿਆਂ ਨੂੰ ਕਾਨੂੰਨ ਦੁਆਰਾ ਨਿਰਧਾਰਤ ਘੱਟੋ ਘੱਟ ਉਜਰਤਾਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਹੇਠਲੇ ਲਗਭਗ 50 ਫੀਸਦ, ਲਗਭਗ 30-31 ਕਰੋੜ ਕਾਮਿਆਂ ਨੇ ਹਰ ਰੋਜ ਔਸਤਨ 300 ਰੁਪਏ ਕਮਾਏ ਭਾਵ 9,000 ਰੁਪਏ ਪ੍ਰਤੀ ਮਹੀਨਾ ਜਾਂ ਘੱਟ, ਇਹ ਦਰ ਪੁਰਸ ਕਾਮਿਆਂ 'ਚ 39 ਫੀਸਦ ਤੇ ਔਰਤਾਂ 'ਚ 85 ਫੀਸਦ ਹਨ। ਅਨੁਮਾਨਾਂ ਅਨੁਸਾਰ ਇਸ ਦੇ ਉਲਟ ਉਪਰਲੇ 1 ਫੀਸਦ ਅਮੀਰ ਕਾਮਿਆਂ ਦੀ ਪ੍ਰਾਪਤ ਰੁਜਗਾਰ ਤੋਂ ਰੋਜਾਨਾ ਦੀ ਆਮਦਨ 13,600 ਰੁਪਏ ਤੋਂ 15,000 ਰੁਪਏ ਅਤੇ ਮਹੀਨੇ ਦੀ 4 ਲੱਖ ਰੁਪਏ ਤੋਂ 4.5 ਲੱਖ ਰੁਪਏ ਹੈ। ਇਸੇ ਹੀ ਤਰ੍ਹਾਂ ਉਪਰਲੇ 10 ਫੀਸਦ ਅਮੀਰ ਕਾਮਿਆਂ ਦੀ ਰੋਜਾਨਾ ਦੀ ਆਮਦਨ 2500 ਰੁਪਏ ਤੋਂ 2900 ਰੁਪਏ ਹੈ ਅਤੇ ਮਹੀਨੇ ਦੀ 75,000 ਰੁਪਏ ਤੋਂ 87,000 ਰੁਪਏ ਹੈ। ਇਹ ਸਪੱਸਟ ਕਰਦਾ ਹੈ ਕਿ ਦੇਸ 'ਚ ਕਾਮਿਆਂ ਦੀ ਰੋਜਾਨਾ ਅਤੇ ਮਹੀਨੇ ਦੀ ਆਮਦਨ 'ਚ ਉੱਚ-ਦਰਜੇ ਦੀਆਂ ਨਾ-ਬਰਾਬਰੀਆਂ ਪਾਈਆਂ ਜਾਂਦੀਆਂ ਹਨ।

ਅਜਿਹੇ ਹਾਲਾਤ ਹੇਠਲੇ ਪੱਧਰ ਦੇ ਮਜਦੂਰਾਂ ਅਤੇ ਮਿਹਨਤਕਸ ਲੋਕਾਂ, ਜਿਹਨਾਂ ਦੀ ਰੋਜਾਨਾ ਦੀ ਆਮਦਨ ਬਹੁਤ ਘੱਟ ਹੈ, ਲਈ ਬੇਹੱਦ ਘਾਤਕ ਸਿੱਧ ਹੋ ਰਹੇ ਹਨ। ਇਸੇ ਕਰਕੇ ਅੱਜ ਕੱਲ ਦੇਸ ਦੇ ਉਦਯੋਗਿਕ ਖੇਤਰਾਂ 'ਚ ਬਹੁਤ ਸਾਰੀਆਂ ਉਦਯੋਗਿਕ ਇਕਾਈਆਂ ਅੰਦਰ ਮਜਦੂਰਾਂ ਵੱਲੋਂ ਸੰਘਰਸ ਕਰ ਕੇ ਘੱਟੋ ਘੱਟ ਮਜਦੂਰੀ ਨੂੰ ਵਧਾਉਣ ਲਈ ਚਾਰਾਜੋਈ ਕੀਤੀ ਜਾ ਰਹੀ ਹੈ। ਹੋਰਨਾਂ ਖੇਤਰਾਂ ਦੇ ਮਜਦੂਰਾਂ ਜਿਵੇਂ ਕਿ ਸਫਾਈ ਸੇਵਕਾਂ, ਖੇਤੀ ਕਾਮਿਆਂ, ਆਸਾ ਵਰਕਰਾਂ ਆਦਿ, ਵਲੋਂ ਦੇਸ ਦੇ ਕਾਫੀ ਹਿੱਸਿਆਂ 'ਚ ਵੀ ਕੰਮ ਛੱਡੋ ਅੰਦੋਲਨ ਕੀਤੇ ਜਾ ਰਹੇ ਹਨ ਅਤੇ ਉਨ੍ਹਾਂ ਦੀ ਮੰਗ ਹੈ ਘੱਟੋ-ਘੱਟ ਮਜਦੂਰੀ ਵਿੱਚ ਚੋਖਾ ਵਾਧਾ ਕੀਤਾ ਜਾਵੇ ਪਰ ਮਾਲਕਾਂ ਤੇ ਸਰਕਾਰਾਂ ਵੱਲੋਂ ਸੰਘਰਸਾਂ ਨੂੰ ਸਰਕਾਰੀ ਤੰਤਰ ਦੀ ਮੱਦਦ ਨਾਲ ਜਬਰਦਸਤੀ ਤੇ ਅਹਿੰਸਕ ਢੰਗਾਂ ਨਾਲ ਦਬਾਉਣ ਕਾਰਨ ਅਹਿੰਸਕ ਘੱਟਨਾਵਾਂ ਸਾਹਮਣੇ ਆਈਆਂ ਸਨ। ਭਵਿੱਖ 'ਚ ਖਦਸੇ ਜਾਹਰ ਕੀਤੇ ਜਾ ਰਹੇ ਹਨ ਕਿ ਇਹਨਾਂ ਖੇਤਰਾਂ 'ਚ ਹੋਰ ਤਲਖ ਕਲਾਮੀਆ ਵੀ ਸਾਹਮਣੇ ਆ ਸਕਦੀਆਂ ਹਨ। ਕੁਝ ਅੰਤਰਰਾਸਟਰੀ ਕਾਰਨਾਂ ਕਰਕੇ ਖਾਸ ਕਰਕੇ ਯੂਕਰੇਨ ਅਤੇ ਰੂਸ ਦੀ ਜੰਗ, ਇਜਰਾਈਲ ਅਤੇ ਫਲਸਤੀਨ ਦੀ ਜੰਗ ਅਤੇ ਅਮਰੀਕਾ ਅਤੇ ਇਰਾਨ ਦੀ ਜੰਗ ਨੇ ਦੇਸ ਦੀ ਆਰਥਿਕਤਾ ਨੂੰ ਢਾਹ ਲਾਈ ਹੈ। ਖਾਸ ਕਰਕੇ ਮਹਿੰਗਾਈ ਨੂੰ ਅਸਮਾਨੀ ਪਹੁੰਚਾ ਦਿੱਤਾ ਹੈ, ਇਸ ਬਲਦੀ 'ਤੇ ਤੇਲ ਪਾਉਣਾ ਕਿਹਾ ਜਾ ਸਕਦਾ ਹੈ। ਭਾਵੇਂ ਕੇਂਦਰੀ ਰਿਜਰਵ ਬੈਂਕ ਨੇ ਮੁਦਰਾ ਨੀਤੀ 'ਚ ਕੁਝ ਵਿਆਜ ਦਰਾਂ ਨੂੰ ਵਧਾ ਕੇ ਮਹਿੰਗਾਈ ਨੂੰ ਠੱਲ੍ਹ ਪਾਉਣ ਦੀ ਕੌਸਿਸ ਕੀਤੀ ਹੈ ਪਰ ਕੋਈ ਬਹੁਤੀ ਸਫਲਤਾ ਹਾਸਲ ਨਹੀਂ ਹੋਈ। ਇਸ ਦੇ ਨਾਲ ਹੀ ਕੁਝ ਘਰੇਲੂ ਕਾਰਨਾਂ ਕਰਕੇ ਵੀ ਮਹਿੰਗਾਈ 'ਚ ਵਾਧਾ ਹੋਇਆ ਹੈ। ਇਸ ਵਰਤਾਰੇ ਨੇ ਦੇਸ ਦੇ ਮਜਦੂਰਾਂ ਤੇ ਕਾਮਿਆਂ ਦੀ ਆਰਥਿਕਤਾ ਨੂੰ ਵਿਗਾੜ ਕੇ ਰੱਖ ਦਿੱਤਾ ਹੈ। ਇਹੀ ਕਾਰਨ ਹੈ ਅੱਜ-ਕੱਲ੍ਹ ਇਸ ਵਰਗ ਵਲੋਂ ਲਗਾਤਾਰ ਅਵਾਜ ਉਠਾਈ ਜਾ ਰਹੀ ਹੈ ਕਿ ਘੱਟੋ ਘੱਟ ਮਜਦੂਰੀ ਦੀ ਦਰ ਵਿਚ ਚੋਖਾ ਵਾਧਾ ਕੀਤਾ ਜਾਵੇ।

ਪਿਛਲੇ ਕਾਫੀ ਸਮੇਂ ਤੋਂ ਦੇਸ ਦੀ ਵੱਡੀ ਆਬਾਦੀ ਅਤੇ ਆਬਾਦੀ 'ਚ ਜਵਾਨਾਂ ਦੀ ਗਿਣਤੀ ਵਧੇਰੇ ਹੋਣ ਨੂੰ ਰਾਸਟਰੀ ਡਿਵੀਡੈਂਡ ਪ੍ਰਚਾਰਿਆ ਜਾ ਰਿਹਾ ਹੈ ਪਰ ਜਦੋਂ ਇਸ ਦੇ ਅੰਕੜਿਆਂ ਤੇ ਨਜਰ ਮਾਰੀਏ ਤਾਂ ਸਥਿਤੀ ਕਾਫੀ ਨਿਰਾਸਾ ਵਾਲੀ ਤੇ ਭਿਆਨਕ ਰੂਪ 'ਚ ਲੱਗਦੀ ਹੈ। ਦੇਸ ਦੀ 15-29 ਸਾਲ ਦੀ ਉਮਰ ਦੀ ਜਵਾਨਾਂ ਦੀ ਆਬਾਦੀ ਜਾਂ ਤਾਂ ਸਕੂਲਾਂ, ਕਾਲਜਾਂ ਤੇ ਯੂਨੀਵਰਸਿਟੀਆਂ 'ਚ ਪੜ੍ਹ ਰਹੀ ਹੋਣੀ ਚਾਹੀਦੀ ਹੈ, ਜਾਂ ਕਿਸੇ ਨਾ ਕਿਸੇ ਤਕਨੀਕੀ ਦੀ ਜਾਂ ਹੋਰ ਟ੍ਰੇਨਿੰਗ ਲੈ ਰਹੀ ਹੋਣੀ ਚਾਹੀਦੀ ਹੈ ਜਾਂ ਕਿਸੇ ਨਾ ਕਿਸੇ ਰੁਜਗਾਰ 'ਤੇ ਲੱਗੀ ਹੋਈ ਹੋਣੀ ਚਾਹੀਦੀ ਹੈ ਪਰ ਸਾਡੇ ਦੇਸ ਦੀ ਇਸ ਜਵਾਨ ਆਬਾਦੀ ਦਾ ਬਹੁਤ ਵੱਡਾ ਹਿੱਸਾ ਭਾਵ 25 ਫੀਸਦ ਬਿਲਕੁਲ ਵਿਹਲਾ ਹੈ ਭਾਵ ਦੇਸ ਦੇ ਜਵਾਨਾਂ ਦੀ ਏਨੀਂ ਵੱਡੀ ਆਬਾਦੀ ਬੇਰੁਜਗਾਰ ਹੈ ਕਿਉਂਕਿ ਨਾ ਇਹ ਪੜ੍ਹ ਰਹੀ ਹੈ, ਨਾ ਹੀ ਕੋਈ ਟ੍ਰੇਨਿੰਗ ਲੈ ਰਹੀ ਹੈ ਅਤੇ ਨਾ ਹੀ ਕਿਸੇ ਰੁਜਗਾਰ ਤੇ ਲੱਗੀ ਹੈ। ਇਸ ਲਈ ਵੱਡੀ ਆਬਾਦੀ ਦੇ ਡਿਵੀਡੈਂਡ ਦੇ ਦਾਅਵੇ ਵੀ ਖੋਖਲੇ ਹੀ ਦਿੱਸਦੇ ਹਨ। ਇਹ ਦੇਸ ਦੇ ਆਰਥਿਕ, ਸਮਾਜਿਕ ਅਤੇ ਰਾਜਨੀਤਕ ਖੇਤਰਾਂ ਲਈ ਕੋਈ ਬਹੁਤੇ ਚੰਗੇ ਸੰਕੇਤ ਨਹੀਂ ਹਨ। ਇਸ ਦੇ ਨਾਲ ਹੀ ਔਰਤਾਂ ਨੂੰ ਔਸਤਨ ਮਿਲਦੀਆ ਉਜਰਤਾਂ ਪੁਰਸਾਂ ਦੇ ਮੁਕਾਬਲੇ ਬਹੁਤ ਘੱਟ ਹਨ, ਔਰਤਾਂ ਦੀ ਕੰਮ 'ਚ ਭਾਗੇਦਾਰੀ ਵੀ ਕਾਫੀ ਘੱਟ ਹੈ, ਭਾਵ ਲਿੰਗ ਦੇ ਆਧਾਰ ਤੇ ਵੱਡੇ ਪੱਧਰ 'ਤੇ ਭੇਦਭਾਵ ਪ੍ਰਚੱਲਤ ਹੈ। ਇਵੇਂ ਹਾਲੇ ਵੀ ਅਸੰਗਠਿਤ ਖੇਤਰ 'ਚ ਬਹੁਤੇ ਕਾਮੇਂ ਕੰਮ ਕਰਨ ਲਈ ਮਜਬੂਰ ਹਨ ਕਿਉਂਕਿ ਸੰਗਠਿਤ ਖੇਤਰ ਲੋੜੀਂਦਾ ਰੁਜਗਾਰ ਪੈਦਾ ਕਰਨ ਤੋਂ ਅਸਮਰਥ ਹੈ। ਕਿਉਂਕਿ ਦੇਸ ਦਾ ਜਿਹੜਾ ਵੀ ਵਿਕਾਸ ਹੋ ਰਿਹਾ ਹੈ ਉਹ ਲੋੜੀਂਦੇ ਰੁਜਗਾਰ ਦੇ ਮੌਕੇ ਪੈਦਾ ਨਹੀਂ ਕਰ ਰਿਹਾ। ਦੇਸ 'ਚ ਹਾਲੇ ਵੀ ਸਕਿੱਲ/ਹੁਨਰ ਨਿਰਮਾਣ ਦੀ ਬਹੁਤ ਵੱਡੀ ਘਾਟ ਪਾਈ ਜਾ ਰਹੀ ਹੈ, ਜਿਸ ਕਾਰਨ ਕਾਫੀ ਨੌਜਵਾਨਾ ਨੂੰ ਲਾਭਕਾਰੀ ਰੁਜਗਾਰ ਨਹੀਂ ਮਿਲ ਰਿਹਾ। ਇਹਨਾਂ ਖਾਮੀਆਂ ਨੂੰ ਲੋਕ/ਕਾਮਿਆਂ ਪੱਖੀ ਨੀਤੀਆਂ ਬਣਾ ਕੇ ਦੂਰ ਕਰਨ ਦੀ ਸਖਤ ਲੋੜ ਹੈ।

ਇਸ ਤੋਂ ਸਪੱਸ਼ਟ ਹੈ ਕਿ ਦੇਸ 'ਚ ਬਹੁਤ ਵੱਡੀ ਗਿਣਤੀ ਕਾਮਿਆਂ ਦੀ ਉਹਨਾਂ ਨੂੰ ਪ੍ਰਾਪਤ ਰੁਜਗਾਰ ਤੋਂ ਰੋਜਾਨਾ ਦੀ ਆਮਦਨ ਬਹੁਤ ਘੱਟ ਅਤੇ ਨੀਵੇਂ ਪੱਧਰ ਦੀ ਹੈ। ਕੇਵਲ ਰੋਜਾਨਾ ਆਮਦਨ ਹੀ ਘੱਟ ਨਹੀਂ ਸਗੋਂ ਕਾਨੂੰਨ ਦੁਆਰਾ ਨਿਰਧਾਰਤ ਘੱਟੋ ਘੱਟ ਮਜਦੂਰੀ ਦੀਆਂ ਦਿਹਾੜੀਆਂ ਵੀ ਨਹੀਂ ਦਿੱਤੀਆਂ ਜਾ ਰਹੀਆਂ। ਇਹ ਵੀ ਸਪੱਸਟ ਦਿਖਾਈ ਦਿੰਦਾ ਹੈ ਪੁਰਸ ਕਾਮਿਆਂ ਦੇ ਮੁਕਾਬਲੇ ਔਰਤ ਕਾਮਿਆਂ ਨੂੰ ਉਜਰਤਾਂ ਸਬੰਧੀ ਅਤੇ ਰੁਜਗਾਰ ਸਬੰਧੀ ਵੱਧ ਦਿੱਕਤਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਇਹ ਖਦਸ਼ੇ ਜਾਹਰ ਕੀਤੇ ਜਾ ਰਹੇ ਹਨ ਕਿ ਨਵੇਂ ਲੇਬਰ ਕੋਡਜ ਲਾਗੂ ਹੋਣ ਤੋਂ ਬਾਅਦ ਵੱਡੀ ਗਿਣਤੀ 'ਚ ਕਾਮਿਆਂ ਨੂੰ ਉਜਰਤਾਂ ਸਬੰਧੀ, ਕੰਮ ਕਰਨ ਦੇ ਘੰਟਿਆਂ ਤੇ ਹਾਲਤਾਂ ਸਬੰਧੀ, ਸੰਗਠਿਤ ਹੋਣ ਸਬੰਧੀ ਅਤੇ ਝਗੜਿਆਂ ਦੇ ਨਿਪਟਾਰੇ ਸਬੰਧੀ ਹੋਰ ਵੱਡੀਆਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਸਮਾਂ ਤੇ ਹਾਲਾਤ ਮੰਗ ਕਰਦੇ ਹਨ ਕਿ ਕਾਮਿਆਂ ਦੀ ਰੋਜਾਨਾ ਘੱਟੋ-ਘੱਟ ਮਜਦੂਰੀ 'ਚ ਚੋਖਾ ਵਾਧਾ ਕੀਤਾ ਜਾਵੇ ਤੇ ਉਸ ਨੂੰ ਕਾਨੂੰਨ ਮੁਤਾਬਕ ਲਾਗੂ ਕਰਨ ਦਾ ਪ੍ਰਬੰਧ ਵੀ ਕੀਤਾ ਜਾਣਾ ਚਾਹੀਦਾ ਹੈ। ਜਿਥੋਂ ਤੱਕ ਸੰਭਵ ਹੋ ਸਕੇ ਘੱਟੋ ਘੱਟ ਮਜਦੂਰੀ ਦੀ ਦਰ ਨੂੰ ਪ੍ਰਤੀ ਘੰਟਾ ਦੇ ਹਿਸਾਬ ਨਾਲ ਸਾਰੀਆਂ ਸਥਿਤੀਆਂ ਨੂੰ ਧਿਆਨ ਵਿੱਚ ਰੱਖਦੇ ਹੋਏ ਨਿਰਧਾਰਤ ਕੀਤਾ ਜਾਣਾ ਚਾਹੀਦਾ ਹੈ ਅਤੇ ਸਖਤ ਕਾਨੂੰਨੀ ਕਾਰਵਾਈ ਨਾਲ ਲਾਗੂ ਵੀ ਕੀਤਾ ਜਾਣਾ ਚਾਹੀਦਾ ਹੈ।

ਡਾ. ਕੇਸਰ ਸਿੰਘ ਭੰਗੂ


ਜੋਗੀ ਉੱਡਦੇ ਬੱਦਲ ਦੀ ਛਾਂ ਸੁੰਦਰਾਂ

ਪੁਸਤਕ ਸਮੀਖਿਆ

ਪੁਸਤਕ:ਜੋਗੀ ਉੱਡਦੇ ਬੱਦਲ ਦੀ ਛਾਂ ਸੁੰਦਰਾਂ। (ਮੇਰੇ ਆਸਟ੍ਰੇਲੀਆ ਵਿੱਚ ਬਿਤਾਏ ਦਿਨ)
ਲੇਖਕ: ਧਰਵਿੰਦਰ ਸਿੰਘ ਔਲਖ (ਕੋਹਾਲੀ)
ਪ੍ਰਕਾਸ਼ਕ: ਆਜਾਦ ਬੁੱਕ ਡਿਪੂ, ਹਾਲ ਬਾਜਾਰ, ਅੰਮ੍ਰਿਤਸਰ
ਪੰਨੇ: 120
ਮੁੱਲ: 300 ਰੁਪਏ
ਸੰਪਰਕ: 98152-82283

ਤੁਰ-ਫਿਰ ਕੇ ਆਲੇ-ਦੁਆਲੇ ਨੂੰ ਵਾਚਣਾ, ਪਰਖਣਾ, ਸਮਝਣਾ, ਵਿਚਾਰਨਾ, ਆਪਣੇ ਅਨੁਭਵਾਂ ਨੂੰ ਸ਼ਬਦਾਂ ਵਿੱਚ ਪਰੋਣਾ ਅਤੇ ਫਿਰ ਉਨ੍ਹਾਂ ਨੂੰ ਪੁਸਤਕ ਦਾ ਰੂਪ ਦੇਣਾ ਕਿਸੇ ਪਾਰਖੂ ਲੇਖਕ ਦਾ ਹੀ ਕੰਮ ਹੁੰਦਾ ਹੈ। ਪੰਜਾਬੀ ਦੇ ਉੱਘੇ ਲੇਖਕ ਅਤੇ ਪੰਜਾਬ ਦੀ ਸਿਰਮੌਰ ਅਖ਼ਬਾਰ 'ਅਜੀਤ' ਨਾਲ ਜੁੜੇ ਪੱਤਰਕਾਰ ਧਰਵਿੰਦਰ ਸਿੰਘ ਔਲਖ ਨੇ ਆਪਣੀ ਆਸਟ੍ਰੇਲੀਆ ਫੇਰੀ ਦੇ ਅਨੁਭਵਾਂ ਨੂੰ 'ਜੋਗੀ ਉੱਡਦੇ ਬੱਦਲ ਦੀ ਛਾਂ ਸੁੰਦਰਾਂ' ਦੇ ਸਿਰਲੇਖ ਹੇਠ ਕਲਮਬੱਧ ਕਰਕੇ ਇਹ ਪੁਸਤਕ ਪੰਜਾਬੀ ਸਾਹਿਤ ਦੀ ਝੋਲੀ ਪਾਈ ਹੈ।

ਪੁਸਤਕ ਦਾ ਸਿਰਲੇਖ ਹੀ ਜੀਵਨ, ਪਰਵਾਸ, ਮੋਹ-ਮਾਇਆ ਅਤੇ ਪਲ-ਦੋ-ਪਲ ਦੇ ਪੜਾਵਾਂ ਦੀ ਅਸਥਿਰਤਾ ਦਾ ਪ੍ਰਤੀਕ ਹੈ। ਇਹ ਸਿਰਲੇਖ ਜੀਵਨ ਦੇ ਉਸ ਸੱਚ ਨੂੰ ਉਜਾਗਰ ਕਰਦਾ ਹੈ, ਜਿਸ ਅਨੁਸਾਰ ਮਨੁੱਖ ਦਾ ਜੀਵਨ ਲਗਾਤਾਰ ਸਫ਼ਰ ਵਿੱਚੋਂ ਗੁਜਰਦਾ ਹੈ ਅਤੇ ਕੋਈ ਵੀ ਪੜਾਅ ਸਦੀਵੀ ਨਹੀਂ ਹੁੰਦਾ। ਪਰਿਵਾਰ ਵਿੱਚ ਜਨਮ ਲੈਣਾ, ਵੱਡੇ ਹੋਣਾ, ਰੋਜੀ-ਰੋਟੀ ਲਈ ਜੱਦੋ-ਜਹਿਦ ਕਰਨੀ ਅਤੇ ਆਪਣੇ ਸੁਪਨਿਆਂ ਨੂੰ ਸਾਕਾਰ ਕਰਨ ਲਈ ਹੱਥ-ਪੈਰ ਮਾਰਨੇਇਹ ਮਨੁੱਖੀ ਜੀਵਨ ਦੇ ਅਹਿਮ ਪੜਾਅ ਹਨ। ਪਰ ਜਦੋਂ ਸਥਾਨਕ ਪ੍ਰਬੰਧ ਜਾਂ ਹਾਲਾਤ ਮਨੁੱਖ ਦਾ ਸਾਥ ਦੇਣ ਤੋਂ ਅਸਮਰੱਥ ਹੋ ਜਾਂਦੇ ਹਨ, ਤਾਂ ਉਹ ਬਿਹਤਰ ਭਵਿੱਖ ਦੀ ਆਸ ਵਿੱਚ ਪਰਵਾਸ ਦਾ ਰਾਹ ਅਖਤਿਆਰ ਕਰਦਾ ਹੈ। ਇਸ ਰਾਹ 'ਤੇ ਤੁਰਦਿਆਂ ਉਸ ਨੂੰ ਆਪਣੇ ਪਰਿਵਾਰ, ਮਿੱਟੀ ਅਤੇ ਸੱਭਿਆਚਾਰ ਤੋਂ ਦੂਰ ਹੋਣ ਦੀ ਵਿਛੋੜੇ ਭਰੀ ਪੀੜ ਵੀ ਹੰਢਾਉਣੀ ਪੈਂਦੀ ਹੈ। ਇਸ ਪੁਸਤਕ ਵਿੱਚ ਪਰਵਾਸੀਆਂ ਦੇ ਜੀਵਨ ਨਾਲ ਜੁੜੇ ਅਜਿਹੇ ਅਨੁਭਵਾਂ ਅਤੇ ਭਾਵਨਾਵਾਂ ਦੀ ਝਲਕ ਮਿਲਦੀ ਹੈ। ਰੋਜਗਾਰ ਅਤੇ ਬਿਹਤਰ ਜੀਵਨ ਦੀ ਭਾਲ ਵਿੱਚ ਆਸਟ੍ਰੇਲੀਆ ਸਮੇਤ ਵੱਖ-ਵੱਖ ਦੇਸ਼ਾਂ ਵਿੱਚ ਵੱਸ ਚੁੱਕੇ ਪੰਜਾਬੀਆਂ ਨੇ ਆਪਣੀ ਲਗਨ, ਮਿਹਨਤ ਅਤੇ ਦ੍ਰਿੜ੍ਹ ਇਰਾਦੇ ਨਾਲ ਅਨੇਕਾਂ ਮੱਲਾਂ ਮਾਰੀਆਂ ਹਨ। ਨਵੀਂ ਪੀੜ੍ਹੀ ਦੇ ਬਹੁਤ ਸਾਰੇ ਨੌਜਵਾਨ ਵੀ ਸੰਘਰਸ਼ ਕਰਦਿਆਂ ਆਪਣੇ ਪੈਰ ਜਮਾਉਣ ਲਈ ਯਤਨਸ਼ੀਲ ਹਨ। ਇਸ ਦੇ ਨਾਲ ਹੀ ਉਹ ਆਪਣੇ ਵਿਰਸੇ, ਸੱਭਿਆਚਾਰ ਅਤੇ ਭਾਸ਼ਾ ਨਾਲ ਵੀ ਜੁੜੇ ਹੋਏ ਹਨ। ਲੇਖਕ ਨੂੰ ਜਦੋਂ ਆਪਣੇ ਪੁੱਤਰ ਕੋਲ ਆਸਟ੍ਰੇਲੀਆ ਜਾਣ ਦਾ ਮੌਕਾ ਮਿਲਦਾ ਹੈ, ਤਾਂ ਉਹ ਆਪਣੇ ਨਾਲ ਮਿਲਵਰਤਣ, ਅਪਣੱਤ ਅਤੇ ਸਨੇਹ ਭਰਿਆ ਸੁਭਾਅ ਵੀ ਲੈ ਕੇ ਜਾਂਦਾ ਹੈ। ਆਪਣੇ ਇਸੇ ਸੁਭਾਅ ਸਦਕਾ ਉਹ ਵੱਖ-ਵੱਖ ਉਮਰ-ਵਰਗਾਂ ਦੇ ਲੋਕਾਂ ਵਿੱਚ ਵਿਚਰਦਾ ਹੋਇਆ ਸਭ ਦਾ ਚਹੇਤਾ ਬਣ ਜਾਂਦਾ ਹੈ। ਆਪਣੇ ਪੁੱਤਰ ਦੇ ਦੋਸਤਾਂ, ਹਾਣੀਆਂ ਅਤੇ ਬਜੁਰਗਾਂ ਨਾਲ ਉਸ ਦੀ ਅਜਿਹੀ ਸਾਂਝ ਪੈਂਦੀ ਹੈ ਕਿ ਉਹ ਉਨ੍ਹਾਂ ਲਈ ਵੀ ਇੱਕ ਪਿਆਰਾ ਮਿੱਤਰ ਬਣ ਜਾਂਦਾ ਹੈ। ਕਿਤੇ ਮਹਿਫਲਾਂ ਸੱਜਦੀਆਂ ਹਨ, ਕਿਤੇ ਸਾਹਿਤਕ ਸਭਾਵਾਂ ਜੁੜਦੀਆਂ



ਹਨ ਅਤੇ ਕਿਤੇ ਦਿਲ ਦੀਆਂ ਗੱਲਾਂ ਸਾਂਝੀਆਂ ਕਰਨ ਦਾ ਸਿਲਸਿਲਾ ਚੱਲਦਾ ਹੈ। ਇਨ੍ਹਾਂ ਮਿਲਣੀਆਂ ਦੌਰਾਨ ਕੁਝ ਸੁਣਨ ਅਤੇ ਕੁਝ ਸੁਣਾਉਣ ਦੇ ਨਾਲ-ਨਾਲ ਮਨ ਦਾ ਭਾਰ ਹੌਲਾ ਕਰਨ ਦੇ ਮੌਕੇ ਵੀ ਮਿਲਦੇ ਹਨ। ਪੱਤਰਕਾਰੀ ਦੇ ਕਿੱਤੇ ਨਾਲ ਜੁੜੇ ਆਪਣੇ ਦੋਸਤਾਂ-ਮਿੱਤਰਾਂ ਨਾਲ ਮੇਲ-ਮਿਲਾਪ ਅਤੇ ਆਸਟ੍ਰੇਲੀਆ ਦੀਆਂ ਵੱਖ-ਵੱਖ ਥਾਵਾਂ, ਸਮੁੰਦਰੀ ਕਿਨਾਰਿਆਂ ਅਤੇ ਪ੍ਰਸਿੱਧ ਬਾਜਾਰਾਂ ਦੀ ਸੈਰ ਦੌਰਾਨ ਲੇਖਕ ਹਰ ਥਾਂ ਕੁਝ ਨਾ ਕੁਝ ਨਵਾਂ ਲੱਭਣ ਅਤੇ ਉਸ ਨੂੰ ਆਪਣੇ ਅਨੁਭਵਾਂ ਦੀ ਕਸਵੱਟੀ 'ਤੇ ਪਰਖਣ ਦਾ ਯਤਨ ਕਰਦਾ ਹੈ। ਉਹ ਉੱਥੋਂ ਦੀ ਸਾਫ-ਸਫਾਈ, ਸੁਚੱਜੀ ਆਵਾਜਾਈ ਵਿਵਸਥਾ, ਕਾਨੂੰਨ ਦੀ ਪਾਲਣਾ, ਅਨੁਸ਼ਾਸਨ, ਟ੍ਰੈਫਿਕ ਦੇ ਸਖਤ ਨਿਯਮਾਂ, ਸ਼ੁੱਧ ਹਵਾ-ਪਾਣੀ, ਸਾਫ-ਸੁਥਰੇ ਵਾਤਾਵਰਨ ਅਤੇ ਸਮੇਂ ਦੀ ਕਦਰ ਕਰਨ ਵਾਲੀ ਜੀਵਨ-ਜਾਚ ਨੂੰ ਬਾਰੀਕੀ ਨਾਲ ਵਾਚਦਾ ਹੈ। ਕਿਰਤ ਨੂੰ ਪੂਜਾ ਸਮਝਣ ਦੀ ਬਿਰਤੀ ਵੀ ਉਸ ਨੂੰ ਪ੍ਰਭਾਵਿਤ ਕਰਦੀ ਹੈ। ਇਨ੍ਹਾਂ ਵਿਸ਼ੇਸ਼ਤਾਵਾਂ ਨੂੰ ਦੇਖ ਕੇ ਲੇਖਕ ਦੀ ਹੈਰਾਨੀ ਅਤੇ ਪ੍ਰਸ਼ੰਸਾ ਉਸ ਦੀ ਲਿਖਤ ਵਿੱਚੋਂ ਸਹਿਜੇ ਹੀ ਝਲਕਦੀ ਹੈ।

ਪੁਸਤਕ ਵਿੱਚ ਮਨੁੱਖੀ ਰਿਸ਼ਤਿਆਂ ਦੀ ਗਰਮਜੋਸ਼ੀ ਅਤੇ ਉਨ੍ਹਾਂ ਦੇ ਵੱਖ-ਵੱਖ ਰੰਗ ਵੀ ਬੜੀ ਖੂਬਸੂਰਤੀ ਨਾਲ ਉੱਭਰਦੇ ਹਨ। 'ਸੱਜਣ ਹੁੰਦੇ ਨਸਿਆਂ ਵਰਗੇ, ਛੱਡਣੇ ਸੌਖੇ ਨਹੀਂ'ਇਹ ਅਹਿਸਾਸ ਉਨ੍ਹਾਂ ਪਰਮ ਮਿੱਤਰਾਂ ਅਤੇ ਸ਼ੁਭਚਿੰਤਕਾਂ ਦੀ ਯਾਦ ਦਿਵਾਉਂਦਾ ਹੈ, ਜਿਹੜੇ ਔਖੇ ਵੇਲੇ ਸਾਥ ਨਿਭਾਉਂਦੇ ਹਨ। ਹਰਕੀਰਤ ਸਿੰਘ ਸੰਧਰ ਅਤੇ ਭਾਜੀ ਹਰਜਿੰਦਰ ਸਿੰਘ (ਅਜੀਤ ਦੇ ਸਾਬਕਾ ਮੈਗਜੀਨ ਸੰਪਾਦਕ) ਵੱਲੋਂ ਕੀਤੇ ਗਏ ਨਿੱਘੇ ਸਵਾਗਤ ਅਤੇ ਅਪਣੱਤ ਭਰੇ ਵਿਹਾਰ ਦੀਆਂ ਘਟਨਾਵਾਂ ਮਨ ਨੂੰ ਛੂੰਹਦੀਆਂ ਹਨ ਅਤੇ ਸਕੂਨ ਦਿੰਦੀਆਂ ਹਨ। ਇਸ ਦੇ ਉਲਟ, ਕਿਸੇ ਖਾਸ ਦੋਸਤ ਵੱਲੋਂ ਦਿਖਾਈ ਬੇਵਫਾਈ ਦਾ ਅਹਿਸਾਸ 'ਸੱਜਣ ਅੱਖੀਆਂ ਮੋੜ ਗਏ' ਵਾਲੀ ਪੀੜ ਨੂੰ ਵੀ ਉਜਾਗਰ ਕਰਦਾ ਹੈ। ਇਸ ਤਰ੍ਹਾਂ ਲੇਖਕ ਨੇ ਦੋਸਤੀ ਦੇ ਮਿੱਠੇ-ਕੌੜੇ ਅਨੁਭਵਾਂ ਨੂੰ ਆਪਣੀ ਰਚਨਾ ਦਾ ਹਿੱਸਾ ਬਣਾਇਆ ਹੈ ਆਸਟ੍ਰੇਲੀਆ ਵਿੱਚ ਆਪਣੇ ਪੈਰ ਜਮਾਉਣ ਲਈ ਸੰਘਰਸ਼ ਕਰ ਰਹੀ ਨਵੀਂ ਪੀੜ੍ਹੀ ਦੇ ਪੰਜਾਬੀਆਂ ਦਾ ਆਪਸੀ ਮੇਲ-ਮਿਲਾਪ, ਇਕੱਠੇ ਖਾਣ-ਪੀਣ, ਦੁੱਖ-ਸੁੱਖ ਵਿੱਚ ਸ਼ਰੀਕ ਹੋਣ ਅਤੇ ਇੱਕ-ਦੂਜੇ ਦਾ ਸਹਾਰਾ ਬਣਨ ਦਾ ਵਰਣਨ ਇਸ ਗੱਲ ਦੀ ਗਵਾਹੀ ਭਰਦਾ ਹੈ ਕਿ ਏਕੇ ਵਿੱਚ ਹਮੇਸ਼ਾ ਬਰਕਤ ਹੁੰਦੀ ਹੈ। ਵਿਦੇਸ਼ੀ ਧਰਤੀ 'ਤੇ ਆਪਣੇ ਲੋਕਾਂ ਦੀ ਸਾਂਝ ਮਨੁੱਖ ਨੂੰ ਮਾਨਸਿਕ ਬਲ ਦਿੰਦੀ ਹੈ ਅਤੇ ਸੰਘਰਸ਼ ਦੇ ਔਖੇ ਪੈਂਡੇ ਨੂੰ ਸੁਖਾਲਾ ਬਣਾਉਣ ਵਿੱਚ ਸਹਾਈ ਹੁੰਦੀ ਹੈ।

ਇਸੇ ਤਰ੍ਹਾਂ ਸਖਤ ਸੰਘਰਸ਼ਾਂ ਦੀਆਂ ਸਰਦਲਾਂ ਪਾਰ ਕਰਕੇ ਸਫਲਤਾ ਦੀਆਂ ਮੰਜਿਲਾਂ ਸਰ ਕਰਨ ਵਾਲੇ ਮਿਹਨਤੀ ਪੰਜਾਬੀਆਂ ਦੇ ਕਿੱਸੇ ਵੀ ਇਸ ਪੁਸਤਕ ਦਾ ਅਹਿਮ ਹਾਸਲ ਹਨ। ਇਹ ਕਿੱਸੇ ਕੇਵਲ ਨਿੱਜੀ ਸਫਲਤਾ ਦੀਆਂ ਕਹਾਣੀਆਂ ਨਹੀਂ, ਸਗੋਂ ਨਵੇਂ ਆਏ ਪਰਵਾਸੀਆਂ ਲਈ ਪ੍ਰੇਰਨਾ ਅਤੇ ਮਾਰਗਦਰਸ਼ਨ ਦਾ ਸਰੋਤ ਵੀ ਹਨ। ਇਨ੍ਹਾਂ ਵਿੱਚੋਂ ਮਿਹਨਤ, ਲਗਨ, ਸਬਰ ਅਤੇ ਦ੍ਰਿੜ੍ਹ ਇਰਾਦੇ ਨਾਲ ਅੱਗੇ ਵਧਣ ਦੀ ਪ੍ਰੇਰਨਾ ਵੀ ਮਿਲਦੀ ਹੈ।

ਕਰੀਬ ਦੋ-ਢਾਈ ਮਹੀਨਿਆਂ ਦੀ ਸੰਖੇਪ ਆਸਟ੍ਰੇਲੀਆ ਫੇਰੀ ਦੇ ਅਨੁਭਵਾਂ ਨੂੰ ਰੌਚਕ ਅੰਦਾਜ, ਸਰਲ ਭਾਸ਼ਾ ਅਤੇ ਭਰਪੂਰ ਜਾਣਕਾਰੀ ਨਾਲ ਪੇਸ਼ ਕਰਨਾ ਲੇਖਕ ਦੀ ਸੂਖਮ ਨਿਰੀਖਣ-ਸ਼ਕਤੀ ਅਤੇ ਲਿਖਣ-ਕਲਾ ਦਾ ਪ੍ਰਮਾਣ ਹੈ। ਲੇਖਕ ਨੇ ਆਪਣੀ ਯਾਤਰਾ ਨੂੰ ਕੇਵਲ ਸੈਰ-ਸਪਾਟੇ ਤੱਕ ਸੀਮਤ ਨਹੀਂ ਰੱਖਿਆ, ਸਗੋਂ ਉੱਥੋਂ ਦੇ ਸਮਾਜਿਕ ਜੀਵਨ, ਮਨੁੱਖੀ ਰਿਸ਼ਤਿਆਂ, ਸੱਭਿਆਚਾਰ, ਅਨੁਸ਼ਾਸਨ ਅਤੇ ਪਰਵਾਸੀਆਂ ਦੇ ਸੰਘਰਸ਼ਾਂ ਨੂੰ ਵੀ ਆਪਣੀ ਲਿਖਤ ਦਾ ਹਿੱਸਾ ਬਣਾਇਆ ਹੈ।

ਮਾਸਟਰ ਲਖਵਿੰਦਰ ਸਿੰਘ ਰਈਆ



ਸਮੁੱਚੇ ਤੌਰ 'ਤੇ 'ਜੋਗੀ ਉੱਡਦੇ ਬੱਦਲ ਦੀ ਛਾਂ ਸੁੰਦਰਾਂ' ਇੱਕ ਅਜਿਹੀ ਪੁਸਤਕ ਹੈ, ਜੋ ਪਾਠਕ ਨੂੰ ਆਸਟ੍ਰੇਲੀਆ ਦੇ ਜੀਵਨ ਦੀ ਝਲਕ ਦਿਖਾਉਣ ਦੇ ਨਾਲ-ਨਾਲ ਪਰਵਾਸ ਦੇ ਸੁੱਖਾਂ-ਦੁੱਖਾਂ, ਮਨੁੱਖੀ ਰਿਸ਼ਤਿਆਂ ਦੀ ਅਹਿਮੀਅਤ ਅਤੇ ਮਿਹਨਤ ਦੀ ਮਹੱਤਤਾ ਬਾਰੇ ਸੋਚਣ ਲਈ ਪ੍ਰੇਰਿਤ ਕਰਦੀ ਹੈ। ਆਪਣੀ ਸਰਲਤਾ, ਰੌਚਕਤਾ ਅਤੇ ਅਨੁਭਵਾਂ ਦੀ ਸੱਚਾਈ ਸਦਕਾ ਇਹ ਪੁਸਤਕ ਪਾਠਕਾਂ ਦੀ ਦਿਲਚਸਪੀ ਬਣਾਈ ਰੱਖਣ ਦੇ ਸਮਰੱਥ ਹੈ। ਇਸ ਜਾਣਕਾਰੀ-ਭਰਪੂਰ ਅਤੇ ਅਨੁਭਵ-ਆਧਾਰਿਤ ਪੁਸਤਕ ਦੀ ਰਚਨਾ ਲਈ ਲੇਖਕ ਧਰਵਿੰਦਰ ਸਿੰਘ ਔਲਖ ਵਧਾਈ ਦੇ ਪਾਤਰ ਹਨ।

ਪੰਜਾਬ ਦੀ ਜ਼ਿਕਰਯੋਗ ਪਹਿਲ



ਭਾਰਤੀ ਚੋਣ ਕਮਿਸ਼ਨ ਦੇ ਮੁੱਖ ਚੋਣ ਕਮਿਸ਼ਨਰ ਗਿਆਨੇਸ਼ ਕੁਮਾਰ ਦੀ ਕਾਰਜਪ੍ਰਣਾਲੀ ਨੂੰ ਲੈ ਕੇ ਦੇਸ਼ ਭਰ 'ਚ ਵਿਰੋਧ ਦੀ ਆਵਾਜ ਉੱਠ ਰਹੀ ਹੈ। ਕਾਂਗਰਸ ਸਮੇਤ ਵਿਰੋਧੀ ਧਿਰਾਂ ਚੋਣ ਪ੍ਰਕਿਰਿਆ ਦੀ ਨਿਰਪੱਖਤਾ ਤੇ ਵੋਟਰ ਸੂਚੀਆਂ 'ਚ ਕਥਿਤ ਗੜਬੜੀਆਂ ਦੇ ਮੁੱਦੇ 'ਤੇ ਲਗਾਤਾਰ ਸਵਾਲ ਖੜ੍ਹੇ ਕਰ ਰਹੀਆਂ ਹਨ ਪਰ ਇਸ ਮਾਮਲੇ 'ਚ ਪੰਜਾਬ ਨੇ ਇਕ ਕਦਮ ਅੱਗੇ ਵਧਦਿਆਂ ਵਿਧਾਨ ਸਭਾ 'ਚ ਪ੍ਰਸਤਾਵ ਲਿਆ ਕੇ ਆਪਣੀ ਸਿਆਸੀ ਅਤੇ ਸੰਵਿਧਾਨਕ ਭੂਮਿਕਾ ਦਰਜ ਕਰਵਾਈ ਹੈ। ਇਹ ਪਹਿਲ ਇਸ ਕਰ ਕੇ ਵੀ ਅਹਿਮ ਹੈ ਕਿ ਚੋਣਾਂ ਦੀ ਨਿਰਪੱਖਤਾ ਦਾ ਸਵਾਲ ਕਿਸੇ ਇਕ ਪਾਰਟੀ ਦੀ ਜਿੱਤ ਜਾਂ ਹਾਰ ਤੱਕ ਸੀਮਤ ਨਹੀਂ, ਸਗੋਂ ਦੇਸ਼ ਦੇ ਲੋਕਤੰਤਰੀ ਢਾਂਚੇ ਨਾਲ ਜੁੜਿਆ ਹੋਇਆ ਹੈ। ਪੰਜਾਬ ਵਿਧਾਨ ਸਭਾ 'ਚ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਵੱਲੋਂ ਪੇਸ਼ ਕੀਤੇ ਪ੍ਰਸਤਾਵ ਦੇ ਸਮਰਥਨ 'ਚ ਮੁੱਖ ਮੰਤਰੀ ਭਗਵੰਤ ਮਾਨ ਨੇ ਚੋਣ ਕਮਿਸ਼ਨ ਦੀ ਕਾਰਜਪ੍ਰਣਾਲੀ 'ਤੇ ਗੰਭੀਰ ਚੁੱਕੇ। ਉਨ੍ਹਾਂ ਦਾ ਕਹਿਣਾ ਸੀ ਕਿ ਦੇਸ਼ 'ਚ ਅਜਿਹੀ ਵਿਵਸਥਾ ਬਣਨ ਦਾ ਖਤਰਾ ਹੈ, ਜਿੱਥੇ ਲੋਕਤੰਤਰੀ ਤਰੀਕੇ ਨਾਲ ਚੁਣੇ ਹੋਏ ਲੋਕ ਹੀ ਤਾਨਾਸ਼ਾਹੀ ਰਵੱਈਆ ਅਪਣਾਉਣ ਲੱਗ ਪੈਣ। ਮੁੱਖ ਮੰਤਰੀ ਨੇ ਵੋਟ ਦੇ ਅਧਿਕਾਰ ਨੂੰ ਸੰਵਿਧਾਨ ਦੀ ਆਤਮਾ ਨਾਲ ਜੋੜਦਿਆਂ ਕਿਹਾ ਕਿ ਜੇਕਰ ਵੋਟਰ ਦੀ ਵੋਟ ਹੀ ਕੱਟ ਦਿੱਤੀ ਜਾਵੇ ਤੇ ਉਸ ਨੂੰ ਆਪਣੀ ਪਸੰਦ ਦੀ ਸਰਕਾਰ ਚੁਣਨ ਦਾ ਮੌਕਾ ਨਾ ਮਿਲੇ ਤਾਂ ਲੋਕਤੰਤਰ ਦੇ ਅਰਥ ਹੀ ਬਦਲ ਜਾਂਦੇ ਹਨ। ਮਾਨ ਨੇ ਚੋਣ ਕਮਿਸ਼ਨ ਦੀਆਂ ਮੀਟਿੰਗਾਂ ਦੇ ਰਿਕਾਰਡ ਦਾ ਮੁੱਦਾ ਚੁੱਕਦਿਆਂ ਵੀ ਤਿੱਖਾ ਵਿਅੰਗ ਕੀਤਾ। ਉਨ੍ਹਾਂ ਕਿਹਾ ਕਿ ਰਿਕਸ਼ਾ ਯੂਨੀਅਨਾਂ ਤੇ ਟਰੱਕ ਯੂਨੀਅਨਾਂ ਤੱਕ ਆਪਣੀਆਂ ਮੀਟਿੰਗਾਂ ਦਾ ਰਿਕਾਰਡ ਰੱਖਦੀਆਂ ਹਨ, ਫਿਰ ਦੇਸ਼ ਦੀਆਂ ਚੋਣਾਂ ਕਰਵਾਉਣ ਵਾਲੀ ਸੰਵਿਧਾਨਕ ਸੰਸਥਾ ਕੋਲ ਮੀਟਿੰਗਾਂ ਦੇ ਵੇਰਵੇ ਰੱਖਣ ਦੀ ਵਿਵਸਥਾ ਪਹਿਲਾਂ ਕਿਉਂ ਨਹੀਂ ਸੀ? ਇਹ ਸਵਾਲ ਸਿਰਫ਼ ਰਿਕਾਰਡ ਰੱਖਣ ਤੱਕ ਸੀਮਤ ਨਹੀਂ ਹੈ। ਇਸ ਦਾ ਸਬੰਧ ਸੰਸਥਾਗਤ ਪਾਰਦਰਸ਼ਤਾ, ਫੈਸਲਿਆਂ ਦੀ ਜਵਾਬਦੇਹੀ ਤੇ ਲੋਕਾਂ ਦੇ ਭਰੋਸੇ ਨਾਲ ਹੈ। ਹਾਲਾਂਕਿ, ਕਿਸੇ ਵੀ ਦੋਸ਼ ਦੀ ਸੱਚਾਈ ਤੈਅ ਕਰਨ ਲਈ ਤੱਥਾਂ ਤੇ ਸਬੂਤਾਂ ਦੀ ਜਾਂਚ ਵੀ ਓਨੀ ਹੀ ਜਰੂਰੀ ਹੈ। ਮੁੱਖ ਮੰਤਰੀ ਨੇ ਵੋਟਾਂ ਦੀ ਕਥਿਤ ਕਟੌਤੀ, ਨਵੇਂ ਵੋਟਰਾਂ ਦੀ ਰਜਿਸਟ੍ਰੇਸ਼ਨ ਤੇ ਚੋਣਾਂ ਦੌਰਾਨ ਆਉਣ ਵਾਲੀਆਂ ਸ਼ਿਕਾਇਤਾਂ ਦਾ ਹਵਾਲਾ ਦਿੰਦਿਆਂ ਚੋਣ ਪ੍ਰਕਿਰਿਆ 'ਚ ਜਵਾਬਦੇਹੀ ਦੀ ਮੰਗ ਕੀਤੀ। ਤਾਸ਼ ਦੀ ਖੇਡ 'ਚ ਪੱਤਾ ਲੁਕਾ ਕੇ ਖੇਡਣ ਵਾਲੀ ਉਨ੍ਹਾਂ ਦੀ ਮਿਸਾਲ ਨੇ ਇਸ ਬਹਿਸ ਦਾ ਮੂਲ ਸਪੱਸ਼ਟ ਕੀਤਾ ਕਿ ਜੇਕਰ ਖੇਡ ਦੇ ਨਿਯਮਾਂ ਦੀ ਪਾਲਣਾ ਨਾ ਹੋਵੇ ਤਾਂ ਜਿੱਤ ਦਾ ਭਰੋਸਾ ਵੀ ਖਤਮ ਹੋ ਜਾਂਦਾ ਹੈ। ਇਸੇ ਤਰ੍ਹਾਂ ਚੋਣਾਂ 'ਚ ਸਿਰਫ਼ ਨਤੀਜੇ ਐਲਾਨ ਦੇਣਾ ਕਾਫੀ ਨਹੀਂ; ਨਤੀਜਿਆਂ ਤੱਕ ਪਹੁੰਚਣ ਵਾਲੀ ਪ੍ਰਕਿਰਿਆ ਦਾ ਨਿਰਪੱਖ ਤੇ ਭਰੋਸੇਯੋਗ ਹੋਣਾ ਵੀ ਲਾਜਮੀ ਹੈ ਪਰ ਇਸ ਪੂਰੇ ਘਟਨਾਕ੍ਰਮ ਦਾ ਇਕ ਹੋਰ ਪੱਖ ਵੀ ਧਿਆਨ ਦੇਣ ਯੋਗ ਹੈ। ਦੇਸ਼ ਭਰ 'ਚ ਚੋਣ ਕਮਿਸ਼ਨ ਖਿਲਾਫ ਅੰਦੋਲਨ ਕਰ ਰਹੀ ਕਾਂਗਰਸ ਵੱਲੋਂ ਪੰਜਾਬ ਵਿਧਾਨ ਸਭਾ ਦੇ ਇਸ ਸੈਸ਼ਨ ਦਾ ਬਾਈਕਾਟ ਕਰ ਕੇ ਚਲੇ ਜਾਣਾ ਸਿਆਸੀ ਵਿਰੋਧਾਭਾਸ ਵਜੋਂ ਦੇਖਿਆ ਜਾ ਰਿਹਾ ਹੈ। ਜੇਕਰ ਕਿਸੇ ਮੁੱਦੇ ਨੂੰ ਲੋਕਤੰਤਰ ਲਈ ਗੰਭੀਰ ਮੰਨਿਆ ਜਾਂਦਾ ਹੈ ਤਾਂ ਉਸ 'ਤੇ ਸਦਨ ਦੇ ਅੰਦਰ ਬਹਿਸ ਕਰਨਾ, ਸਵਾਲ ਪੁੱਛਣਾ ਤੇ ਸਰਕਾਰ ਦੀ ਤਜਵੀਜ ਨੂੰ ਹੋਰ ਮਜਬੂਤ ਬਣਾਉਣ ਦੀ ਕੋਸ਼ਿਸ਼ ਕਰਨਾ ਵੀ ਵਿਰੋਧੀ ਧਿਰ ਦੀ ਜਿੰਮੇਵਾਰੀ ਹੈ। ਬੇਸ਼ੱਕ, ਬਾਈਕਾਟ ਦੇ ਪਿੱਛੇ ਪਾਰਟੀ ਦੇ ਆਪਣੇ ਤਰਕ ਹੋ ਸਕਦੇ ਹਨ, ਪਰ ਅਜਿਹੇ ਅਹਿਮ ਮਾਮਲੇ 'ਤੇ ਸਦਨ 'ਚੋਂ ਗੈਰਹਾਜਰੀ ਸਿਆਸੀ ਸੁਨੇਹਿਆਂ ਬਾਰੇ ਸਵਾਲ ਜਰੂਰ ਖੜ੍ਹੇ ਕਰਦੀ ਹੈ। ਇਸ ਮਾਮਲੇ 'ਚ ਪੰਜਾਬ ਦਾ ਪਹਿਲਾ ਹੋਣਾ ਆਪਣੇ ਆਪ 'ਚ ਮਹੱਤਵਪੂਰਨ ਹੈ ਪਰ ਸਿਰਫ਼ ਪ੍ਰਸਤਾਵ ਪਾਸ ਕਰਨਾ ਹੀ ਮੰਜਿਲ ਨਹੀਂ ਹੋ ਸਕਦਾ। ਲੋੜ ਹੈ ਕਿ ਵੋਟਰ ਸੂਚੀਆਂ ਦੀ ਜਾਂਚ ਪਾਰਦਰਸ਼ੀ ਹੋਵੇ, ਵੋਟ ਕੱਟਣ ਜਾਂ ਜੋੜਨ ਦੀ ਪ੍ਰਕਿਰਿਆ 'ਚ ਪ੍ਰਭਾਵਿਤ ਨਾਗਰਿਕ ਨੂੰ ਸੁਣਵਾਈ ਦਾ ਮੌਕਾ ਮਿਲੇ ਤੇ ਚੋਣ ਕਮਿਸ਼ਨ ਦੇ ਫੈਸਲਿਆਂ ਬਾਰੇ ਸਪੱਸ਼ਟ ਜਵਾਬਦੇਹੀ ਬਣੇ। ਈਵੀਐੱਮ ਜਾਂ ਚੋਣ ਨਤੀਜਿਆਂ ਬਾਰੇ ਉੱਠਣ ਵਾਲੇ ਸਵਾਲਾਂ ਦਾ ਜਵਾਬ ਵੀ ਸਬੂਤਾਂ, ਜਾਂਚ ਤੇ ਸੰਸਥਾਗਤ ਭਰੋਸੇ ਰਾਹੀਂ ਹੀ ਦਿੱਤਾ ਜਾ ਸਕਦਾ ਹੈ। ਲੋਕਤੰਤਰ ਦੀ ਤਾਕਤ ਸਿਰਫ਼ ਚੋਣਾਂ ਕਰਵਾਉਣ 'ਚ ਨਹੀਂ, ਸਗੋਂ ਹਰ ਨਾਗਰਿਕ ਨੂੰ ਇਹ ਭਰੋਸਾ ਦਿਵਾਉਣ 'ਚ ਹੈ ਕਿ ਉਸ ਦੀ ਵੋਟ ਦੀ ਕੀਮਤ ਬਰਾਬਰ ਹੈ ਤੇ ਉਸ ਦੀ ਆਵਾਜ ਨੂੰ ਪ੍ਰਕਿਰਿਆ 'ਚੋਂ ਬਾਹਰ ਨਹੀਂ ਕੀਤਾ ਜਾ ਸਕਦਾ। ਪੰਜਾਬ ਵਿਧਾਨ ਸਭਾ ਦੀ ਇਹ ਪਹਿਲ ਤਦ ਹੀ ਅਰਥਪੂਰਨ ਸਾਬਤ ਹੋਵੇਗੀ, ਜਦੋਂ ਸਿਆਸੀ ਬਿਆਨਬਾਜੀ ਤੋਂ ਅੱਗੇ ਵਧ ਕੇ ਚੋਣ ਪ੍ਰਣਾਲੀ 'ਚ ਪਾਰਦਰਸ਼ਤਾ, ਨਿਰਪੱਖਤਾ ਤੇ ਜਨਤਕ ਭਰੋਸੇ ਨੂੰ ਮਜਬੂਤ ਕਰਨ ਲਈ ਠੋਸ ਕਦਮ ਚੁੱਕੇ ਜਾਣਗੇ। ਆਖਰਕਾਰ, ਚੋਣ ਕਮਿਸ਼ਨ ਕਿਸੇ ਸਰਕਾਰ ਜਾਂ ਪਾਰਟੀ ਦਾ ਨਹੀਂ, ਸਗੋਂ ਲੋਕਤੰਤਰ ਰਾਖਾ ਹੋਣਾ ਚਾਹੀਦਾ ਹੈ।

ਕਿਵੇਂ ਲਹਿਰਾਈਏ ਤਿਰੰਗਾ ?

ਇਸ ਹਫਤੇ ਦੇ ਅਖੀਰ 'ਚ ਖਿੱਚ ਦਾ ਕੇਂਦਰ ਤੱਟਵਰਤੀ ਗੁਜਰਾਤ ਦਾ ਕਾਠੀਆਵਾੜੀ ਕਸਬਾ ਜਾਮਨਗਰ ਹੋਵੇਗਾ, ਜਿੱਥੇ ਦੁਨੀਆ ਦੀ ਸਭ ਤੋਂ ਵੱਡੀ ਤੇਲ ਰਿਫਾਇਨਰੀ ਵੀ ਸਥਿਤ ਹੈ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੂਬੀਓ ਇਸ ਰਿਫਾਇਨਰੀ ਦੇ ਮਾਲਕ ਮੁਕੇਸ਼ ਅੰਬਾਨੀ ਦੇ ਰੂਸੀ ਤੇਲ ਦੀ ਦਰਾਮਦ ਘਟਾਉਣ ਅਤੇ ਇਸ ਦੀ ਥਾਂ ਟੈਕਸਾਸ 'ਚ ਇੱਕ ਰਿਫਾਇਨਰੀ ਲਾਉਣ ਲਈ 300 ਅਰਬ ਡਾਲਰ ਦਾ ਨਿਵੇਸ਼ ਕਰਨ ਦੇ ਫੈਸਲੇ ਦੀ ਸ਼ਲਾਘਾ ਕਰਨ ਲਈ ਉੱਥੇ ਪੁੱਜਣਗੇ।

ਰੂਬੀਓ ਇਸ ਵਾਰ ਦਿੱਲੀ ਨਹੀਂ ਜਾਣਗੇ। ਇਸ ਦਾ ਮਤਲਬ ਹੈ ਕਿ ਉਹ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨਾਲ ਮੁਲਾਕਾਤ ਨਹੀਂ ਕਰਨਗੇ। ਪਿਛਲੇ ਕੁਝ ਸਮੇਂ ਵਿੱਚ ਮੋਦੀ ਨਾਲ ਮੁਲਾਕਾਤ ਨਾ ਕਰਨ ਵਾਲੇ ਉਹ ਪਹਿਲੇ ਅਮਰੀਕੀ ਹੋਣਗੇ। ਹਾਲਾਂਕਿ, ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਉਨ੍ਹਾਂ ਨੂੰ ਮਿਲਣ ਲਈ ਮੁੰਬਈ ਪੁੱਜ ਗਏ ਹਨ, ਜਿੱਥੇ ਰੂਬੀਓ ਜਾਮਨਗਰ ਜਾਣ ਤੋਂ ਪਹਿਲਾਂ ਠਹਿਰੇ ਹਨ। ਇਸ ਦਾ ਦਿੱਲੀ 'ਚ ਚੱਲ ਰਹੇ ਪ੍ਰਦਰਸ਼ਨਾਂ ਨਾਲ ਕੀ ਸਬੰਧ ਹੈ, ਜਿੱਥੇ ਪੁਲੀਸ ਲਗਾਤਾਰ ਜਮਹੂਰੀਅਤ ਪਸੰਦ ਲੋਕਾਂ ਅਤੇ ਕੌਕਰੋਚ ਜਨਤਾ ਪਾਰਟੀ (ਸੀ ਜੇ ਪੀ) ਦੇ ਸਮਰਥਕਾਂ ਨੂੰ ਜਾਲਮਾਨਾ ਢੰਗ ਨਾਲ ਹਿਰਾਸਤ ਵਿੱਚ ਲੈ ਰਹੀ ਹੈ ਤੇ ਇਸੇ ਹਫਤੇ ਪੁਲੀਸ ਨੇ ਸੀ ਜੇ ਪੀ ਦੇ ਸਾਰੇ ਆਗੂਆਂ ਨੂੰ ਹਿਰਾਸਤ ਵਿੱਚ ਲਿਆ ਸੀ। ਇਸ ਦਾ ਕੁਝ ਕੁ ਜਵਾਬ ਕਾਂਗਰਸੀ ਆਗੂ ਰਾਹੁਲ ਗਾਂਧੀ ਦੇ ਸੋਸ਼ਲ ਮੀਡੀਆ ਖਾਤੇ ਤੋਂ ਮਿਲਦਾ ਹੈ। ਰੂਬੀਓ ਦੇ ਦਿੱਲੀ ਨਾ ਆਉਣ ਦੀ ਖਬਰ 'ਤੇ ਰਾਹੁਲ ਨੇ ਤਿੱਖੀ ਪ੍ਰਤੀਕਿਰਿਆ ਦਿੰਦਿਆਂ ਆਖਿਆ, "ਸ੍ਰੀ ਰੂਬੀਓ ਨੇ ਆਪਣੇ ਮੁਲਾਜਮ ਨੂੰ ਮੁੰਬਈ ਸੱਦ ਲਿਆ ਹੈ।" ਹਾਲਾਂਕਿ ਇਹ ਸਪੱਸ਼ਟ ਨਹੀਂ ਹੈ ਕਿ ਸ੍ਰੀ ਜੈਸ਼ੰਕਰ ਅਤੇ ਰੂਬੀਓ ਦੀ ਮੁਲਾਕਾਤ ਦੌਰਾਨ ਭਾਰਤ-ਅਮਰੀਕਾ ਵਪਾਰ ਸਮਝੌਤੇ ਬਾਰੇ ਕੋਈ ਨਵਾਂ ਐਲਾਨ ਕੀਤਾ ਜਾਵੇਗਾ ਜਾਂ ਨਹੀਂ, ਪਰ ਮੋਦੀ ਸਰਕਾਰ ਲਈ ਇਹ ਜੋਖਮ ਬਹੁਤ ਵੱਡਾ ਹੈ। ਜੇਕਰ ਸਰਕਾਰ ਬਿਰਤਾਂਤ 'ਤੇ ਕਾਬੂ ਰੱਖਣਾ ਚਾਹੁੰਦੀ ਹੈ ਤਾਂ ਉਸ ਨੂੰ ਦਿੱਲੀ ਵਿੱਚ ਚੱਲ ਰਹੇ ਰੋਸ ਪ੍ਰਦਰਸ਼ਨਾਂ ਤੋਂ ਧਿਆਨ ਹਟਾ ਕੇ ਹੋਰ ਮੁੱਦਿਆਂ 'ਤੇ ਕੇਂਦਰਿਤ ਕਰਨਾ ਹੋਵੇਗਾ। ਖੈਰ, ਬਾਰਾਂ ਸਾਲਾਂ 'ਚ ਪਹਿਲੀ ਵਾਰ 'ਇੰਡੀਆ' ਗੱਠਜੋੜ ਦਾ ਤੀਰ ਨਿਸ਼ਾਨੇ 'ਤੇ ਲੱਗਿਆ ਜਾਪਦਾ ਹੈ। ਬੇਸ਼ੱਕ ਇਸ ਨੂੰ ਸੀ ਜੇ ਪੀ ਦੇ ਸਮਰਥਕਾਂ, ਨੇਹਾ ਬੋਰਾ ਅਤੇ ਸੀ ਪੀ ਆਈ- ਐੱਮ ਐੱਲ ਦੇ ਕਾਰਕੁਨਾਂ ਸਮੇਤ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ ਆ ਰਹੇ ਵਿਦਿਆਰਥੀਆਂ ਦੇ ਰੋਹਪੂਰਨ ਪ੍ਰਦਰਸ਼ਨਾਂ ਨੇ ਹੋਰ ਵੀ ਬਲ ਦਿੱਤਾ ਹੈ। ਯਕੀਨਨ, ਜੇ ਐੱਨ ਯੂ ਦੀ ਵਿਦਿਆਰਥਣ ਨੇਹਾ ਬੋਰਾ ਨੇ ਆਪਣੀ ਸਿਆਸਤ ਸਦਕਾ ਭਾਰਤ 'ਚ ਇੰਸਟਾਗ੍ਰਾਮ ਦੇ ਦੀਵਾਨੇ ਲੋਕਾਂ ਦੇ ਮਨਾਂ



ਨੂੰ ਇਸ ਕਦਰ ਮੋਹ ਲਿਆ ਹੈ ਕਿ ਮੀਮਜ ਅਤੇ ਗੇਮਜ ਦਾ ਹੜ੍ਹ ਆ ਗਿਆ ਹੈ, ਜਿਨ੍ਹਾਂ 'ਚ 'ਭਾਗ, ਨੇਹਾ ਭਾਗ' ਨਾਂ ਦੀ ਇੱਕ ਖੇਡ ਵੀ ਹੈ, ਜਿਸ 'ਚ ਖਿਡਾਰੀ ਦਿੱਲੀ ਪੁਲੀਸ ਦੀਆਂ ਰੋਕਾਂ ਨੂੰ ਪਾਰ ਕਰਨ ਦੀ ਕੋਸ਼ਿਸ਼ ਕਰਦਿਆਂ 'ਡੈਮੋਕਰੇਸੀ ਪੁਆਇੰਟਸ' ਪ੍ਰਾਪਤ ਕਰਦਾ ਹੈ। ਇਹ ਖੇਡ ਬਹੁਤ ਮਕਬੂਲ ਹੋ ਰਹੀ ਹੈ। ਫਿਰ ਵੀ ਵਿਰੋਧਾਭਾਸਾਂ ਦਾ ਬੋਲਬਾਲਾ ਹੈ। ਦੁਨੀਆ ਦੀ ਸਭ ਤੋਂ ਵੱਡੀ ਜਮਹੂਰੀਅਤ ਨੇ ਦਿੱਲੀ ਦੇ ਦਿਲ ਅੰਦਰ ਸਥਿਤ ਕਨਾਟ ਪਲੇਸ 'ਚ ਤਿਰੰਗਾ ਰੈਲੀ ਕਰਨ ਦੀ ਪ੍ਰਵਾਨਗੀ ਦੇਣ ਤੋਂ ਨਾਂਹ ਕਰ ਦਿੱਤੀ ਤੇ ਸੀ ਜੇ ਪੀ ਦੇ ਸਾਰੇ ਸਿਖਰਲੇ ਆਗੂਆਂ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ (ਹਾਲਾਂਕਿ ਬਾਅਦ ਵਿੱਚ ਉਨ੍ਹਾਂ ਨੂੰ ਰਿਹਾਅ ਕਰ ਦਿੱਤਾ ਗਿਆ)। ਸ੍ਰੀ ਜੈਸ਼ੰਕਰ ਦੀ ਰੂਬੀਓ ਨਾਲ ਮਿਲਣੀ ਵਾਲੇ ਸ਼ਹਿਰ ਭਾਵ ਮੁੰਬਈ ਵਿੱਚ ਹੀ ਸੀ ਜੇ ਪੀ ਦੀ ਰੈਲੀ ਵਿੱਚ ਸ਼ਾਮਿਲ ਹੋਣ ਕਾਰਨ ਬੌਲੀਵੁੱਡ ਅਦਾਕਾਰ ਇਮਰਾਨ ਖਾਨ (ਜੋ ਅਮਰੀਕੀ ਨਾਗਰਿਕ ਹੈ ਅਤੇ ਉਸ ਕੋਲ ਓ ਸੀ ਆਈ ਕਾਰਡ ਹੈ) ਨੂੰ ਭਾਰਤ 'ਚੋਂ ਚਲੇ ਜਾਣ ਦਾ ਹੁਕਮ ਦਿੱਤਾ ਗਿਆ ਹੈ। ਜਦੋਂ ਮੁਕੇਸ਼ ਅੰਬਾਨੀ ਜਾਮਨਗਰ 'ਚ ਰੂਬੀਓ ਦੀ ਮੇਜਬਾਨੀ ਕਰ ਰਹੇ ਹੋਣਗੇ ਤਾਂ ਉੱਥੇ ਮੌਜੂਦ ਹਰ ਸ਼ਖਸ ਡੋਨਲਡ ਟਰੰਪ ਦੇ ਕਰੀਬੀ ਮਿੱਤਰ ਐਲਨ ਮਸਕ ਬਾਰੇ ਸੋਚੇਗਾ ਤਾਂ ਜਰੂਰ, ਪਰ ਕੁਝ ਬੋਲੇਗਾ ਨਹੀਂ ਕਿਉਂਕਿ ਮਸਕ ਨੇ ਅੰਬਾਨੀ ਖਿਲਾਫ ਸ਼ਰ੍ਹੇਆਮ ਵਾਰ-ਵਾਰ ਬਿਆਨ ਦਿੱਤੇ ਹਨ।

ਨੇਕੀ ਦੀ ਬਦੀ 'ਤੇ ਜਿੱਤ ਦੇ ਦਿਨਾਂ ਭਾਵ ਨਰਾਤਿਆਂ ਦੌਰਾਨ ਹੁਣ ਜਦੋਂ ਮਾਤਾ ਦੁਰਗਾ ਦੇ ਇਸ ਹਫਤੇ ਧਰਤੀ 'ਤੇ ਆਉਣ ਤੇ ਮਹਿਸਾਸੁਰ ਦਾ ਵਧ ਕਰਨ ਦਾ ਸਮਾਂ ਹੈ ਤਾਂ ਇਹ ਪਤਾ ਨਹੀਂ ਲੱਗ ਰਿਹਾ ਕਿ ਨੇਕੀ ਦੀ ਲੜਾਈ ਕੌਣ ਜਿੱਤ ਰਿਹਾ ਹੈ ਅਤੇ ਨਾ ਹੀ ਇਹ ਪਤਾ ਲੱਗ ਰਿਹਾ ਹੈ ਕਿ ਚੰਗੇ ਤੇ ਬੁਰੇ ਲੋਕ ਕੌਣ ਹਨ ? ਮਹਿਜ ਇੰਨਾ ਹੀ ਪਤਾ ਲਗਦਾ ਹੈ ਕਿ ਦੁਨੀਆ ਕਸੂਤੀ ਸਥਿਤੀ 'ਚ ਫਸੀ ਹੋਈ ਹੈ। ਕੀ ਤਿਰੰਗਾ ਲਹਿਰਾਉਣ ਵਾਲਾ ਵਿਅਕਤੀ ਚੰਗਾ ਹੈ ਜਾਂ ਨਹੀਂ ? ਉਂਜ, ਕੌਮੀ ਝੰਡਾ ਲਹਿਰਾਉਣਾ ਚੰਗਾ ਮੰਨਿਆ ਜਾਣਾ ਚਾਹੀਦਾ ਹੈ ਪਰ ਦਿੱਲੀ ਪੁਲੀਸ ਨੇ ਜੰਤਰ-ਮੰਤਰ ਅਤੇ ਕਨਾਟ ਪਲੇਸ, ਦੋਵਾਂ ਥਾਵਾਂ 'ਤੇ ਧਰਨਾ ਪ੍ਰਦਰਸ਼ਨ ਕਰਨ 'ਤੇ ਰੋਕ ਲਾ ਦਿੱਤੀ। ਰਾਮਲੀਲਾ ਮੈਦਾਨ 'ਚ ਪ੍ਰਦਰਸ਼ਨ ਕਰਨ ਦੀ ਖੁੱਲ੍ਹ ਹੈ, ਪਰ ਤਿੰਨ ਦਿਨਾਂ ਨੂੰ ਛੱਡ ਕੇ ਬਾਕੀ ਪੂਰੇ ਸਾਲ ਲਈ ਉਸ ਦੀ ਬੁਕਿੰਗ ਹੋ ਚੁੱਕੀ ਹੈ ਅਤੇ ਉੱਥੋਂ ਦਾ ਕਿਰਾਇਆ 1.20 ਲੱਖ ਰੁਪਏ ਪ੍ਰਤੀ ਦਿਨ ਹੈ। ਹੁਣ ਅਸੀਂ ਨੈਤਿਕ ਦੁਬਿਧਾ ਵਿੱਚ ਹਾਂ। ਰਾਸ਼ਟਰ ਵਿਰੋਧੀ ਹੋਣਾ ਜਾਂ ਨਾ ਹੋਣਾ ਹੁਣ ਸਵਾਲ ਨਹੀਂ ਰਿਹਾ। ਸਵਾਲ ਇਹ ਹੈ ਕਿ ਕੀ ਦਿੱਲੀ ਪੁਲੀਸ ਤੋਂ ਵੱਡੀ ਕੋਈ ਹੋਰ ਤਾਕਤ ਹੈ ? ਖਬਰਾਂ ਅਨੁਸਾਰ ਰਾਹੁਲ ਗਾਂਧੀ ਨੇ ਫੈਸਲਾ ਕਰ ਲਿਆ ਹੈ ਕਿ ਕਾਂਗਰਸ ਸੀ ਜੇ ਪੀ ਵਰਗੇ ਸਿਆਸੀ ਧੜਿਆਂ ਨੂੰ ਆਪਣੇ ਧਰਨੇ ਮੁਜਾਹਰਿਆਂ ਲਈ ਥਾਂ ਦੇਵੇਗੀ ਅਤੇ ਨਾਲ ਹੀ 'ਇੰਡੀਆ' ਗੱਠਜੋੜ ਦੀਆਂ ਸਮੂਹ ਧਿਰਾਂ ਨੂੰ ਇੱਕ ਮੰਚ 'ਤੇ ਲੈ ਕੇ ਆਵੇਗੀ ਤਾਂ ਕਿ ਉਹ ਇੱਕਜੁਟਤਾ ਨਾਲ ਪ੍ਰਦਰਸ਼ਨ ਕਰ ਸਕਣ। ਉਹ ਨਿੱਜੀ 'ਤੇ ਸਿਖਰਲੇ ਆਗੂਆਂ ਨੂੰ ਫੋਨ ਕਰਕੇ ਇਹ ਯਕੀਨੀ ਬਣਾ ਰਹੇ ਹਨ ਕਿ ਉਹ ਪ੍ਰਦਰਸ਼ਨ ਵਿੱਚ ਸ਼ਾਮਲ ਹੋਣ। ਇਸ ਦਾ ਉਦੇਸ਼ ਮੁੱਖ ਚੋਣ ਕਮਿਸ਼ਨਰ ਦੇ ਅਸਤੀਫੇ ਬਾਰੇ ਮੱਤਭੇਦ ਹੋਣ ਦੇ ਬਾਵਜੂਦ ਵਿਰੋਧੀ ਧਿਰ ਦੇ ਇੱਕਜੁਟ ਹੋ ਕੇ ਪ੍ਰਦਰਸ਼ਨ ਕਰਨਾ ਹੈ। 'ਇੰਡੀਆ' ਗੱਠਜੋੜ ਦਾ ਇਹ ਦ੍ਰਿੜ ਇਰਾਦਾ ਦਰਸਾਉਂਦਾ ਹੈ ਕਿ ਸਿਆਸੀ ਮਾਹੌਲ ਨੂੰ ਮਘਦਾ ਰੱਖਿਆ ਜਾਵੇ ਤਾਂ ਕਿ ਇਸ ਦਾ ਅਸਰ ਆਗਾਮੀ 2027 ਦੇ ਸ਼ੁਰੂ ਵਿੱਚ ਪੰਜਾਬ, ਉੱਤਰ ਪ੍ਰਦੇਸ਼, ਮਨੀਪੁਰ, ਗੋਆ ਅਤੇ ਉੱਤਰਾਖੰਡ ਵਿੱਚ ਹੋਣ ਵਾਲੀਆਂ ਵਿਧਾਨ ਸਭਾ ਚੋਣਾਂ 'ਤੇ ਪੈ ਸਕੇ। 'ਇੰਡੀਆ' ਗੱਠਜੋੜ ਵੱਲੋਂ ਪਹਿਲੀ ਨਵੰਬਰ ਨੂੰ ਇੱਕ ਹੋਰ ਵੱਡਾ ਪ੍ਰਦਰਸ਼ਨ ਕਰਨ ਦੀ ਯੋਜਨਾ ਬਣਾਈ ਜਾ ਰਹੀ ਹੈ। ਰਾਹੁਲ ਗਾਂਧੀ ਲਈ ਇਹ 'ਕਰੋ ਜਾਂ ਮਰੋ' ਦੀ ਸਿਆਸੀ ਲੜਾਈ ਹੈ। ਉਨ੍ਹਾਂ ਦੀ ਅਗਵਾਈ ਹੇਠ ਕਾਂਗਰਸ ਨੇ 2024 ਦੀਆਂ ਲੋਕ ਸਭਾ ਚੋਣਾਂ ਤੋਂ ਬਾਅਦ ਅੱਠ ਰਾਜਾਂ ਵਿੱਚੋਂ ਸਿਰਫ ਇੱਕ ਰਾਜ, ਕੇਰਲਮ ਵਿੱਚ ਹੀ ਜਿੱਤ ਪ੍ਰਾਪਤ ਕੀਤੀ ਹੈ। ਆਗਾਮੀ ਵਿਧਾਨ ਸਭਾ ਚੋਣਾਂ ਦੇ ਨਤੀਜੇ ਨਿਸ਼ਚਿਤ ਰੂਪ 'ਚ ਉਨ੍ਹਾਂ ਦੀ ਅਗਵਾਈ ਦੀ ਪ੍ਰੀਖਿਆ ਹੋਣਗੇ। ਉਹ ਸਮਝਦੇ ਹਨ ਕਿ ਉਨ੍ਹਾਂ ਨੂੰ ਨੇਹਾ ਬੋਰਾ ਅਤੇ ਸੀ ਜੀ ਪੀ ਦੇ ਨੌਜਵਾਨ ਵਿਦਿਆਰਥੀ ਆਗੂਆਂ ਵਰਗੇ ਜੋਸ਼ ਦੀ ਲੋੜ ਹੈ। ਉਹ ਚਾਹੁੰਦੇ ਹਨ ਕਿ ਇਹ ਸਾਰੇ ਕਾਂਗਰਸ ਦੀ ਸਰਪ੍ਰਸਤੀ ਹੇਠ ਰਹਿਣ। ਕਾਂਗਰਸੀ ਆਗਆਂ ਦਾ ਕਹਿਣਾ ਹੈ ਕਿ ਇਸ 'ਸ਼ਿਵ ਜੀ ਦੀ ਬਾਰਾਤ' ਵਿੱਚ ਸਾਰਿਆਂ ਦਾ ਸਵਾਗਤ ਹੈ।

ਇਸੇ ਕਾਰਨ ਮੋਦੀ ਸਰਕਾਰ ਲਈ ਇਹ ਦਾਅ ਬਹੁਤ ਵੱਡਾ ਹੈ। ਇਸ ਲਈ ਉਹ ਨੇਹਾ ਬੋਰਾ, ਹੋਰ ਮੁੱਖ ਸਿਆਸੀ ਧਿਰਾਂ ਦੇ ਆਗੂਆਂ ਜਾਂ 'ਇੰਡੀਆ' ਗੱਠਜੋੜ ਨੂੰ ਵੱਖ-ਵੱਖ ਜਾਂ ਇਕੱਠਿਆਂ ਮੁੜ ਸੱਤਾ 'ਚ ਆਉਣ ਦਾ ਮੌਕਾ ਨਹੀਂ ਦੇ ਸਕਦੀ। ਭਾਜਪਾ ਦਾ ਮੰਨਣਾ ਹੈ ਕਿ ਬੰਗਲਾਦੇਸ਼ੀ ਪ੍ਰਦਰਸ਼ਨਕਾਰੀਆਂ ਬਾਰੇ ਨੇਹਾ ਦਾ ਇਸੇ ਹਫਤੇ ਦਿੱਤਾ ਵਿਵਾਦਤ ਬਿਆਨ, ਜਿਸ ਵਿੱਚ ਉਨ੍ਹਾਂ ਸੱਤਾ ਪਰਿਵਰਤਨ ਦੀ ਦਿਸ਼ਾ 'ਚ ਭਾਰਤ ਨੂੰ ਰਾਹ ਦਿਖਾਇਆ ਹੈ, ਦਾ ਪਰਦਾਫਾਸ਼ ਹੋਣਾ ਚਾਹੀਦਾ ਹੈ। ਸਰਕਾਰ ਜਾਣਦੀ ਹੈ ਕਿ ਜੇਕਰ ਉਸ ਨੂੰ ਲੋਕਾਂ ਦੀ ਰਾਇ ਬਦਲਣੀ ਹੈ ਤਾਂ ਇਨ੍ਹਾਂ ਲਗਾਤਾਰ ਹੋ ਰਹੇ ਪ੍ਰਦਰਸ਼ਨਾਂ ਦਾ ਲੱਕ ਤੋੜਨਾ ਪਵੇਗਾ। ਇਸ ਲਈ ਜੈਸ਼ੰਕਰ ਦੀ ਰੂਬੀਓ ਨਾਲ ਮੁਲਾਕਤਾਂ ਅਤੇ ਰੂਬੀਓ ਦੀਆਂ ਮੁਕੇਸ਼ ਅੰਬਾਨੀ ਨਾਲ ਮੁਲਾਕਾਤਾਂ ਬਹੁਤ ਮਹੱਤਵਪੂਰਨ ਹਨ। ਉਂਝ, ਸਰਕਾਰ ਨੂੰ ਪੂਰੀ ਉਮੀਦ ਹੈ ਕਿ ਤੇਲ ਕੂਟਨੀਤੀ ਭਾਰਤ-ਅਮਰੀਕਾ ਦੇ ਉਤਰਾਅ-ਚੜ੍ਹਾਅ ਭਰੇ ਸਬੰਧਾਂ ਨੂੰ ਸਥਿਰ ਕਰਨ 'ਚ ਮਦਦ ਕਰੇਗੀ ਅਤੇ ਉਸ ਨੂੰ ਘਰੇਲੂ ਬਾਜਾਰ ਵਿੱਚ ਮੁਨਾਫਾ ਕਮਾਉਣ 'ਚ ਮਦਦ ਕਰੇਗੀ। ਮਾਰਚ ਮਹੀਨੇ, ਅਮਰੀਕਾ-ਇਰਾਨ ਯੁੱਧ ਸ਼ੁਰੂ ਹੋਣ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਜਦੋਂ ਅਮਰੀਕਾ ਨੇ ਭਾਰਤ ਨੂੰ ਤੇਲ ਦਰਾਮਦ ਕਰਨ ਦੀ ਖੁੱਲ੍ਹ ਦਿੱਤੀ ਸੀ ਤਾਂ ਅੰਬਾਨੀ ਦੀ ਰਿਲਾਇੰਸ ਇੰਡਸਟਰੀਜ ਨੇ 6 ਮਿਲੀਅਨ ਬੈਰਲ ਤੇਲ ਖਰੀਦਿਆ ਸੀ। ਟਰੰਪ ਦਾ ਰੂਸ ਐਕਟ 17 ਅਕਤੂਬਰ ਨੂੰ ਲਾਗੂ ਹੋਣ ਨਾਲ ਭਾਰਤ ਵਰਗੇ ਰੂਸੀ ਤੇਲ ਦਰਾਮਦ ਕਰਨ ਵਾਲੇ ਦੇਸਾਂ ਅਤੇ ਕੰਪਨੀਆਂ 'ਤੇ ਪਾਬੰਦੀ ਲਾਗੂ ਹੋਣ ਦੀ ਸੂਰਤ ਵਿੱਚ ਰਿਲਾਇੰਸ ਦੀ ਰੂਸੀ ਦਰਾਮਦ ਘਟ ਕੇ ਜੀਰੋ ਹੋ ਜਾਣੀ ਸੀ, ਪਰ ਅਮਰੀਕਾ ਵੱਲੋਂ ਹੁਣ ਦਿੱਤੀ ਛੋਟ ਨਾਲ ਇਹ ਪਹਿਲੇ ਪੱਧਰ 'ਤੇ ਹੀ ਰਹੇਗੀ। ਅੰਬਾਨੀ ਨੇ ਨਿਸ਼ਚਿਤ ਰੂਪ ਨਾਲ ਵਾਸ਼ਿੰਗਟਨ ਡੀ ਸੀ ਵਿੱਚ ਆਪਣੀ ਪਕੜ ਮਜਬੂਤ ਕਰ ਲਈ ਹੈ। ਇਸੇ ਦੌਰਾਨ ਜੈਸ਼ੰਕਰ ਨੇ ਬਲੂਮਬਰਗ ਨੂੰ ਦੱਸਿਆ ਕਿ ਨਵੇਂ ਵਿਸ਼ਵ ਵਿਵਸਥਾ ਦੇ ਪੁਨਰਨਿਰਮਾਣ ਵਿੱਚ ਭਾਰਤ ਇੱਕ ਕੇਂਦਰੀ ਸ਼ਕਤੀ ਹੈ। ਜੇ ਐੱਨ ਯੂ ਦੇ ਸਾਬਕਾ ਵਿਦਿਆਰਥੀ ਜੈਸ਼ੰਕਰ ਇਹ ਗੱਲ ਚੰਗੀ ਤਰ੍ਹਾਂ ਸਮਝਦੇ ਹਨ ਕਿ ਜਦੋਂ ਤੱਕ ਉਨ੍ਹਾਂ ਦੀ ਸਰਕਾਰ ਦੇਸ਼ 'ਚ ਚੱਲ ਰਹੀ ਉਥਲ-ਪੁਥਲ ਨਾਲ ਹਮਦਰਦੀ ਨਾਲ ਨਹੀਂ ਨਜਿੱਠਦੀ, ਉਦੋਂ ਤੱਕ ਉਹ ਵਿਦੇਸ਼ਾਂ ਵਿੱਚ ਮਜਬੂਤੀ ਨਾਲ ਆਪਣੀ ਸ਼ਕਤੀ ਦਾ ਪ੍ਰਦਰਸ਼ਨ ਨਹੀਂ ਕਰ ਸਕੇਗੀ।

ਜਯੋਤੀ ਮਲਹੋਤਰਾ

ਸਾਡੀ ਰਸੋਈ ਦੇ ਸੁਪਰਫੂਡ

ਸਿਆਣੇ ਕਹਿੰਦੇ ਨੇ ਕਿ ਜੇ ਅੱਜ ਦੇ ਦੌਰ ਵਿਚ ਤੰਦਰੁਸਤ ਰਹਿਣਾ ਹੈ, ਤਾਂ ਸਾਨੂੰ ਆਪਣੀਆਂ ਜੜ੍ਹਾਂ ਵੱਲ ਮੁੜਨਾ ਪਵੇਗਾ। ਕੀ ਤੁਸੀਂ ਕਦੇ ਸੋਚਿਆ ਹੈ ਕਿ ਸਾਡੇ ਬਜੁਰਗਾਂ ਦੀ ਜ਼ਿੰਦਗੀ ਵਿਚ ਸਹੂਲਤਾਂ ਭਾਵੇਂ ਘੱਟ ਸਨ, ਪਰ ਉਹ ਸਰੀਰਕ ਤੌਰ 'ਤੇ ਮਿਹਨਤੀ ਅਤੇ ਖੁਰਾਕ ਦੇ ਮਾਮਲੇ ਵਿਚ ਕਿੰਨੇ ਸਿਆਣੇ ਸਨ ? ਉਨ੍ਹਾਂ ਦੀ ਰਸੋਈ ਵਿਚ ਬਾਜਰੇ ਦੀ ਰੋਟੀ, ਮੱਕੀ, ਜਵਾਰ, ਸਰ੍ਹੋਂ ਦਾ ਸਾਗ, ਦਾਲਾਂ, ਦੁੱਧ, ਦਹੀਂ ਅਤੇ ਲੱਸੀ ਵਰਗੀਆਂ ਸਾਦੀਆਂ ਤੇ ਕੁਦਰਤੀ ਚੀਜਾਂ ਹੁੰਦੀਆਂ ਸਨ।



ਅੱਜ ਜਿਨ੍ਹਾਂ ਨੂੰ ਅਸੀਂ ਮਿਲਟਸ ਜਾਂ 'ਸੁਪਰਫੂਡ' ਕਹਿ ਕੇ ਬਾਜਾਰਾਂ ਵਿਚ ਦੁਬਾਰਾ ਲੱਭ ਰਹੇ ਹਾਂ, ਉਹ ਸਾਡੇ ਬਜੁਰਗਾਂ ਦੀ ਰਸੋਈ ਦਾ ਪਹਿਲਾਂ ਹੀ ਅਹਿਮ ਹਿੱਸਾ ਸਨ। ਬਾਜਰਾ ਸਿਰਫ ਇਕ ਸਾਧਾਰਨ ਅਨਾਜ ਨਹੀਂ, ਬਲਕਿ ਪੋਸ਼ਕ ਤੱਤਾਂ ਦਾ ਖਜਾਨਾ ਹੈ। ਇਸ ਵਿਚ ਮੈਗਨੀਸ਼ੀਅਮ, ਕੈਲਸ਼ੀਅਮ, ਮੈਂਗਨੀਜ਼, ਫਾਸਫੋਰਸ, ਫਾਈਬਰ, ਵਿਟਾਮਿਨ-ਬੀ ਅਤੇ ਐਂਟੀ-ਆਕਸੀਡੈਂਟ ਭਰਪੂਰ ਮਾਤਰਾ ਵਿਚ ਮਿਲਦੇ ਹਨ। ਇਹ ਤੱਤ ਹੱਡੀਆਂ ਨੂੰ ਮਜਬੂਤ ਕਰਦੇ ਹਨ ਅਤੇ ਇਸ ਵਿਚ ਮੌਜੂਦ ਫਾਈਬਰ ਪਾਚਨ ਕਿਰਿਆ ਨੂੰ ਦਰੁਸਤ ਰੱਖਦਾ ਹੈ। ਵਿਗਿਆਨਕ ਅਧਿਐਨਾਂ ਵਿਚ ਵੀ ਸਾਹਮਣੇ ਆਇਆ ਹੈ ਕਿ ਮਿਲਟਸ ਬਲੱਡ ਸ਼ੂਗਰ ਦੇ ਪ੍ਰਬੰਧਨ ਅਤੇ ਦਿਲ ਦੀ ਸਿਹਤ ਲਈ ਬੇਹੱਦ ਲਾਭਦਾਇਕ ਹਨ। ਸਾਡੇ ਬਜੁਰਗ ਇਹ ਸਭ ਕੁਝ ਕਿਤਾਬਾਂ ਵਿਚ ਪੜ੍ਹ ਕੇ ਨਹੀਂ, ਬਲਕਿ ਆਪਣੇ ਸਦੀਆਂ ਪੁਰਾਣੇ ਤਜਰਬੇ ਤੋਂ ਜਾਣਦੇ ਸਨ। ਪਰ ਅਫਸੋਸ! ਅੱਜ ਸਾਡੀ ਰਸੋਈ ਦੀ ਥਾਂ ਫਾਸਟਫੂਡ, ਵੱਧ ਨਮਕ-ਚੀਨੀ, ਤਲੀਆਂ ਹੋਈਆਂ ਅਤੇ ਬਹੁਤ ਜ਼ਿਆਦਾ ਪ੍ਰੋਸੈਸ ਕੀਤੀਆਂ ਚੀਜਾਂ ਨੇ ਲੈ ਲਈ ਹੈ। ਜੀਭ ਦਾ ਸੁਆਦ ਕੁਝ ਪਲਾਂ ਦਾ ਹੁੰਦਾ ਹੈ ਪਰ ਅਜਿਹੀ ਖੁਰਾਕ ਨੂੰ ਰੋਜਾਨਾ ਦੀ ਆਦਤ ਬਣਾਉਣਾ ਸਿਹਤ ਲਈ ਵੱਡਾ ਖਤਰਾ ਹੈ। ਇਸ ਦੇ ਨਾਲ ਹੀ, ਸਾਨੂੰ ਖੇਤੀ ਵਿਚ ਵੀ ਬੇਲੋੜੇ ਕੀਟਨਾਸਕਾਂ ਅਤੇ ਰਸਾਇਣਾਂ ਦੀ ਵਰਤੋਂ ਤੋਂ ਬਚ ਕੇ ਸੁਰੱਖਿਅਤ ਖੇਤੀ ਅਤੇ ਸਾਫ-ਸੁਥਰੇ ਭੋਜਨ ਵੱਲ ਧਿਆਨ ਦੇਣ ਦੀ ਸਖਤ ਲੋੜ ਹੈ।

ਮੈਂ ਆਪਣੀ ਇਕ ਪੁਸਤਕ 'ਚ ਵੀ ਉਸ ਪੁਰਾਣੇ ਪੰਜਾਬ ਨੂੰ ਯਾਦ ਕੀਤਾ ਹੈ-ਜਿੱਥੇ ਸਹੂਲਤਾਂ ਘੱਟ ਸਨ ਪਰ ਖਾਣਾ ਸਾਦਾ, ਜੀਵਨ ਮਿਹਨਤੀ ਤੇ ਰਿਸ਼ਤਿਆਂ ਵਿਚ ਸੱਚੀ ਗਰਮਜੋਸ਼ੀ ਸੀ।

ਆਓ, ਉਨ੍ਹਾਂ ਚੰਗੀਆਂ ਗੱਲਾਂ ਨੂੰ ਆਪਣੀ ਜ਼ਿੰਦਗੀ ਵਿਚ ਵਾਪਸ ਲੈ ਕੇ ਆਈਏ। ਬਾਜਰੇ ਦੀ ਰੋਟੀ ਅਤੇ ਹੋਰ ਮਿਲਟਸ ਨੂੰ ਆਪਣੀ ਰਸੋਈ ਵਿਚ ਮੁੜ ਥਾਂ ਦੇ ਕੇ ਆਪਣੇ ਵਿਰਸੇ ਦੇ ਇਸ ਸਿਹਤਮੰਦ ਸਵਾਦ ਨੂੰ ਅਗਲੀ ਪੀੜ੍ਹੀ ਤੱਕ ਪਹੁੰਚਾਈਏ।

ਗੁਰਬਾਜ ਸਿੰਘ

ਵੱਖਵੱਖ ਧਰਮਾਂ 'ਚ ਦੀਵਾਲੀ ਦੀ ਮਹੱਤਤਾ

ਸਰਬਸਾਝਾਂ ਤਿਉਹਾਰ ਹੈ ਦੀਵਾਲੀ

ਦੀਵਾਲੀ ਇਕ ਅਜਿਹਾ ਤਿਉਹਾਰ ਹੈ ਜਿਸਨੂੰ ਸਾਡੇ ਸਮਾਜ ਦਾ ਹਰ ਵਰਗ ਬੜੇ ਚਾਅ ਮਲਾਰ ਅਤੇ ਸ਼ਰਧਾ ਨਾਲ ਮਨਾਉਂਦਾ ਹੈ। ਹਰ ਫਿਰਕੇ, ਹਰ ਧਰਮ 'ਚ ਇਸਦੀ ਵਿਸ਼ੇਸ਼ਤਾ ਹੈ ਅਤੇ ਅਹਿਮ ਥਾਂ ਇਸਨੇ ਅਰਜਿਤ ਕੀਤੀ ਹੋਈ ਹੈ।

ਹਿੰਦੂ ਧਰਮ 'ਚ ਇਸਨੂੰ ਵਿਸ਼ੇਸ਼ ਥਾਂ ਹਾਸਿਲ ਹੈ। ਇਹ ਦਿਨ ਮਰਿਆਦਾ ਪਰਸ਼ੋਤਮ ਭਗਵਾਨ ਸ਼੍ਰੀਰਾਮ ਚੰਦਰ ਜੀ ਮਹਾਰਾਜ, ਪਤਨੀ ਮਾਤਾ ਸੀਤਾ ਜੀ ਅਤੇ ਛੋਟੇ ਭਰਾ ਲੱਛਮਣ ਜੀ ਦੀ ਯਾਦ 'ਚ ਮਨਾਇਆ ਜਾਂਦਾ ਹੈ। ਇਹ ਇਸ ਦਿਨ ਇਹ ਤਿੰਨੋਂ ਅਯੋਧਿਆ ਨਰੇਸ਼ ਮਹਾਰਾਜ ਦਸ਼ਰਥ ਦੇ ਵਚਨਾਂ ਨੂੰ ਫੁਲ ਚੜਾ ਕੇ 14 ਸਾਲਾਂ ਦਾ ਵਨਵਾਸ ਕੱਟ ਕੇ ਮੁੜ ਅਯੁਧਿਆ ਪਰਤੇ ਸਨ। ਉਨ੍ਹਾਂ ਦੇ ਵਾਪਿਸ ਆਉਣ ਦੀ ਖੁਸ਼ੀ 'ਚ ਹਰ ਦੇਸ਼ਵਾਸੀ ਨੇ ਆਪਣੇ ਦਰਦਰ ਅਗੇ ਦੀਵੇ ਜਲਾ ਕੇ ਦੀਪਮਾਲਾ ਕੀਤੀ ਸੀ। ਅਸਲ 'ਚ ਦੀਵੇ ਜਗਾ ਕੇ ਰੌਸ਼ਨੀ ਕਰਨ ਦਾ ਭਾਵ ਸੀ ਕਿ ਦੁਨੀਆਂ 'ਚੋ ਉਹ ਅੰਧਕਾਰ ਹੁਣ ਖਤਮ ਹੋ ਗਿਆ ਹੈ, ਜਿਹੜਾ ਰਾਕਸ਼ੀ ਸ਼ਕਤੀਆਂ ਨੇ ਪਾਇਆ ਹੋਇਆ ਸੀ।

ਹੋਰਨਾਂ ਧਰਮਾਂ ਵਾਂਗ ਸਿੱਖ ਧਰਮ ਦੇ ਪੈਰੋਕਾਰ ਵੀ ਇਸਨੂੰ ਵਿਸ਼ੇਸ਼ ਜਜ਼ਬੇ ਅਤੇ ਉਤਸ਼ਾਹ ਨਾਲ ਮਨਾਉਂਦੇ ਹਨ। ਇਸ ਦਿਨ ਛੇਵੇਂ ਪਾਤਿਸ਼ਾਹ ਮੀਰੀਪੀਰੀ ਦੇ ਮਾਲਕ, ਬੰਦੀ ਛੋੜ ਸਤਿਗੁਰੂ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਮਹਾਰਾਜ 52 ਕੈਦੇ ਨੂੰ ਨਾਲ ਲੈ ਕੇ, ਜੋ ਮੁਗਲ ਸਮਰਾਟ ਜਹਾਂਗੀਰ ਨੇ ਅਣਮਿੱਥੇ ਸਮੇਂ ਤੱਕ ਲਈ ਬੰਦ ਕੀਤੇ ਹੋਏ ਸਨ, ਸਮੇਤ ਗਵਾਲੀਅਰ ਦੇ ਕਿਲ੍ਹੇ ਵਿਚੋਂ ਦੀਵਾਲੀ ਵਾਲੇ ਦਿਨ ਰਿਹਾਅ ਹੋ ਕੇ ਸ੍ਰੀ ਅੰਮ੍ਰਿਤਸਰ ਸਾਹਿਬ ਪਹੁੰਚੇ ਸਨ। ਇਸੇ ਲਈ ਸਤਿਗੁਰਾਂ ਨੂੰ ਬੰਦੀ ਛੋੜ ਆਖਿਆ ਜਾਂਦਾ ਹੈ।

ਦੀਵਾਲੀ ਦੀ ਸਿੱਖ ਧਰਮ ਪ੍ਰਤੀ ਮਹੱਤਤਾ ਇਹ ਹੈ ਕਿ ਇਸੇ ਦਿਨ ਹੀ ਭਾਈ ਮਨੀ ਸਿੰਘ ਜੀ ਜੋ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਅਤੇ ਦਮਦਮੀ ਟਕਸਾਲ ਦੇ ਪਹਿਲੇ ਮੁਖੀ ਸਨ, ਧਰਮ ਦੀ ਰੱਖਿਆ, ਪੰਥ ਦੀ ਚੜ੍ਹਦੀ ਕਲਾ ਅਤੇ ਅਣਖ ਦੇ ਗੈਰਤ ਜੀਵਨ ਜਿਉਣ ਵਾਸਤੇ ਲਾਹੌਰ ਵਿਖੇ ਬੰਦ ਬੰਦ ਕਟਾ ਕੇ ਸ਼ਹੀਦ ਹੋ ਗਏ ਸਨ। ਅੰਮ੍ਰਿਤਸਰ ਸਾਹਿਬ ਵਿਖੇ ਦੀਵਾਲੀ ਦੀ ਵਿਸ਼ੇਸ਼ ਮਹਾਨਤਾ ਇਹੀ ਹੈ ਕਿ ਜਿਸ ਦਿਨ ਛੇਵੇਂ ਪਾਤਿਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਗਵਾਲੀਅਰ ਦੇ ਕਿਲ੍ਹੇ ਤੋਂ ਰਿਹਾਅ ਹੋ ਕੇ ਇਥੇ ਆਏ ਤਾਂ ਸਿੱਖਾਂ ਨੇ ਇਨ੍ਹਾਂ ਦੇ ਆਉਣ ਦੀ



ਖੁਸ਼ੀ ਵਿੱਚ ਦੀਪਮਾਲਾ ਕੀਤੀ ਅਤੇ ਬਹੁਤ ਖੁਸ਼ੀਆਂ ਮਨਾਈਆਂ ਸਨ। ਇਸ ਲਈ ਅੱਜ ਵੀ ਅੰਮ੍ਰਿਤਸਰ ਦੀ ਦੀਵਾਲੀ ਬੜੀ ਹੀ ਧੂਮਧਾਮ ਨਾਲ ਮਨਾਈ ਜਾਂਦੀ ਹੈ ਅਤੇ ਉਸੇ ਤਰ੍ਹਾਂ ਦੀਪਮਾਲਾ ਕੀਤੀ ਜਾਂਦੀ ਹੈ। ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਦੀ ਯਾਦ ਨੂੰ ਤਾਜ਼ਾ ਕੀਤਾ ਜਾਂਦਾ ਹੈ।

ਜੈਨ ਧਰਮ 'ਚ ਵੀ ਇਹ ਤਿਉਹਾਰ ਵਿਸ਼ੇਸ਼ ਮਹੱਤਤਾ ਰਖਦਾ ਹੈ। ਜੈਨ ਮੱਤ ਦੇ 24ਵੇਂ ਤੀਰਥੰਕਰ ਭਗਵਾਨ ਮਹਾਵੀਰ ਜੀ ਨੇ ਇਸ ਦਿਨ ਨਿਰਵਾਨ ਪ੍ਰਾਪਤ ਕੀਤਾ ਸੀ। ਉਨ੍ਹਾਂ ਦੇ ਪ੍ਰਮੁੱਖ ਚੇਲੇ ਗੌਤਮ ਗਿਣਧਰ ਨੂੰ ਇਸੇ ਦਿਨ 'ਕੇਵਲੀ ਗਿਆਨ' ਪ੍ਰਾਪਤ ਹੋਇਆ ਸੀ। ਗਿਆਨ ਰੂਪੀ ਪ੍ਰਕਾਸ਼ ਪ੍ਰਾਪਤ ਹੋਣ ਦੀ ਖੁਸ਼ੀ 'ਚ ਜੈਨੀਆਂ ਨੇ ਦੀਪ ਜਲਾ ਕੇ ਜੱਗ ਰੁਸ਼ਨਾਇਆ ਸੀ।

ਇਤਿਹਾਸ 'ਚੋ ਮਿਲਦੇ ਤੱਥਾਂ ਦੇ ਅਨੁਸਾਰ 2500 ਸਾਲ ਪਹਿਲਾਂ ਬੁੱਧ ਧਰਮ ਦੇ ਪਰਾਵਰਤਕ ਮਹਾਤਮਾਂ ਬੁੱਧ ਜੀ ਦਾ ਸੁਆਗਤ ਉਨ੍ਹਾਂ ਦੇ ਸ਼ਗਿਰਦਾ ਅਤੇ ਸਮਰਥਕਾਂ ਨੇ ਇਸ ਦਿਨ ਦੀਪ ਜਲਾ ਕੇ ਕੀਤਾ ਸੀ।

ਸਾਡੇ ਪੁਰਾਣਾਂ ਦੇ ਖਜ਼ਾਨੇ 'ਚ ਵਿਧਮਾਨ ਦੇਵੀ ਪੁਰਾਨ ਦੀ ਇਕ ਕਥਾ ਵੀ ਦੀਵਾਲੀ ਨਾਲ ਜੁੜੀ ਹੋਈ ਹੈ, ਜਦੋਂ ਰਾਕਸ਼ੀ ਸ਼ਕਤੀਆਂ ਆਪਣਾ ਪ੍ਰਭਾਵ ਵਧਾਉਣ ਲਗੀਆਂ ਤਾਂ ਮਹਾਂਕਾਲੀ ਗੁੱਸੇ ਹੋ ਉਠੀ। ਉਸ ਨੇ ਦੇਵਾ ਦਾ ਸੰਘਾਰ ਕਰਨਾ ਸ਼ੁਰੂ ਕਰ ਦਿੱਤਾ। ਇਹ ਸਭ ਕੁਝ ਵੇਖ ਕੇ ਭਗਵਾਨ ਸ਼ਿਵ ਨੇ ਮਹਾਂ ਕਾਲੀ ਨੂੰ ਸ਼ਾਤ ਕਰਨ ਲਈ ਆਪਣੇ ਆਪ ਨੂੰ ਉਨ੍ਹਾਂ ਦੇ ਸਾਹਮਣੇ ਪ੍ਰਸਤੁਤ ਕੀਤਾ। ਉਨ੍ਹਾਂ ਦੇ ਤਪੋਮਯ ਸ਼ਰੀਰ ਦੇ ਸਪਰਸ਼ ਨਾਲ ਹੀ ਮਹਾਂ ਕਾਲੀ ਸ਼ਾਂਤ ਹੋ ਗਈ। ਬਸ ਉਸ ਸਮੇਂ ਹੀ ਲੋਕਾਂ 'ਚ ਖੁਸ਼ੀ ਦਾ ਸੈਲਾਬ ਉਮੜ ਪਿਆ ਅਤੇ ਉਨ੍ਹਾਂ ਨੇ ਇਸ ਦਿਨ ਦੀਪਮਾਲਾ ਕਰਨੀ ਸ਼ੁਰੂ ਕਰ ਦਿੱਤੀ।

ਅੱਜ ਦੇ ਦਿਨ ਹੀ ਆਰੀਆ ਸਮਾਜ ਦੇ ਪਰਾਵਰਤਕ ਸਵਾਮੀ ਦਿਆਨੰਦ ਜੀ ਨੇ ਆਪਣੇ ਭੌਤਿਕ ਸ਼ਰੀਰ ਦਾ ਤਿਆਗ ਕੀਤਾ ਸੀ। ਇਸੇ ਕਾਰਨ ਇਸ ਦਿਹਾੜੇ ਨੂੰ ਰਿਸ਼ੀ ਦਿਵਸ ਵੀ ਕਿਹਾ ਜਾਂਦਾ ਹੈ। ਸਵਾਮੀ ਰਾਮਤੀਰਥ ਜੀ ਦਾ ਦੇਹਾਂਤ ਵੀ ਇਸੇ ਦਿਨ ਹੀ ਹੋਇਆ ਸੀ।

ਪਟਾਕੇ ਚਲਾਉਂਦੇ ਸਮੇਂ ਸਾਵਧਾਨੀਆਂ ਵਰਤੋਂ

ਦੀਵਾਲੀ ਦਾ ਨਾ ਦਿਮਾਗ ਵਿੱਚ ਆਉਂਦੇ ਸਾਰ ਫੁਲਝੜੀਆਂ, ਬੰਬਾਂ, ਆਤਸ਼ਬਾਜੀ ,ਅਨਾਰ ਅਤੇ ਹੋਰ ਪਟਾਕਿਆਂ ਦਾ ਚੇਤਾ ਆਣ ਲਗਦਾ ਹੈ। ਅੱਜ ਦੀਵਾਲੀ ਅਤੇ ਪਟਾਕਿਆਂ ਦਾ ਚੋਲੀ ਦਾਮਨ ਦਾ ਸਾਥ ਹੋ ਗਿਆ ਹੈ। ਦੀਵਾਲੀ ਜਿੱਥੇ ਖੁਸ਼ੀਆਂ ਦਾ ਤਿਉਹਾਰ ਹੈ ਉਥੇ ਪਟਾਕੇ ਇਸ ਖੁਸ਼ੀ ਨੂੰ ਸਵਾਇਆਡੂਢਾ ਕਰ ਕੇ ਪ੍ਰਗਟਾਉਣ ਦਾ ਤਰੀਕਾ ਹੈ। ਦੀਵਾਲੀ ਦੇ ਸ਼ੁਭ ਮੌਕੇ ਤੇ ਪਟਾਕੇ ਚਲਾਉਣ ਦਾ ਆਪਣਾ ਹੀ ਮਹੱਤਵ ਹੈ। ਪਟਾਕਿਆਂ ਨੂੰ ਗਲਤ ਤਰੀਕੇ ਨਾਲ ਚਲਾਉਣ, ਬਿਨ੍ਹਾਂ ਸਾਵਧਾਨੀ ਤੋਂ ਚਲਾਉਣ ਜਾਂ ਬੱਚਿਆਂ ਵਲੋਂ ਲਾਚੜ ਕੇ ਚਲਾਉਣ ਕਾਰਨ ਕਈ ਵਾਰ ਦੁਰਘਟਨਾਵਾਂ ਵੀ ਵਾਪਰ ਜਾਂਦੀਆਂ ਹਨ। ਵੈਸੇ ਤਾਂ ਪਟਾਕੇ ਚਲਾਉਣੇ ਹੀ ਨਹੀਂ ਚਾਹੀਦੇ ਕਿਉਕਿ ਇਨ੍ਹਾਂ ਕਾਰਨ ਪ੍ਰਦੂਸ਼ਨ ਫੈਲਦਾ ਹੈ ਪਰ ਫਿਰ ਵੀ ਖੁਸ਼ੀ ਨੂੰ ਪ੍ਰਗਟਾਉਣ ਤੇ ਸਾਂਝਾ ਕਰਨ ਲਈ, ਪਟਾਕੇ ਘੱਟੋਘੱਟ ਹੀ ਚਲਾਉਣੇ ਚਾਹੀਦੇ ਹਨ ਅਤੇ ਪਟਾਕੇ ਚਲਾਉਂਦੇ ਸਮੇਂ ਕੁਝ ਸਾਵਧਾਨੀਆਂ ਰੱਖਣੀਆਂ ਚਾਹੀਦੀਆਂ ਹਨ :

ਪਟਾਕੇ ਹਮੇਸ਼ਾਂ ਚੰਗੀ ਕੰਪਨੀ ਦੇ ਹੀ ਖਰੀਦਣੇ ਚਾਹੀਦੇ ਹਨ।

ਪਟਾਕਿਆਂ ਨੂੰ ਘਰ ਲਿਆ ਕੇ ਸੁਰਖਿਅਤ ਥਾਂ ਤੇ ਰੱਖਣਾ ਚਾਹੀਦਾ ਹੈ।

ਪਟਾਕੇ ਚਲਾਉਣ ਵਾਲੀ ਥਾਂ ਦੇ ਨੇੜੇ ਕੋਈ ਬਲਣਸ਼ੀਲ ਪਦਾਰਥ ਜਾਂ ਸੁੱਕਾ ਬਾਲਣ ਨਹੀਂ ਹੋਣਾ ਚਾਹੀਦਾ।

ਛੋਟੇ ਬੱਚਿਆਂ ਨੂੰ ਪਟਾਕਿਆਂ ਤੋਂ ਦੂਰ ਰੱਖਣਾ ਚਾਹੀਦਾ ਹੈ।

ਪਟਾਕੇ ਖੁੱਲੇ ਥਾਂ ਤੇ ਚਲਾਉਣੇ ਚਾਹੀਦੇ ਹਨ।

ਇਕ ਸਮੇਂ ਸਿਰਫ ਇਕ ਪਟਾਕਾ ਹੀ ਚਲਾਉਣਾ ਚਾਹੀਦਾ ਹੈ।

ਪਟਾਕੇ ਚਲਾਉਂਦੇ ਸਮੇਂ ਨਾ ਤਾਂ ਲਾਚੜਣਾ ਚਾਹਦਾ ਹੈ ਅਤੇ ਨਾ ਹੀ ਖੇਡਣਾ ਚਾਹੀਦਾ ਹੈ।

ਪਟਾਕਿਆਂ ਨੂੰ ਅੱਗ ਕੁੱਝ ਦੂਰੀ ਤੋਂ ਲਗਾਉਣੀ ਚਾਹੀਦੀ ਹੈ।

ਆਤਿਸ਼ਬਾਜੀ ਜਾਂ ਅਨਾਰ ਆਦਿ ਨੂੰ ਹੱਥ ਵਿੱਚ ਫੜ ਕੇ ਨਹੀਂ ਚਲਾਉਣਾ ਚਾਹੀਦਾ।

ਪਟਾਕਾ ਚਲਾਉਣ ਵੇਲੇ ਅੱਖਾਂ ਪਟਾਕੇ ਦੇ ਮੂੰਹ ਤੋਂ ਪਰ੍ਹਾਂ ਹੋਣੀਆਂ ਚਾਹੀਦੀਆ ਹਨ।

ਰੇਸ਼ਮੀ ਤੇ ਸੈਥੈਟਿਕ ਕਪੜੇ ਪਾ ਕੇ ਪਟਾਕੇ ਨਹੀਂ ਚਲਾਉਣੇ ਚਾਹੀਦੇ। ਸੂਤੀ ਕਪੜਿਆਂ ਦਾ ਪ੍ਰਯੋਗ ਕਰਨਾ ਚਾਹੀਦਾ ਹੈ।

ਢਿੱਲੇ ਅਤੇ ਖੁੱਲੇ ਕਪੜੇ ਪਾ ਕੇ ਪਟਾਕੇ ਨਹੀਂ ਚਲਾਉਂਣੇ ਚਾਹੀਦੇ।

ਆਤਿਸ਼ਬਾਜੀ ਨੂੰ ਧਰਤੀ ਦੇ ਸਮਾਂਤਰ ਲੇਟਵੀ ਦਿਸ਼ਾ ਵਿੱਚ ਨਹੀਂ ਚਲਾਉਣਾ ਚਾਹੀਦਾ।

ਅਸੀਂ ਅਜਿਹੀਆਂ ਕੁੱਝ ਸਾਵਧਾਨੀਆਂ ਰੱਖ ਕੇ ਸੁਰਖਿਅਤ ਅਤੇ ਆਨੰਦਦਾਇਕ ਦੀਵਾਲੀ ਮਨਾਉਂਦੇ ਹੋਏ ਪਟਾਕੇ ਚਲਾਉਣ ਦਾ ਭਰਪੂਰ ਮਜ਼ਾ ਲੈ ਸਕਦੇ ਹਾਂ। ਪਟਾਕੇ ਚਲਾਉਂਦੇ ਸਮੇਂ ਕੋਈ ਅਣਸੁਖਾਵੀ ਘਟਨਾ ਹੋ ਜਾਣ ਤੇ ਮੂੱਢਲਾ ਉਪਚਾਰ ਕਰਨਾ ਚਾਹੀਦਾ ਹੈ।

ਦੁਰਘਟਨਾ ਦੇ ਸ਼ਿਕਾਰ ਵਿਅਕਤੀ ਨੂੰ ਸੁਰਖਿਅਤ ਥਾਂ ਤੇ ਲੈ ਜਾਓ।

ਕਪੜੇ ਢਿਲੇ ਕਰ ਦਿਓ।

ਜਲੇ ਹੋਏ ਥਾਂ ਨੂੰ ਚੰਗੀ ਤਰ੍ਹਾਂ ਪਾਣੀ ਨਾਲ ਸਾਫ ਕਰੋ। ਜਲਿਆਂ ਹੋਇਆ ਥਾਂ ਚੰਗੀ ਤਰ੍ਹਾਂ ਪਾਣੀ ਨਾਲ ਠੰਡਾ ਕਰ ਦਿਓ। ਫ਼ਾਲੇ ਪੈਣ ਤੋਂ ਨਾ ਡਰੋ।

ਅੱਖਾਂ ਨੂੰ ਨਾਂ ਤਾਂ ਮਲੋ ਅਤੇ ਨਾਂ ਹੀ ਰਗੜੋ।

ਜੇ ਅੱਖ ਨਾ ਖੁੱਲੇ ਤਾਂ ਉਸ ਨੂੰ ਜਬਰਦਸਤੀ ਖੋਲਣ ਦੀ ਕੋਸ਼ਿਸ਼ ਨਾਂ ਕਰੋ।

ਮਰੀਜ ਨੂੰ ਜਲਦੀ ਤੋਂ ਜਲਦੀ ਡਾਕਟਰ ਕੋਲ ਲੈ ਜਾਓ।

ਸੰਜੀਵ ਝਾਂਜੀ





ਗਦਰ ਲਹਿਰ ਦਾ ਮਹਾਨ ਸ਼ਹੀਦ ਕਰਤਾਰ ਸਿੰਘ ਸਰਾਭਾ

ਦੇਸ਼ ਦੀ ਆਜਾਦੀ ਲਈ ਜਦੋਂ ਵੀ ਕੁਰਬਾਨੀਆਂ ਦੇਣ ਵਾਲੇ ਯੋਧਿਆਂ ਦੀ ਗੱਲ ਚੱਲਦੀ ਹੈ ਤਾਂ ਪੰਜਾਬੀਆਂ ਦਾ ਨਾਂ ਸਰੇ-ਫਿਹਰਿਸਤ ਆਉਂਦਾ ਹੈ। ਕਰਤਾਰ ਸਿੰਘ ਸਰਾਭਾ, ਸ਼ਹੀਦ ਭਗਤ ਸਿੰਘ ਅਤੇ ਸ਼ਹੀਦ ਊਧਮ ਸਿੰਘ ਆਦਿ ਅਜਿਹੇ ਜਾਂਬਾਜ ਪੰਜਾਬੀ ਨੌਜਵਾਨ ਸਨ, ਜਿਨ੍ਹਾਂ ਦਾ ਨਾਂ ਅੱਜ ਵੀ ਦੇਸ਼ ਅੰਦਰ ਬੜੇ ਫਖਰ ਅਤੇ ਗੌਰਵ ਨਾਲ ਲਿਆ ਜਾਂਦਾ ਹੈ।

16 ਨਵੰਬਰ ਨੂੰ ਕਰਤਾਰ ਸਿੰਘ ਸਰਾਭਾ ਦੇ ਸ਼ਹੀਦੀ ਦਿਹਾੜੇ ਵਜੋਂ ਜਾਣਿਆ ਜਾਂਦਾ ਹੈ। ਉਹੀਓ ਕਰਤਾਰ ਸਿੰਘ ਸਰਾਭਾ, ਜਿਨ੍ਹਾਂ ਨੂੰ ਸ਼ਹੀਦ-ਏ-ਆਜਮ ਭਗਤ ਸਿੰਘ ਆਪਣਾ ਆਦਰਸ਼ ਮੰਨਦੇ ਸਨ। ਇਹ ਵੀ ਕਿਹਾ ਜਾਂਦਾ ਹੈ ਕਿ ਭਗਤ ਸਿੰਘ, ਕਰਤਾਰ ਸਿੰਘ ਸਰਾਭੇ ਦੀ ਫੋਟੋ ਹਮੇਸ਼ਾਂ ਆਪਣੀ ਜੇਬ ਵਿੱਚ ਰੱਖਦੇ ਸਨ।

ਕਰਤਾਰ ਸਿੰਘ ਸਰਾਭਾ ਦਾ ਜਨਮ 24 1896 ਨੂੰ ਲੁਧਿਆਣਾ ਜਿਲ੍ਹੇ ਦੇ ਪਿੰਡ ਸਰਾਭਾ ਵਿਖੇ ਹੋਇਆ। ਉਨ੍ਹਾਂ ਦੇ ਪਿਤਾ ਦਾ ਨਾਂ ਮੰਗਲ ਸਿੰਘ ਅਤੇ ਮਾਤਾ ਦਾ ਨਾਂ ਸਾਹਿਬ ਕੌਰ ਸੀ। ਕਰਤਾਰ ਸਿੰਘ ਆਪਣੇ ਮਾਪਿਆਂ ਦਾ ਇਕਲੌਤਾ ਪੁੱਤਰ ਸੀ। ਹਾਲੇ ਕਰਤਾਰ ਸਿੰਘ ਛੋਟੇ ਹੀ ਸਨ ਕਿ ਉਨ੍ਹਾਂ ਦੇ ਪਿਤਾ ਅਕਾਲ ਚਲਾਣਾ ਕਰ ਗਏ, ਜਿਸ ਉਪਰੰਤ ਉਨ੍ਹਾਂ ਦੇ ਪਾਲਣ ਪੋਸਣ ਦੀ ਸਾਰੀ ਜਿੰਮੇਵਾਰੀ ਦਾਦਾ ਸ: ਬਚਨ ਸਿੰਘ ਦੇ ਮੋਢਿਆਂ 'ਤੇ ਆ ਪਈ। ਕਰਤਾਰ ਸਿੰਘ ਹੁਰਾਂ ਨੇ ਅਪਣੀ ਮੁੱਢਲੀ ਵਿੱਦਿਆ ਸਰਾਭਾ ਪਿੰਡ ਚੋਂ ਹਾਸਲ ਕੀਤੀ ਇਸ ਉਪਰੰਤ ਉਹ ਦਸਵੀਂ ਕਰਨ ਲਈ ਲੁਧਿਆਣਾ ਦੇ ਮਾਲਵਾ ਖਾਲਸਾ ਸਕੂਲ ਵਿਖੇ ਦਾਖਲ ਹੋ ਗਏ। ਇਸੇ ਦੌਰਾਨ ਉਹ ਆਪਣੇ ਚਾਚੇ ਕੋਲ ਉੜੀਸਾ ਰਹਿਣ ਚੱਲੇ ਗਏ, ਉੱਥੇ ਹੀ ਹਾਈ ਸਕੂਲ ਦੀ ਪੜ੍ਹਾਈ ਪੂਰੀ ਕਰਨ ਤੋਂ ਬਾਅਦ ਇਕ ਕਾਲਜ 'ਚ ਦਾਖ਼ਲਾ ਲੈ ਲਿਆ।

ਉੱਝ ਕਰਤਾਰ ਸਿੰਘ ਪੜ੍ਹਾਈ ਵਿੱਚ ਹੁਸਿਆਰ ਸੀ। ਉਨ੍ਹਾਂ ਦੇ ਦਾਦਾ ਉਨ੍ਹਾਂ ਨੂੰ ਕਿਸੇ ਉੱਚ ਅਹੁਦੇ 'ਤੇ ਵੇਖਣਾ ਚਾਹੁੰਦੇ ਸਨ,ਜਿਸ ਦੇ ਚਲਦਿਆਂ ਦਾਦੇ ਨੇ ਉਨ੍ਹਾਂ ਨੂੰ ਉਚੇਰੀ ਪੜ੍ਹਾਈ ਲਈ ਅਮਰੀਕਾ ਭੇਜ ਦਿੱਤਾ, ਜਿਥੇ ਉਨ੍ਹਾਂ ਨੇ ਕੈਲੀਫੋਰਨੀਆ ਯੂਨੀਵਰਸਿਟੀ, ਬਰਕਲੀ ਵਿੱਚ ਰਸਾਇਣ ਵਿਗਿਆਨ ਦੀ ਪੜ੍ਹਾਈ ਸ਼ੁਰੂ ਕਰ ਦਿੱਤੀ।

ਉਨ੍ਹੀਂ ਦਿਨੀਂ ਅਮਰੀਕਾ 'ਚ ਗਦਰ ਲਹਿਰ ਦਾ ਮੁੱਢ ਬੱਝ ਰਿਹਾ ਸੀ ਅਤੇ ਅਮਰੀਕਾ ਵਸਦੇ ਭਾਰਤੀਆਂ ਨੇ 1913 ਈ: ਵਿੱਚ ਗਦਰ ਨਾਂਅ ਦੀ ਪਾਰਟੀ ਬਣਾਈ, ਜਿਸ ਦੇ ਪ੍ਰਧਾਨ ਸੋਹਣ ਸਿੰਘ ਭਕਨਾ ਅਤੇ ਸਕੱਤਰ ਲਾਲਾ ਹਰਦਿਆਲ ਬਣਾਏ ਗਏ। ਕਰਤਾਰ ਸਿੰਘ ਸਰਾਭਾ ਇਸ ਦੌਰਾਨ ਸੋਹਣ ਸਿੰਘ ਭਕਨਾ ਨੂੰ ਮਿਲੇ ਅਤੇ ਉਕਤ ਪਾਰਟੀ ਲਈ ਪੂਰੀ ਤਨਦੇਹੀ ਨਾਲ ਕੰਮ ਕਰਨਾ ਸ਼ੁਰੂ ਕਰ ਦਿੱਤਾ। ਕਰਤਾਰ ਸਿੰਘ ਪਾਰਟੀ ਵਿੱਚ ਬਹੁਤ ਜਲਦੀ ਹਰਮਨ-ਪਿਆਰਾ ਹੋ ਗਏ। ਪਾਰਟੀ ਦਾ ਕੇਂਦਰ ਸਾਨ ਫਰਾਂਸਿਸਕੋ ਬਣਾਇਆ ਗਿਆ ਤੇ ਇਸ ਨੇ ਦੇਸ ਦੀ ਸੁਤੰਤਰਤਾ ਦੀ ਲੜਾਈ ਦੇ ਪ੍ਰਚਾਰ-ਹਿੱਤ (ਉਰਦੂ ਤੇ ਪੰਜਾਬੀ) ਗਦਰ ਨਾਂ ਦਾ ਹਫਤਾਵਾਰੀ ਅਖਬਾਰ ਕੱਢਿਆ। ਦਰਅਸਲ ਉਕਤ ਅਖ਼ਬਾਰ ਕਰਤਾਰ ਸਿੰਘ ਦੇ ਦਿਮਾਗ ਦੀ ਹੀ ਉਪਜ ਸੀ। ਜਿਕਰਯੋਗ ਹੈ ਕਿ 31 ਅਕਤੂਬਰ 1913 ਨੂੰ ਸੈਕਰਮੈਂਟੋ, ਕੈਲੀਫੋਰਨੀਆ ਵਿਚ ਇਕ ਮੀਟਿੰਗ ਵਿਚ ਉਹ ਕੁੱਦ ਕੇ ਸਟੇਜ 'ਤੇ ਜਾ ਚੜ੍ਹੇ ਅਤੇ ਇਨ੍ਹਾਂ ਸ਼ਬਦਾਂ ਨੂੰ ਗਾਉਣਾ ਸ਼ੁਰੂ ਕਰ ਦਿੱਤਾ ਕਿ : "ਚੱਲੋ ਚੱਲੀਏ ਦੇਸ਼ ਨੂੰ ਯੁੱਧ ਕਰਨ, ਏਹੋ ਆਖ਼ਰੀ ਵਚਨ ਤੇ ਫ਼ਰਮਾਨ ਹੋ ਗਏ।"

ਸਰਾਭਾ ਦੀਆਂ ਦੇਸ ਪ੍ਰੇਮ ਦੀਆਂ ਉਚੇਰੀਆਂ ਭਾਵਨਾਵਾਂ ਨੂੰ ਦੇਖਦਿਆਂ ਗਦਰ ਪਾਰਟੀ ਨੇ ਕੈਲੀਫੋਰਨੀਆ ਵਿੱਚ ਇੱਕ ਮੀਟਿੰਗ ਕਰਕੇ ਉਸ ਨੂੰ ਪ੍ਰਬੰਧਕ ਕਮੇਟੀ ਦਾ ਮੈਂਬਰ ਚੁਣ ਲਿਆ। ਇਸ ਦੇ ਨਾਲ ਹੀ ਸਰਾਭਾ ਅਤੇ ਉਨ੍ਹਾਂ ਦੇ ਸਾਥੀਆਂ ਨੇ ਭਾਰਤ ਉੱਤੇ ਕਾਬਜ ਬਰਤਾਨਵੀ ਹਕੂਮਤ ਨੂੰ ਉਖਾੜ ਸੁੱਟਣ ਲਈ ਅਮਰੀਕਾ ਅਤੇ ਕੈਨੇਡਾ ਵਿੱਚ ਵਸੇ ਭਾਰਤੀਆਂ ਨੂੰ ਇੱਕਜੁਟ ਕਰਨਾ ਸ਼ੁਰੂ ਕਰ ਦਿੱਤਾ।



ਪਹਿਲੀ ਸੰਸਾਰ ਜੰਗ ਸ਼ੁਰੂ ਹੋਈ ਤਾਂ ਗ਼ਦਰ ਪਾਰਟੀ ਦੇ ਮੈਂਬਰਾਂ ਨੂੰ ਭਾਰਤ ਪਰਤਣ ਅਤੇ ਅੰਗਰੇਜ਼ਾਂ ਖ਼ਿਲਾਫ਼ ਹਥਿਆਰਬੰਦ ਵਿਦਰੋਹ ਕਰਨ ਦੀਆਂ ਹਦਾਇਤਾਂ ਦਿੱਤੀਆਂ ਗਈਆਂ। ਕਰਤਾਰ ਸਿੰਘ ਭਾਰਤ ਆਉਣ ਵਾਲੇ ਸਿੱਖਾਂ ਦੇ ਮੁੱਖ ਜਥੇ ਤੋਂ ਲਗਭਗ ਇਕ ਮਹੀਨਾ ਪਹਿਲਾਂ ਭਾਵ 15 ਸਤੰਬਰ 1914 ਨੂੰ ਅਮਰੀਕਾ ਤੋਂ ਚੱਲ ਪਏ ਸਨ। ਉਹ ਕੋਲੰਬੋ ਦੇ ਰਸਤੇ ਭਾਰਤ ਪੁੱਜਾ ਅਤੇ ਗ਼ਦਰ ਪਾਰਟੀ ਦੇ ਸਾਨਫ਼ਰਾਂਸਿਸਕੋ ਵਿਚਲੇ ਯੁਗਾਂਤਰ ਆਸ਼ਰਮ ਦੇ ਮਾਡਲ ਵਰਗਾ ਇਕ ਕੇਂਦਰ ਆਪਣੇ ਪਿੰਡ ਵਿਚ ਸਥਾਪਿਤ ਕਰਨ ਵਿਚ ਕਾਮਯਾਬ ਹੋ ਗਏ। ਜਦੋਂ ਭਾਈ ਪਰਮਾਨੰਦ ਲਹਿਰ ਦੀ ਅਗਵਾਈ ਕਰਨ ਦਸੰਬਰ 1914 ਨੂੰ ਭਾਰਤ ਪਹੁੰਚੇ ਤਾਂ ਉਦੋਂ ਤਕ ਕਰਤਾਰ ਸਿੰਘ ਲੁਧਿਆਣਾ ਜ਼ਿਲ੍ਹੇ ਵਿਚ ਆਪਣਾ ਪੂਰਾ ਪ੍ਰਭਾਵ ਕਾਇਮ ਕਰ ਚੁੱਕੇ ਸਨ। ਇਸ ਸੰਬੰਧ ਵਿਚ ਉਹ ਹਥਿਆਰ ਲੈਣ ਬੰਗਾਲ ਗਏ ਅਤੇ ਵਿਸ਼ਣੂ ਗਨੇਸ਼ ਪਿੰਗਲੇ, ਸਚਿੰਦਰ ਨਾਥ ਸਾਨਯਾਲ ਅਤੇ ਰਾਸ਼ ਬਿਹਾਰੀ ਬੋਸ ਵਰਗੇ ਕ੍ਰਾਂਤੀਕਾਰੀਆਂ ਨਾਲ ਮੁਲਾਕਾਤ ਕਰਨ ਉਪਰੰਤ ਹੋਰ ਵਧੇਰੇ ਊਰਜਾ ਪ੍ਰਾਪਤ ਕੀਤੀ। ਇਸ ਦੇ ਨਾਲ ਕਰਤਾਰ ਸਿੰਘ ਨੇ ਮੇਰਠ, ਆਗਰਾ, ਬਨਾਰਸ, ਅਲਾਹਾਬਾਦ, ਅੰਬਾਲਾ, ਲਾਹੌਰ ਅਤੇ ਰਾਵਲਪਿੰਡੀ ਦੀਆਂ ਫ਼ੌਜੀ ਛਾਉਣੀਆਂ ਦਾ ਦੌਰਾ ਕਰਿਆ ਤਾਂ ਕਿ ਫ਼ੌਜੀਆਂ ਨੂੰ ਵਿਦਰੋਹ ਲਈ ਉਕਸਾਇਆ ਜਾ ਸਕੇ। ਜਿੱਥੋਂ ਤਕ ਹਥਿਆਰਾਂ ਦਾ ਸੰਬੰਧ ਹੈ, ਕਰਤਾਰ ਸਿੰਘ ਅਤੇ ਇਨ੍ਹਾਂ ਦੇ ਸਾਥੀ ਲੁਧਿਆਣਾ ਜ਼ਿਲ੍ਹੇ ਵਿਚ ਪਹਿਲਾਂ ਝਾਬੇਵਾਲ ਅਤੇ ਫਿਰ ਲੋਹਟਬੱਧੀ ਵਿਖੇ ਛੋਟੇ ਪੱਧਰ ਤੇ ਬੰਬ ਤਿਆਰ ਕਰਨ ਵਿਚ ਸਫ਼ਲ ਹੋ ਗਏ ਸਨ ।

ਪਲਾਨਿੰਗ ਅਨੁਸਾਰ ਵਿਦਰੋਹ ਫ਼ਰਵਰੀ 1915 ਨੂੰ ਅਰੰਭ ਹੋਣਾ ਸੀ ਪਰ ਇਸ ਦੌਰਾਨ ਕਿਰਪਾਲ ਸਿੰਘ ਨਾਂ ਦਾ ਇਕ ਸਰਕਾਰੀ ਮੁਖ਼ਬਰ ਗੁਪਤ ਤੌਰ 'ਤੇ ਪਾਰਟੀ ਵਿਚ ਸ਼ਾਮਲ ਹੋ ਗਿਆ ਸੀ। ਉਸ ਮੁਖਬਰ ਦੁਆਰਾ ਸਰਕਾਰ ਨੂੰ ਸਮਾਂ ਰਹਿੰਦੇ ਸਾਰੇ ਕਰਤਾਰ ਸਿੰਘ ਹੁਰਾਂ ਦੇ ਸਾਰੇ ਗੁਪਤ ਭੇਦ ਖੋਲਣ ਦੇ ਚਲਦਿਆਂ, ਵੱਡੇ ਪੱਧਰ 'ਤੇ ਗ਼ਦਰ ਪਾਰਟੀ ਦੇ ਉਕਤ ਬਹੁਤ ਸਾਰੇ ਨੇਤਾਵਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਸੀ। ਕਰਤਾਰ ਸਿੰਘ, ਸੁਰਸਿੰਘ ਦਾ ਜਗਤ ਸਿੰਘ ਅਤੇ ਹਰਨਾਮ ਸਿੰਘ ਟੁੰਡੀਲਾਟ ਬਚ ਕੇ ਕਾਬੁਲ ਵੱਲ ਨਿਕਲ ਗਏ ਸਨ ਪਰ ਉਕਤ ਤਿੰਨੋਂ ਜਦੋਂ ਆਪਣੀ ਮੁਹਿੰਮ ਨੂੰ ਜਾਰੀ ਰੱਖਣ ਲਈ ਪੰਜਾਬ ਪਰਤ ਰਹੇ ਸਨ। ਪੁਲਸ ਨੇ 2 ਮਾਰਚ 1915 ਨੂੰ ਸ਼ਾਹਪੁਰ ਜ਼ਿਲ੍ਹੇ ਵਿਚ ਵਿਲਸਨਪੁਰ ਵਿਖੇ 22ਵੀਂ ਘੋੜ-ਸਵਾਰ ਫ਼ੌਜ ਦੇ ਜਵਾਨਾਂ ਨੂੰ ਵਰਗਲਾਉਣ ਦੇ ਉਦੇਸ਼ ਨਾਲ ਆਇਆਂ ਨੂੰ ਗ੍ਰਿਫ਼ਤਾਰ ਕਰ ਲਿਆ ਸੀ।

ਜਦੋਂ ਬਗ਼ਾਵਤ ਦੇ ਦੋਸ਼ ਅਧੀਨ ਕਰਤਾਰ ਸਿੰਘ ਸਰਾਭਾ 'ਤੇ ਮੁਕਦਮਾ ਚੱਲ ਰਿਹਾ ਸੀ ਤਾਂ ਉਸ ਨੇ ਤਮਾਮ ਦੋਸ਼ਾਂ ਦੀ ਸਮੁੱਚੀ ਜ਼ਿੰਮੇਵਾਰੀ ਆਪਣੇ ਖੁਦ ਉੱਪਰ ਲੈ ਲਈ ਸੀ ਤੇ ਇਹ ਸਭ ਸੁਣ ਕੇ ਜੱਜ ਹੱਕਾ-ਬੱਕਾ ਰਹਿ ਗਿਆ ਕਿ ਇੱਕ ਉੱਨੀ ਸਾਲਾਂ ਦੀ ਛੋਟੀ ਉਮਰ ਦਾ ਮੁੱਛ ਫੁੱਟ ਗਭਰੂ ਇਨੀਂ ਨਿਡਰਤਾ ਨਾਲ ਵਿਵਹਾਰ ਕਰ ਰਿਹਾ ਸੀ। ਕਰਤਾਰ ਸਿੰਘ ਦੀ ਨਿੱਕੀ ਉਮਰ ਨੂੰ ਧਿਆਨ ਵਿੱਚ ਰੱਖਦਿਆਂ ਜੱਜ ਨੇ ਨੌਜਵਾਨ ਨੂੰ ਆਪਣੇ ਬਿਆਨ ਵਿੱਚ ਸੋਧ ਕਰਨ ਦੀ ਸਲਾਹ ਦਿੱਤੀ ਪਰ ਨਤੀਜਾ ਇਸ ਦੇ ਵਿਪਰੀਤ ਹੋਇਆ। ਕਰਤਾਰ ਸਿੰਘ ਨੇ ਇਸਦੇ ਉਲਟ ਹੋਰ ਦ੍ਰਿੜ੍ਹਤਾ ਨਾਲ ਬਿਆਨ ਦਿੱਤਾ ਅਤੇ ਪੂਰੀ ਸਾਜ਼ਿਸ਼ ਦਾ ਜ਼ੁੰਮੇਵਾਰ ਉਹ ਖੁਦ ਹੀ ਸੀ। ਇਸ ਦੇ ਆਧਾਰ 'ਤੇ ਉਸ ਨੂੰ ਮੌਤ ਦੀ ਸਜ਼ਾ ਸੁਣਾਈ ਗਈ।

ਗਦਰੀਆਂ ਵਲੋਂ ਕੇਸ ਦੀ ਪੈਰਵੀ ਕਰ ਰਹੇ ਵਕੀਲ ਰਘੂਵਰ ਸਹਾਇ ਨੇ 24 ਗਦਰੀਆਂ ਨੂੰ ਫਾਂਸੀ ਦੀ ਸਜਾ ਦਾ ਮੁੱਦਾ ਵਾਇਸਰਾਇ ਕੌਂਸਲ ਕੋਲ ਉਠਾਇਆ ਤੇ ਕੌਂਸਲ ਦੇ ਮੈਂਬਰ ਸਰ ਅਲੀ ਇਮਾਮ ਨੇ ਕਾਨੂੰਨੀ ਪੈਂਤਰਿਆਂ ਦੀ ਨਜਰਸਾਨੀ ਤੋਂ ਬਾਅਦ 24 ਗਦਰੀਆਂ ਵਿਚੋਂ 17 ਗਦਰੀਆਂ ਦੀ ਫਾਂਸੀ ਦੀ ਸਜਾ ਤੋੜ ਕੇ ਸਜਾ-ਏ-ਕਾਲੇਪਾਣੀ ਕਰ ਦਿੱਤੀ। ਸਰ ਅਲੀ ਇਮਾਮ ਨੇ ਸਰਾਭੇ ਦੀ ਫਾਂਸੀ ਵੀ ਉਮਰ ਕੈਦ ਵਿੱਚ ਤਬਦੀਲ ਕਰਵਾਉਣ ਦੀ ਕੋਸ਼ਿਸ਼ ਕੀਤੀ। ਉਸ ਸਮੇਂ ਸਰਾਭੇ ਦੀ ਉਮਰ ਸਭ ਤੋਂ ਘੱਟ ਸੀ ਪਰ ਵਾਇਸਰਾਇ ਨੇ ਅਪੀਲ ਖਾਰਜ ਕਰ ਦਿੱਤੀ ਅਤੇ ਕੋਰਟ ਵਲੋਂ ਸਰਾਭੇ ਬਾਰੇ ਸਭ ਤੋਂ ਵੱਧ ਸੱਤ ਪੰਨਿਆਂ ਦਾ ਫੈਸਲਾ ਲਿਖਿਆ ਗਿਆ ਸੀ, ਜਿਸ ਵਿੱਚ ਉਸ ਨੂੰ ਸਭ ਤੋਂ 'ਖਤਰਨਾਕ' ਦੱਸਿਆ ਗਿਆ ਸੀ। ਫੈਸਲੇ ਵਿੱਚ ਅਹਿਮ ਗੱਲ ਇਹ ਲਿਖੀ ਗਈ ਸੀ ਕਿ ਗਦਰ ਦੀ ਅਜਿਹੀ ਕੋਈ ਵੀ ਘਟਨਾ ਨਹੀਂ ਹੈ, ਜਿਸ ਵਿੱਚ ਸਰਾਭਾ ਸ਼ਾਮਿਲ ਨਾ ਹੋਵੇ।

ਅਖੀਰ 16 ਨਵੰਬਰ 1915 ਨੂੰ ਸਾਢੇ ਉੱਨੀ ਸਾਲ ਦੇ ਜਵਾਨ ਕਰਤਾਰ ਸਿੰਘ ਸਰਾਭਾ ਨੂੰ ਉਹਨਾਂ ਦੇ ਛੇ ਹੋਰ ਸਾਥੀਆਂ - ਬਖਸੀਸ ਸਿੰਘ, ਜਿਲ੍ਹਾ ਅੰਮ੍ਰਿਤਸਰ; ਹਰਨਾਮ ਸਿੰਘ, ਜਿਲ੍ਹਾ ਸਿਆਲਕੋਟ; ਜਗਤ ਸਿੰਘ, ਜਿਲ੍ਹਾ ਲਾਹੌਰ; ਸੁਰੈਣ ਸਿੰਘ -1 ਅਤੇ ਸੁਰੈਣ -2 ਦੋਨੋਂ ਜਿਲ੍ਹਾ ਅੰਮ੍ਰਿਤਸਰ ਅਤੇ ਵਿਸਨੂੰ ਗਣੇਸ ਪਿੰਗਲੇ, ਜਿਲ੍ਹਾ ਪੂਨਾ (ਮਹਾਰਾਸਟਰ) - ਦੇ ਨਾਲ ਲਾਹੌਰ ਦੀ ਸੈਂਟਰਲ ਜੇਲ੍ਹ ਵਿੱਚ ਫਾਂਸੀ ਦੇ ਦਿੱਤੀ ਗਈ। ਕਹਿੰਦੇ ਹਨ ਕਿ ਮੌਤ ਸਮੇਂ ਕਰਤਾਰ ਸਿੰਘ 20 ਸਾਲਾਂ ਦਾ ਵੀ ਨਹੀਂ ਸੀ ਪਰ ਉਸ ਚ ਇਨ੍ਹਾਂ ਹੌਸਲਾ ਤੇ ਕੁਰਬਾਨੀ ਦਾ ਜਜਬਾ ਸੀ ਕਿ ਨਜ਼ਰਬੰਦੀ ਦੌਰਾਨ ਉਸਦਾ ਭਾਰ 14 ਪੌਂਡ ਵੱਧ ਗਿਆ ਸੀ। ਅਦਾਲਤ ਵਿੱਚ ਕਹੇ ਕਰਤਾਰ ਸਿੰਘ ਸਰਾਭਾ ਕਹੇ ਇਹ ਸ਼ਬਦ ਭਗਤ ਸਿੰਘ ਅਤੇ ਊਧਮ ਸਿੰਘ ਜਿਹੇ ਯੋਧਿਆਂ ਨੂੰ ਹਮੇਸ਼ਾਂ ਪ੍ਰੇਰਨਾ ਦਿੰਦੇ ਰਹੇ ਕਿ : ਮੈਨੂੰ ਉਮਰ-ਕੈਦ ਜਾਂ ਮੌਤ ਦੀ ਸਜ਼ਾ ਮਿਲ ਸਕਦੀ ਹੈ ਪਰ ਮੈਂ ਮੌਤ ਦੀ ਸਜ਼ਾ ਨੂੰ ਤਰਜੀਹ ਦੇਵਾਂਗਾ ਤਾਂ ਜੋ ਦੁਬਾਰਾ ਜਨਮ ਲੈ ਕੇ ਮੈਂ ਫ਼ਿਰ ਭਾਰਤ ਦੀ ਅਜ਼ਾਦੀ ਦੇ ਸੰਘਰਸ਼ ਵਿੱਚ ਸ਼ਾਮਲ ਹੋ ਸਕਾਂ। ਮੈਂ ਵਾਰ ਵਾਰ ਉਦੋਂ ਤੱਕ ਮਰਨਾ ਚਾਹਾਂਗਾ ਜਦੋਂ ਤੱਕ ਕਿ ਭਾਰਤ ਅਜ਼ਾਦ ਨਹੀਂ ਹੋ ਜਾਂਦਾ। ਇਹੀ ਮੇਰੀ ਆਖ਼ਰੀ ਇੱਛਾ ਹੈ।

ਅੱਜ ਦੇਸ਼ ਨੂੰ ਆਜਾਦ ਹੋਇਆਂ ਸੱਤ ਦਹਾਕਿਆਂ ਤੋਂ ਵੀ ਉਪਰ ਸਮਾਂ ਲੰਘ ਚੁੱਕਾ ਹੈ। ਬੇਸ਼ੱਕ ਅੱਜ ਕਰਤਾਰ ਸਿੰਘ ਸਰਾਭਾ ਸਾਡੇ ਦਰਮਿਆਨ ਨਹੀਂ ਹਨ ਪਰ ਮੈਂ ਸਮਝਦਾ ਹਾਂ ਕਿ ਇਸ ਸਮੇਂ ਦੇਸ਼ ਵਿੱਚ ਵਿਸ਼ੇਸ਼ ਕਰ ਪੰਜਾਬ ਨੂੰ, ਜੋ ਹਾਲਾਤ ਦਰਪੇਸ਼ ਹਨ ਅਤੇ ਜਿਸ ਤਰ੍ਹਾਂ ਇਸ ਵਕਤ ਦੇਸ਼ ਦਾ ਅੰਨਦਾਤਾ ਕਿਸਾਨ ਅਤੇ ਮਜ਼ਦੂਰ ਆਪਣੇ ਹੱਕਾਂ ਦੀ ਰਾਖੀ ਲਈ ਸੜਕਾਂ ਤੇ ਸੰਘਰਸ਼ ਕਰਨ ਲਈ ਮਜਬੂਰ ਹਨ। ਉਸ ਨੂੰ ਵੇਖਦਿਆਂ ਪਤਾ ਨਹੀਂ ਕਰਤਾਰ ਸਿੰਘ ਸਰਾਭਾ ਹੁਰਾਂ ਦੀ ਆਤਮਾ ਕਿੰਨੀ ਕੁ ਦੁੱਖੀ ਹੋਵੇਗੀ ..! ਯਕੀਨਨ ਅੱਜ ਦੇਸ਼ ਦੇ ਲੋਕਾਂ ਅਤੇ ਹਾਕਮਾਂ ਨੂੰ ਇਸ ਦਰਦ ਨੂੰ ਮਹਿਸੂਸ ਕਰਨ ਦੀ ਲੋੜ ਹੈ।

ਅੱਬਾਸ ਧਾਲੀਵਾਲ

ਦਾ ਪੰਜਾਬ ਹੈਰਲਡ

ਵਿਚ ਕਿਸੇ ਵੀ ਤਰ੍ਹਾਂ ਦੀਆਂ ਖਬਰਾਂ, ਸਾਹਿਤਕ ਕ੍ਰਿਤਾਂ, ਜਾਇਦਾਦ ਸੰਬੰਧੀ ਸੂਚਨਾਵਾਂ ਤੇ ਵਿਆਹ ਸ਼ਾਦੀਆਂ ਸੰਬੰਧੀ ਇਸ਼ਤਿਹਾਰ ਛਪਵਾਉਣ ਲਈ ਤੁਸੀਂ ਸਾਡੇ ਨਾਲ ਹੇਠ ਲਿਖੇ ਨੰਬਰ ਅਤੇ ਈ-ਮੇਲ ਤੇ ਸੰਪਰਕ ਕਰ ਸਕਦੇ ਹੋ। ਚੰਗਾ ਹੋਵੇਗਾ ਜੇ ਇਹ ਸਭ ਪ੍ਰਕਾਰ ਦੀ ਸਮਗਰੀ ਹਰ ਮਹੀਨੇ 20 ਤਰੀਖ ਤੋਂ ਪਹਿਲਾਂ ਪਹਿਲਾਂ ਸਾਡੇ ਪਾਸ ਪਹੁੰਚ ਜਾਵੇ। ਸੰਪਰਕ 0437641033

ਜੇਕਰ ਕਿਸੇ ਨੇ ਇਸ਼ਤਿਹਾਰ ਛਪਵਾਉਣਾ ਬੰਦ ਕਰਾਉਣਾ ਹੋਵੇ ਤਾਂ ਉਹ ਮਹੀਨੇ ਦੀ 20 ਤਾਰੀਖ ਤੋਂ ਪਹਿਲਾਂ ਪਹਿਲਾਂ ਸਾਨੂੰ ਸੂਚਿਤ ਕਰੇ।

If somebody wishes to discontinue the advertisement, then please intimate us by calling 0437641033 before 20th every month.

thepunjabherald1@gmail.com

‘ਸ੍ਰੀ ਗੁਰੂ ਨਾਨਕ ਦੇਵ ਜੀ’ ਦਾ ਮਾਨਵ ਕਲਿਆਣਕਾਰੀ ਉਪਦੇਸ਼



ਕੂੜ-ਕੁਸੱਤ ਦੇ ਭਾਰ ਨਾਲ ਡਿੱਗਦੀ, ਡੋਲਦੀ ਅਤੇ ਅਗਿਆਨਤਾ ਦੇ ਹਨ੍ਹੇਰੇ ਵਿਚ ਟੱਕਰਾਂ ਮਾਰਦੀ ਲੋਕਾਈ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਇਕ ਅਗੰਮੀ ਸੁੱਖ-ਚੈਨ ਨਸੀਬ ਹੋਇਆ, ਇਕ ਠੋਸ ਸਹਾਰਾ ਪ੍ਰਾਪਤ ਹੋਇਆ, ਇਕ ਅਨੋਖੀ ਧਰਵਾਸ ਮਿਲੀ। ਇਸੇ ਧਰਵਾਸ ਦਾ ਹੀ ਵਰਨਣ ਭਾਈ ਸਾਹਿਬ ਭਾਈ ਗੁਰਦਾਸ ਜੀ ਨੇ ਆਪਣੀ ਪਹਿਲੀ ਵਾਰ ਵਿੱਚ ਕੀਤਾ:

ਸੁਣੀ ਪੁਕਾਰਿ ਦਾਤਾਰ ਪ੍ਰਭੁ ਗੁਰੁ ਨਾਨਕ ਜਗ ਮਾਹਿ ਪਠਾਇਆ ॥
ਕਲਿ ਤਾਰਣਿ ਗੁਰੁ ਨਾਨਕੁ ਆਇਆ ॥

ਭਾਈ ਗੁਰਦਾਸ ਜੀ ਸ੍ਰੀ ਗੁਰੂ ਨਾਨਕ ਦੇਵ ਜੀ ਬਾਰੇ ਆਪਣੀਆਂ ਵਾਰਾਂ ਵਿਚ ਹੋਰ ਫੁਰਮਾਉਂਦੇ ਹਨ:

ਸਤਿਗੁਰੁ ਨਾਨਕੁ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ।
ਜਿਉ ਕਰਿ ਸੂਰਜੁ ਨਿਕਲਿਆ ਤਾਰੇ ਛਪਿ ਅੰਧੇਰੁ ਪਲੋਆ ।
ਸਿੰਘ ਬੁਕੇ ਮਿਰਗਾਵਲੀ ਭੰਨੀ ਜਾਇ ਨ ਧੀਰਿ ਧਰੇਆ ।

ਗੁਰੂ ਜੀ ਨੇ ਇਨ੍ਹਾਂ ਸਾਰੀਆਂ ਯਾਤਰਾਵਾਂ ਦੌਰਾਨ ਸਮਾਜ ਦੇ ਹਰ ਵਰਗ ਨਾਲ ਨੇੜੇ ਦਾ ਸਬੰਧ ਕਾਇਮ ਕੀਤਾ। ਗੁਰੂ ਜੀ ਨੇ ਵੱਖ-ਵੱਖ ਮੱਤਾਂ-ਮਤਾਂਤਰਾਂ ਦੇ ਨੁਮਾਇੰਦਿਆਂ ਨਾਲ ਭੇਟਾ ਮੁਲਾਕਾਤਾਂ ਤੇ ਗਿਆਨ ਗੋਸ਼ਟੀਆਂ ਰਚਾਉਂਦਿਆਂ ਹੋਇਆ ਸੱਚ ਗਿਆਨ ਤੋਂ ਉਨ੍ਹਾਂ ਦੀ ਦੂਰੀ ਤੇ ਭਟਕਾਵ ਦਾ ਅਹਿਸਾਸ ਕਰਵਾਇਆ, ਅਤੇ ਸੱਚ ਧਰਮ ਦੀ ਸੋਝੀ ਕਰਵਾਈ। ਵਲੀ ਕੰਧਾਰੀ ਜਿਹੇ ਗੁਮਾਨ ਭਰੇ ਪੀਰਾਂ ਨੂੰ ਲੋਕ ਸੇਵਾ ਦਾ ਮਨੁੱਖਤਾਵਾਦੀ ਮਾਰਗ ਅਤੇ ਅਕਾਲ ਪੁਰਖ ਵਾਹਿਗੁਰੂ ਦੀ ਸੱਚੀ ਉਪਮਾ ਗਾਇਨ ਕਰਨ ਦਾ ਗੁਰ ਬਖਸ਼ਿਸ਼ ਕੀਤਾ।

ਗੁਰੂ ਜੀ ਦੀ ਜੀਵਨ ਘਾਲਣਾ ਸਦਕਾ ਕੂੜ ਦੀਆਂ ਤਾਕਤਾਂ ਨੂੰ ਕਾਫੀ ਪਛਾੜ ਵੱਜੀ। ਲੋਕਾਂ ਵਿਚ ਹਾਕਮਾਂ ਦੇ ਜ਼ੁਲਮਾਂ ਵਿਰੁੱਧ ਡੱਟਣ ਦਾ ਸਾਹਸ ਉਤਪੰਨ ਹੋਇਆ। ਗੁਰੂ ਜੀ ਨੇ ਸੱਚ ਦੀ ਜੋਤ ਨਿਰੰਤਰ ਜੱਗਦੀ ਰੱਖਣ ਦੀ ਵਿਉਂਤਬੰਦੀ ਕਰਦਿਆਂ ਆਪਣੇ ਸੱਚ ਮਿਸ਼ਨ ਦੀ ਜ਼ਿੰਮੇਵਾਰੀ ਆਪਣੇ ਯੋਗ



ਜਿਥੇ ਬਾਬਾ ਪੈਰੁ ਧਰਿ ਪੂਜਾ ਆਸਣੁ ਥਾਪਣਿ ਸੋਆ ।
ਸਿਧਾਸਣਿ ਸਭਿ ਸਗਤਿ ਦੇ ਨਾਨਕ ਆਦਿ ਮਤੇ ਜੋ ਕੋਆ ।
ਘਰਿ ਘਰਿ ਅੰਦਰਿ ਧਰਮਸਾਲ ਹੋਵੈ ਕੀਰਤਨੁ ਸਦਾ ਵਿਸੋਆ ।
ਬਾਬੇ ਤਾਰੇ ਚਾਰਿ ਚਕਿ ਨਉ ਖੰਡਿ ਪ੍ਰਿਥਵੀ ਸਚਾ ਢੋਆ ।
ਗੁਰਮੁਖਿ ਕਲਿ ਵਿਚਿ ਪਰਗਟੁ ਹੋਆ ॥

ਗੁਰੂ ਪਾਤਸ਼ਾਹ ਜੀ ਦਾ ਆਗਮਨ ਸੰਨ 1469 ਈ. ਨੂੰ ਮਾਤਾ ਤ੍ਰਿਪਤਾ ਜੀ ਦੀ ਕੁੱਖੋਂ ਪਿਤਾ ਮਹਿਤਾ ਕਾਲੂ (ਕਲਿਆਣ ਦਾਸ) ਜੀ ਦੇ ਗ੍ਰਹਿ ਵਿਖੇ ਹੋਇਆ। ਜਿਥੇ ਪੰਜਾਬੀ ਕਵੀਆਂ ਨੇ ਗੁਰੂ ਸਾਹਿਬ ਜੀ ਦੇ ਪ੍ਰਕਾਸ਼ ’ਤੇ ਬਹੁਤ ਖੁਸ਼ੀ ਭਰੇ ਸ਼ਬਦ ਉਚਾਰੇ, ਉਥੇ ਉਰਦੂ ਦੇ ਮਸ਼ਹੂਰ ਕਵੀ ਇਕਬਾਲ ਨੇ ਵੀ ਗੁਰੂ ਸਾਹਿਬ ਬਾਰੇ ਕਿਹਾ:

ਫਿਰ ਉਠੀ ਆਖਿਰ ਸਦਾ ਤੌਹੀਦ ਕੀ ਪੰਜਾਬ ਸੇ ।
ਹਿੰਦ ਕੋ ਇਕ ਮਰਦ-ਏ-ਕਾਮਿਲ ਨੇ ਜਗਾਇਆ ਖਾਬ ਸੇ ।

ਸਿੱਖ ਇਤਿਹਾਸ ਦਾ ਮੂਲ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਗੰਮੀ ਪ੍ਰਕਾਸ਼ ਦੀਆਂ ਪਹਿਲ-ਪਲੇਠੀਆਂ ਕਿਰਨਾਂ ਨੂੰ ਆਪਣੇ ਪਿੰਡੇ ਪੁਰ ਮਾਨਣ ਦੇ ਨਿੱਘ ਸੁਖਦਾਇਕ ਅਨੁਭਵ ਨਾਲ ਭਰਿਆ ਹੋਇਆ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਗਮਨ ਨਾਲ ਭਾਰਤ ਸਮੇਤ ਪੂਰੇ ਵਿਸ਼ਵ ਦੇ ਧਾਰਮਿਕ ਇਤਿਹਾਸ ਅੰਦਰ ਇਕ ਕ੍ਰਾਂਤੀਕਾਰੀ ਚਿਣਗ ਪੈਦਾ ਹੋਈ, ਜੋ ਧਾਰਮਿਕ ਫਲਸਫੇ ਨੂੰ ਪੂਰੀ ਤਰ੍ਹਾਂ ਪ੍ਰਭਾਵਿਤ ਕਰਕੇ ਮਾਨਵਤਾ ਦੇ ਹਮਦਰਦ ਵਜੋਂ ਸਿਖਰਲੀ ਅਵਾਜ਼ ਬਣੀ। ਪਹਿਲੇ ਪਾਤਸ਼ਾਹ ਜੀ ਜਗਤ ਗੁਰੂ ਹਨ।

ਉਹ ਸਮੂਹ ਦੁਨੀਆਂ ਵਿਚ ਕੂੜ-ਕੁਸੱਤ ਦੀਆਂ ਤਾਕਤਾਂ ਨੂੰ ਪਛਾੜਨ ਅਤੇ ਸੱਚ ਧਰਮ ਦੀਆਂ ਸ਼ਕਤੀਆਂ ਨੂੰ ਅਲੋਪ ਹੋਣ ਤੋਂ ਬਚਾਉਣ ਹਿਤ ਅਕਾਲ ਪੁਰਖ ਦੇ ਭੇਜੇ ਹੋਏ ਆਏ ਸਨ। ਅੱਜ ਸਮੂਹ ਦੁਨੀਆਂ ਵਿਚ ਸੱਚ ਧਰਮ ਦਾ ਜਿੰਨਾ ਕੁ ਹਿੱਸਾ ਬਚਿਆ ਹੋਇਆ ਨਜ਼ਰ ਆਉਂਦਾ ਹੈ ਇਸ ਵਿਚ ਸਭ ਤੋਂ ਵੱਧ ਹਿੱਸਾ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਹੀ ਹੈ। ਇਹ ਅਗੰਮੀ ਹੌਸਲਾ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਅਕਾਲ ਪੁਰਖ ਦੇ ਦਰੋਂ-ਘਰੋਂ ਬਖਸ਼ਿਆ ਹੋਇਆ ਸੀ, ਜਿਸ ਸਦਕਾ ਗੁਰੂ ਜੀ ਨੇ ਆਪਣੇ ਸਮੇਂ ਦੀ ਨਿਘਾਰ ਚੁੱਕੀ ਵਿਵਸਥਾ ਨੂੰ ਵੰਗਾਰਨ ਦੀ ਪਹਿਲ-ਕਦਮੀ ਕੀਤੀ। ਨਹੀਂ ਤਾਂ ਲੰਮੇ ਸਮੇਂ ਤੋਂ ਲੋਧੀ ਹਾਕਮ ਤੇ ਉਨ੍ਹਾਂ ਦਾ ਪ੍ਰਬੰਧਕੀ ਲਾਣਾ ਤਾਂ ਸ਼ੀਹਾਂ ਤੇ ਕੁੱਤਿਆਂ ਵਾਲਾ ਕਰਮ ਨਿਭਾਅ ਰਿਹਾ ਸੀ, ਜਿਸ ਵਿਰੁੱਧ ਆਵਾਜ਼ ਉਠਾਉਣ ਦਾ ਨਾ-ਮਾਤਰ ਹੌਸਲਾ ਕਿਸੇ ਭਾਰਤ-ਵਾਸੀ ਵਿਚ ਨਹੀਂ ਸੀ।

ਇਹ ਉਹ ਵਿਵਸਥਾ ਸੀ, ਜਿਸ ਵਿਚ ਸਮਾਜ ਨੂੰ ਸਿੱਖਿਅਤ ਕਰਨ ਦੀ ਜ਼ਿੰਮੇਵਾਰੀ ਆਪਣੇ ਸਿਰ ਉਠਾਉਣ ਦਾ ਦਾਅਵਾ ਕਰਨ ਵਾਲੀ ਧਾਰਮਿਕ ਸ਼੍ਰੇਣੀ ਹੀ ਮਨੁੱਖਤਾ ਦਾ ਸ਼ੋਸ਼ਣ ਕਰ ਰਹੀ ਸੀ। ਉਹ ਲੋਕਾਂ ਨੂੰ ਗਿਆਨ ਦੀ ਉੱਚਾਈ ਵੱਲ ਲੈ ਜਾਣ ਦੀ ਬਜਾਏ ਇਸ ਨੂੰ ਅਗਿਆਨਤਾ ਦੀ ਅਤਿਅੰਤ ਡੂੰਘੀ ਖਾਈ ਵਿਚ ਸੁੱਟ ਰਹੀ ਸੀ। ਇਸ ਵਿਵਸਥਾ ਵਿਚ ਨਿਆਂਕਾਰ ਦੀ ਕੁਰਸੀ ਮੱਲੀ ਬੈਠੇ ਮੂਲੋਂ ਅਨਿਆ, ਧੱਕਾ ਤੇ ਸੀਨਾਜ਼ੋਰੀ ਕਰਨ ਵਾਲੇ ਅਤੇ ਅਪਰਾਧੀ ਦੀ ਭੂਮਿਕਾ ਵਿਚ ਨਜ਼ਰ ਆ ਰਹੇ ਸਨ।

ਇਸ ਕੂੜ-ਕੁਸੱਤ ਭਰਪੂਰ ਵਿਵਸਥਾ ਨੂੰ ਗੁਰੂ-ਪਾਤਸ਼ਾਹ ਨੇ ਆਪਣੇ ਸਮਕਾਲ ਵਿਚ ਵਕਤ ਦੇ ਹਾਲਾਤਾਂ ਦੇ ਮੱਦੇਨਜ਼ਰ ਇਸ ਮਨੋਰਥ ਹਿਤ ਉਨ੍ਹਾਂ ਨੇ ਆਪਣੀ ਅਗੰਮੀ ਪ੍ਰਤਿਭਾ, ਆਪਣੀ ਵਿਲੱਖਣ ਤੇ ਸਮਾਜਕ ਸ਼ਖਸੀਅਤ ਤੇ ਦ੍ਰਿੜ੍ਹਤਾ ਸਹਿਤ ਖਤਮ ਕਰਨ ਦੇ ਯਤਨ ਕੀਤੇ ਤੇ ਸਰਬ ਲੋਕਾਈ ਨੂੰ ਸਿੱਧੇ ਰਸਤੇ ਪਾਇਆ। ਦੁਨੀਆਂ ਦਾ ਚੱਪਾ-ਚੱਪਾ ਗੁਰੂ ਪਾਤਸ਼ਾਹ ਦੇ ਸੰਕਲਪੀ ਕਦਮਾਂ ਦੀ ਛੋਹ ਵਿਚ ਸਰਸ਼ਾਰ ਹੈ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਦੁਨੀਆਂ ਵਿਚ ਸੱਚ ਪਾਸਾਰ ਦੀ ਮੁਹਿੰਮ ਨੂੰ ਆਪਣੇ ਬਾਲਪਣ ਦੀ ਅਵਸਥਾ ਵਿਚ ਹੀ ਸ਼ੁਰੂ ਕਰ ਦਿੱਤਾ ਸੀ। ਗੁਰੂ ਜੀ ਨੇ ਆਪਣੇ ਮਿਸ਼ਨ ਸਬੰਧੀ ਡੂੰਘੀ ਸੋਚ-ਵਿਚਾਰ ਉਮਰ ਦੀ ਪਹਿਲ ਪ੍ਰਭਾਤੇ ਹੀ ਆਪਣੀ ਯਾਤਰਾ ਵਿੱਢ ਲਈ ਸੀ। ਗੁਰੂ ਜੀ ਨੇ ਪਾਠਸ਼ਾਲਾਈ ਵਿੱਦਿਆ ਨੂੰ ਬੜੀ ਛੇਤੀ ਸੰਪੂਰਨ ਕਰਕੇ ਵੱਖ-ਵੱਖ ਧਰਮ ਗ੍ਰੰਥਾਂ ਦਾ ਡੂੰਘਾ ਅਧਿਐਨ ਕੀਤਾ। ਉਦਾਸੀਆਂ/ਪ੍ਰਚਾਰ ਯਾਤਰਾਵਾਂ ਸਮੇਂ ਗੁਰੂ ਜੀ ਪਾਸ ਇਹ ਮੁੱਢਲੀ ਅਥਾਹ ਘਾਲਣਾ ਕਮਾਈ ਸੀ। ਗੁਰੂ ਜੀ ਨੇ ਭਾਵੇਂ ਕੋਈ ਵੀ ਦੁਨਿਆਵੀ ਕਾਰ ਵਿਹਾਰ ਕੀਤੀ; ਸੱਚ-ਗਿਆਨ ਦੀ ਉਨ੍ਹਾਂ ਦੀ ਤਲਾਸ਼ ਹਮੇਸ਼ਾ ਜਾਰੀ ਰਹੀ।

ਉਨ੍ਹਾਂ ਦਾ ਚਿੰਤਨ ਚੱਲਦਾ ਰਿਹਾ। ਸੁਲਤਾਨਪੁਰ ਲੋਧੀ ਨਿਵਾਸ ਸਮੇਂ ਇਹ ਚਿੰਤਨ ਨਿਸ਼ਚੇ ਹੀ ਵਧੇਰੇ ਗੁਰੂ-ਰੂਪ ਵਿਚ ਹੋਇਆ। ਤਿੰਨ ਦਿਨ ਦਾ ਇਕਾਂਤਵਾਸ ਤਾਂ ਇਸ ਚਿੰਤਨ ਦਾ ਸਿਖਰਲਾ ਪੜਾਅ ਮਾਤਰ ਕਿਹਾ ਜਾ ਸਕਦਾ ਹੈ। ਸੋ ਸਮੁੱਚਾ ਗੁਰੂ ਜੀਵਨ ਬ੍ਰਿਤਾਂਤ ਹੀ ਸੱਚ ਪਸਾਰ ਹਿਤ ਹੀ ਉਨ੍ਹਾਂ ਦੀ ਕਰੜੀ ਘਾਲ ਕਮਾਈ ਦਾ ਅਦੁੱਤੀ ਨਮੂਨਾ ਕਿਹਾ ਜਾ ਸਕਦਾ ਹੈ। ਆਪਣੀਆਂ ਸੱਚ ਧਰਮ ਦੇ ਪ੍ਰਚਾਰ ਪ੍ਰਸਾਰ ਹਿਤ ਕੀਤੀਆਂ ਲੰਮੀਆਂ ਯਾਤਰਾਵਾਂ ਦੌਰਾਨ ਗੁਰੂ ਸਾਹਿਬ ਜੀ ਬੇਸ਼ੁਮਾਰ ਥਾਵਾਂ ’ਤੇ ਗਏ। ਆਪ ਦੇਸ਼ ਦੀਆਂ ਹੱਦਾਂ ਨੂੰ ਪਾਰ ਕਰਦੇ ਹੋਏ ਪੱਛਮੀ ਏਸ਼ੀਆ ਦੇ ਕਈ ਮੁਸਲਮਾਨੀ ਦੇਸ਼ਾਂ ਸਮੇਤ ਹਿੰਦੁਸਤਾਨ ਦੇ ਸਾਰੇ ਪਾਸੇ ਸਥਿਤ ਕਈ ਦੇਸ਼ਾਂ ਵਿਚ ਗਏ।

ਸਿੱਖ (ਭਾਈ ਲਹਿਣਾ ਜੀ) ਨੂੰ ਜਾਂਚ ਪਰਖ ਕੇ ਸੌਂਪੀ ਅਤੇ ਫਿਰ ਵਾਰੀ-ਵਾਰੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤਕ ਗੁਰੂ-ਜੋਤ ਸੱਚ ਦੀ ਗੂੰਜ ਗਜਾਉਂਦੀ ਰਹੀ ਅਤੇ ਵਕਤ ਦੀਆਂ ਵੰਗਾਰਾਂ ਨੂੰ ਕਬੂਲ ਕਰਕੇ ਕੁਰਬਾਨੀਆਂ ਦੀਆਂ ਪੈੜਾਂ ਵੀ ਪਾਉਂਦੀ ਰਹੀ। ਦਸ ਗੁਰੂ ਸਾਹਿਬਾਨ ਦੀ ਜਾਗਤ ਜੋਤਿ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਅੱਜ ਸਮੂਹ ਸਿੱਖ ਪੰਥ ਨੂੰ ਨਹੀਂ ਬਲਕਿ ਸਮੂਹ ਮਾਨਵਤਾ ਨੂੰ ਬਿਨਾਂ ਜਾਤ, ਰੰਗ, ਨਸਲ ਦੇ ਭਿੰਨ ਭੇਦ ਦੇ ਜੀਵਨ ਦਾ ਸੱਚ ਮਾਰਗ ਦਰਸਾਉਣ ਲਈ ਮੌਜੂਦ ਹੈ।

ਗੁਰੂ ਪਾਤਸ਼ਾਹ ਜੀ ਦਾ ਪ੍ਰਕਾਸ਼ ਪੁਰਬ ਮਨਾਉਂਦਿਆਂ ਗੁਰਮਤਿ ਸਮਾਗਮ ਅਤੇ ਵਿਚਾਰ ਗੋਸ਼ਟੀਆਂ ਹੋਣੀਆਂ ਚਾਹੀਦੀਆਂ ਹਨ। ਅੱਜ ਗੁਰੂ ਜੀ ਦੇ ਸੱਚ ਮੁਖੀ ਜੀਵਨ ਨੂੰ ਸਮਝਣ ਤੇ ਦ੍ਰਿੜ੍ਹ ਕਰਨ ਦੀ ਲੋੜ ਹੈ, ਜਿਸ ਨੂੰ ਲੋਕਾਈ ਤਕ ਪੁੱਜਦਾ ਕਰਨ ਹਿਤ ਸੁਹਿਰਦ ਯਤਨ ਹੋਣੇ ਚਾਹੀਦੇ ਹਨ। ਸ੍ਰੀ ਗੁਰੂ ਨਾਨਕ ਦੇਵ ਜੀ ਵੱਲੋਂ ਦਰਸਾਈ ਗੁਰਮਤਿ ਜੀਵਨ ਜਾਚ ਨੂੰ ਅਮਲੀ ਰੂਪ ਵਿਚ ਅਪਣਾਉਂਦਿਆਂ ਹੀ ਪ੍ਰਕਾਸ਼ ਪੁਰਬ ਮਨਾਉਣਾ ਗੁਰੂ ਸਾਹਿਬ ਪ੍ਰਤੀ ਸੱਚੀ ਸ਼ਰਧਾ ਦਾ ਪ੍ਰਤੀਕ ਹੋਵੇਗੀ।

ਬੀਬੀ ਜਗੀਰ ਕੌਰ

ਧੰਨ ਜਿਗਰਾ ਬਾਪੂ ਦਾ

ਬਾਪੂ ਕਹਿੰਦਾ ਪੁੱਤ ਦੀ , ਮੈਂ ਲਾਸ ਨੀ ਸਾੜਾਂਗਾ
ਭਾਵੇਂ ਰਹਿ ਜਾਣ ਹੱਡੀਆਂ, ਨਹੀਂ ਚਿਖਾ ਤੇ ਚਾੜ੍ਹਾਂਗਾ
ਮਿਲਦਾ ਨੀ ਇਨਸਾਫ ਉਦੋਂ ਤੱਕ, ਫੁਲ ਨੀ ਤਰਾਂਗਾ

ਸੋਰਾਂ ਵਾਂਗ ਦਹਾੜਦਾ, ਧੰਨ ਜਿਗਰਾ ਬਾਪੂ ਦਾ
ਪੁੱਤਾਂ ਦੇ ਪੁੱਤ ਪਾਲਦਾ, ਧੰਨ ਜਿਗਰਾ ਬਾਪੂ ਦਾ
ਪੁੱਤ ਦੇ ਪੁੱਤਰ ਪਾਲਦਾ, ਧੰਨ ਜਿਗਰਾ ਬਾਪੂ ਦਾ
ਝੋਟੇ ਦੇ ਪੁੱਤ ਪਾਲਦਾ, ਧੰਨ ਜਿਗਰਾ ਬਾਪੂ ਦਾ

ਅੱਖੇ ਹੁੰਦੇ ਵੱਢਣੇ ਮੁੱਢ, ਹਰਿਆਂ ਰੁੱਖਾਂ ਦੇ
ਸੌਖੇ ਨਹੀਓਂ ਪਾਲਣੇ ਪੁੱਤ, ਮਰਿਆਂ ਪੁੱਤਾਂ ਦੇ
ਪੋਤੇ ਚੁੱਪ ਕਰਾਂਵਦਾ, ਧੰਨ ਜਿਗਰਾ ਬਾਪੂ ਦਾ
ਝੋਟੇ ਦੇ ਪੁੱਤ ਪਾਲਦਾ,ਧੰਨ ਜਿਗਰਾ ਬਾਪੂ ਦਾ
ਪੁੱਤਾਂ ਦੇ ਪੁੱਤ ਪਾਲਦਾ ਧੰਨ ਜਿਗਰਾ ਬਾਪੂ ਦਾ

ਮਾਂ ਦੁਹਥੜੇ ਮਾਰੇ, ਬਾਪੂ ਅੱਖੀਆਂ ਭਰਦਾ ਏ
ਨੂੰਹ ਦੀਆਂ ਟੁੱਟੀਆਂ ਬੈਗਾਂ, ਬਾਪੂ ਕੱਠੀਆਂ ਕਰਦਾ ਏ
ਪੋਤੇ ਹਿੱਕ ਨਾਲ ਲਾਂਵਦਾ, ਧੰਨ ਜਿਗਰਾ ਬਾਪੂ ਦਾ
ਪੁੱਤ ਦੇ ਪੁੱਤਰ ਪਾਲਦਾ, ਧੰਨ ਜਿਗਰਾ ਬਾਪੂ ਦਾ

ਕਹਿੰਦਾ ਪੋਲੀ ਵੇਚਕੇ, ਮੈਂ ਪੁੱਤ ਬਚਾ ਲਾਊਂਗਾ
ਨਸੇ ਮੁਕਾਵਣ ਵਾਸਤੇ, ਮੈਂ ਜਿੰਦ ਮੁਕਾ ਦਊਂਗਾ
ਨਾ ਡਾਣਸੀਵਾਲੀਆ ਹਾਰਦਾ,ਧੰਨ ਜਿਗਰਾ ਬਾਪੂ ਦਾ
ਗਿਦੜਾਂ ਨੂੰ ਲਲਕਾਰਦਾ, ਧੰਨ ਜਿਗਰਾ ਬਾਪੂ ਦਾ
ਪੁੱਤ ਦੇ ਪੁੱਤਰ ਪਾਲਦਾ, ਧੰਨ ਜਿਗਰਾ ਬਾਪੂ ਦਾ


ਕੁਲਵੀਰ ਸਿੰਘ ਡਾਨਸੀਵਾਲ

ਗਜ਼ਲ

ਪਿੰਡੋਂ ਤੁਰਦਿਆਂ ਅੱਖੀਉਂ ਜੋ ਅੱਥਰੂ ਸੀ ਡੁੱਲ੍ਹੇ ।
ਮੈਨੂੰ ਝੰਗੇ ਉੱਤੇ ਪਏ, ਅੱਜ ਦਾਗ ਨਹੀਓਂ ਭੁੱਲੇ ।

ਮਾਈ ਸੰਤੀ ਦੀ ਭੱਠੀ ਕਦੇ ਹੌਲਾਂ ਕਦੇ ਆਰ੍ਹੇ,
ਕਦੇ ਤਪਦੀ ਕੜਾਹੀ ਵਿਚ ਖਿੜਦੇ ਸੀ ਫੁੱਲੇ ।

ਸਾਂਝੀ ਪਾਥੀਆਂ ਦੀ ਅੱਗ ਪਿੰਡੋਂ ਬੁਝਦੀ ਕਦੇ ਨਾ,
ਸਭ ਘਰਾਂ ਵਿਚ ਓਹੀ ਨਿੱਤ ਬਾਲਦੀ ਸੀ ਚੁੱਲ੍ਹੇ ।

ਗਿੱਲਾ ਪਰਨਾ ਲਪੇਟ ਸੌਣਾ ਕੱਠੇ ਮੰਜਾ ਡਾਹ ਕੇ,
ਬਾਤਾਂ ਸੁਣਦੇ ਉਡੀਕੀ ਜਾਣਾ ਪੁਰੇ ਵਾਲੇ ਬੁੱਲੇ ।

ਮਿੱਠੇ ਖਾਨਗਾਹ ਦੇ ਚੌਲ, ਰੱਟ ਪੱਕਣਾ ਕਮਾਲ,
ਚਾਚੇ ਧੰਨਾ ਸਿੰਘ ਵਾਲੇ ਮੈਨੂੰ ਮੋਸੂ ਨਹੀਉਂ ਭੁੱਲੇ ।

ਕੱਚੇ ਵਿਹੜੇ ਵਿਚ ਸਾਮ ਨੂੰ ਤਰੌਂਕ ਦੇਣਾ ਪਾਣੀ,
ਖੰਦ ਮੰਜਿਆ ਦੀ ਕੱਸਣੀ ਤੇ ਸੌਣਾ ਹੋ ਕੇ ਖੁੱਲ੍ਹੇ ।

ਜਦੋਂ ਮੁੜਨਾ ਸਕੂਲੋਂ ਰਾਹ ਚ ਤਾਏ ਘੇਰ ਲੈਣਾ,
ਉਹਦੇ ਟੱਕਵੇਂ ਪਹਾੜੇ ਪੁੱਛੇ, ਅੱਜ ਵੀ ਨਹੀਂ ਭੁੱਲੇ ।

ਹੱਟੀ ਸਾਹਵਾਂ ਦੀ ਤੋਂ ਲੈ ਕੇ ਖਾਣਾ ਜਦੋਂ ਵੀ ਮਰੂੰਡਾ,
ਕਿੰਜ ਦੱਸੀਏ ਸਵਾਦ, ਨਿਰੇ ਲੁੱਟੇ ਅਸਾਂ ਬੁੱਲੇ ।

ਪੱਕੇ ਪੋਪਰਾਂ ਦੇ ਨੇੜੇ ਜਾ ਕੇ ਚੜ੍ਹਨਾ ਬੁਖਾਰ,
ਕੱਚੇ ਪੋਪਰਾਂ 'ਚ ਹੋਈਦਾ ਸੀ ਪਾਸ ਲਾ ਕੇ ਟੁੱਲੇ।

ਇਸ ਸਹਿਰ 'ਚ ਮੈਂ ਆਂਧੀ ਸਦੀ ਰੱਜ ਕੇ ਹੰਢਾਈ,
ਤੁਰ ਨਾਲ ਮੇਰੇ ਪਿੰਡ ਦੇ ਨਜਾਰੇ ਅਣਮੁੱਲੇ ।


ਗੁਰਭਜਨ ਗਿੱਲ

ਇਲੈਕਸ਼ਨ

ਇਲੈਕਸ਼ਨ ਜਾਲ ਹੈ ਟਾਟਿਆਂ ਬਿਰਲਿਆਂ ਦਾ,
ਜਿਹਦੇ ਵਿੱਚ ਗ਼ਰੀਬਾਂ ਨੂੰ ਸਿੱਟਦੇ ਨੇ।

ਵੋਟਾਂ ਲੈਣ ਮਜ਼ਦੂਰ ਕਿਰਸਾਣ ਬਣ ਕੇ,
ਜਦੋਂ ਜਿੱਤ ਜਾਂਦੇ ਉਦੋਂ ਫਿੱਟਦੇ ਨੇ।

ਕੁੱਕੜਾਂ ਵਾਂਗ ਬਾਹਰੋਂ ਵੇਖ-ਵੇਖ ਲੜਦੇ,
ਅੰਦਰ ਸਾਂਝੀਆਂ ਗੀਟੀਆਂ ਸਿੱਟਦੇ ਨੇ।

ਕੋਈ ਪਾਰਟੀ, ਕੋਈ ਮਨੁੱਖ ਭਾਵੇਂ,
ਆਪੋ ਆਪਣੇ ਚਿੱਡਾਂ ਲਈ ਪਿੱਟਦੇ ਨੇ।

ਗੁਰਬਤ ਤੰਗੀ, ਬੇਕਾਰੀ ਨਹੀਂ ਰਹਿਣ ਦੇਣੀ,
ਅੰਸੀ ਰੱਖ ਅੰਦਰ ਮੱਖ ਮਾਰਨੀ ਏ।

ਕਹਿੰਦੇ ਏਸੇ ਵਿਧਾਨ ਦੇ ਵਿੱਚ ਰਹਿ ਕੇ,
ਹੁਣ ਬਘਿਆੜ ਨੇ ਬੱਕਰੀ ਚਾਰਨੀ ਏ।

ਗੁਰਦਾਸ ਰਾਮ ਆਲਮ

ਖਸਲਤ

ਤੁਫ਼ਾਨਾਂ ਦੀ
ਤਾਂ ਫਿਤਰਤ ਈ ਹੈ
ਵਕਤ-ਬੇ-ਵਕਤ
ਚੜ੍ਹ-ਚੜ੍ਹ ਕੇ ਆਉਣਾ
ਰੰਗ-ਰੂਪ ਬਦਲ ਕੇ ਡਰਾਉਣਾ

ਪਰ
ਸਾਦਿਦ ਉਹਨਾਂ ਨੂੰ
ਪੰਜ-ਆਬਾਂ ਦੀ ਮਿੱਟੀ
ਤੇ ਪੰਜਾਬੀਆਂ ਦੀ ਖਸਲਤ
ਦਾ ਅੱਜ ਤੱਕ ਵੀ ਭੁਲੇਖਾ ਰਿਹਾ

ਨਿੱਤ
ਦੀਆਂ ਮੁਹਿੰਮਾਂ
ਨਾਲ ਸਿਝਦੇ ਜੂਝਦੇ ਪੰਜਾਬੀ
ਡਰਦੇ ਨਹੀਂ ਥੱਕਦੇ ਨਹੀਂ
ਹਾਰਦੇ ਨਹੀਂ ਤੇ ਕਦੇ ਅੱਕਦੇ ਵੀ ਨਹੀਂ


ਕੁਲਵਿੰਦਰ ਬਾਠ

ਦੀਵਾਲੀ 'ਤੇ ਵਿਸ਼ੇਸ਼

ਕੌਣ ਮਨਾਏ ਦੀਵਾਲੀ ਦੀ ਰਾਤ ਸੁਹਾਣੀ।
ਜਦ ਕਿਧਰੇ ਵੀ ਦਿਸਦੀ ਨਹੀਂ ਏ ਬਾਤ ਸੁਹਾਣੀ।
ਕਾਲਕਲੂਟੇ ਬੱਦਲਾਂ ਦੀ ਇਕ ਸਾਜਿਸ਼ ਦਿਸਦੀ।
ਅੰਬਰ ਦੇ ਵਿਚ ਕੜ-ਕੜ ਕਰਦੀ ਆਤਿਸ਼ ਦਿਸਦੀ।

ਚੰਦਰੀ ਬਾਰਿਸ਼ ਨੇ ਖਾ ਲਈ ਪ੍ਰਭਾਤ ਸੁਹਾਣੀ।
ਕੌਣ ਮਨਾਏ ਦੀਵਾਲੀ ਦੀ ਰਾਤ ਸੁਹਾਣੀ।
ਜੰਗ ਨੇ ਕੀਤਾ ਮਾਨਵਤਾ ਦਾ ਏਦਾਂ ਨਾਸ਼।
ਢਹਿ ਢੇਰੀ ਨੇ ਲੱਖਾਂ ਘਰ ਲਾਸ਼ਾਂ ਤੇ ਲਾਸ਼।

ਗੰਦਲੇ ਮੌਸਮ ਦੀ ਵੇਖ ਸੌਗਾਤ ਸੁਹਾਣੀ।
ਕੌਣ ਮਨਾਏ ਦੀਵਾਲੀ ਦੀ ਰਾਤ ਸੁਹਾਣੀ।
ਅਰਥ ਵਿਵਸਥਾ ਡੋਲ ਗਈ ਹਿੱਲੀਆਂ ਸਰਕਾਰਾਂ।
ਆਪੋ ਧਾਪੀ ਪੈ ਗਈ ਵਿਚ ਸੋਚ ਵਿਚਾਰਾਂ।

ਕੂੰ ਮੰਡਲੀ ਕਰਨ 'ਚ ਨਈਂ ਏਂ ਗੱਲਬਾਤ ਸੁਹਾਣੀ।
ਕੌਣ ਮਨਾਏ ਦੀਵਾਲੀ ਦੀ ਰਾਤ ਸੁਹਾਣੀ।
ਬੰਦਾ-ਬੰਦੇ ਨੂੰ ਹੀ ਚਾਹਵੇ ਇਤਬਾਰ ਕਰੇ।
ਤੇ ਸਧਰਾਂ ਚਾਵਾਂ ਰੀਝਾਂ ਦੇ ਨਾਲ ਪਿਆਰ ਕਰੇ।

ਧਰਤੀ ਉਤੇ ਹੋਵੇ ਬਸ ਇਕ ਜਾਤ ਸੁਹਾਣੀ।
ਕੌਣ ਮਨਾਏ ਦੀਵਾਲੀ ਦੀ ਰਾਤ ਸੁਹਾਣੀ।
ਖੁੰਡਾਂ ਵਾਂਗੂੰ ਉਗ ਪਏ ਥਾਂ-ਥਾਂ ਤੇ ਬਾਬੇ।
ਜਿੰਦਾਂ ਜੀ ਟੀ ਰੋਡ ਤੇ ਦਿਸਦੇ ਗੰਦੇ ਢਾਬੇ।

ਸ਼ਕਤੀ ਭਗਤੀ ਵਿਚ ਨਈਂ ਏਂ ਅੰਕਾਤ ਸੁਹਾਣੀ।
ਕੌਣ ਮਨਾਏ ਦੀਵਾਲੀ ਦੀ ਰਾਤ ਸੁਹਾਣੀ।
ਰੌਸ਼ਨੀਆਂ ਦੀ ਝਿਲ ਮਿਲਾਹਟ ਵਿਚ ਰਾਤਾਂ ਹੋਵਣ।
ਕੰਨਸੁਅਂ ਵਿਚ ਜੰਨਤ ਵਾਲੀਆਂ ਬਾਤਾਂ ਹੋਵਣ।

ਬੱਦਲਾਂ ਵਿਚੋਂ ਚੰਨ ਦੀ ਹੋਵੇ ਝਾਤ ਸੁਹਾਣੀ।
ਕੌਣ ਮਨਾਏ ਦੀਵਾਲੀ ਦੀ ਰਾਤ ਸੁਹਾਣੀ।
ਹਾਸੇ ਦੀ ਕਿਲਕਾਰੀ ਹੋਵੇ ਲੋਕ ਨਾ ਰੋਵਣ।
ਭਵਿੱਖ 'ਚ ਕਰਮਠਤਾ ਵਾਲੇ ਦੀਵੇ ਹੋਵਣ।

ਬਾਲਮ ਝੱਲੀ ਵਿਚ ਹੋਵੇ ਖ਼ੈਰਾਤ ਸੁਹਾਣੀ।
ਫੇਰ ਮਨਾਈਏ ਦੀਵਾਲੀ ਦੀ ਰਾਤ ਸੁਹਾਣੀ।

ਬਲਵਿੰਦਰ ਬਾਲਮ

ਠੱਗੀ ਬਾਬੇ

ਬਾਬਾ ਨਾਨਕ ਜਗਤ ਤੇ ਆਏ ।
ਸਿੱਖ ਉਨ੍ਹਾਂ ਗੁਰਬਾਣੀ ਲੜ ਲਾਏ।
ਰਿਵਾਜ ਤੇ ਕਰਮ ਕਾਂਡ ਛਡਾਏ।
ਭਰਮਾਂ ਭਟਕੇ ਸਿੱਧੇ ਰਾਹ ਪਾਏ।

ਗੁਰੂ ਦਰ ਤੋਂ ਜੋ ਅੱਖ ਬਚਾਉਂਦੇ ।
ਠੱਗੀ ਬਾਬਿਆਂ ਨੂੰ ਅਜਮਾਉਂਦੇ ।
ਜਾ ਡੇਰੇ ਤੇ ਘਰ ਬਾਰ ਲੁਟਾਉਂਦੇ।
ਜੀਵਨ ਸੱਚ ਜਾਣ ਨਹੀਂ ਪਾਉਂਦੇ ।

ਕਿੰਨੇ ਨੇਤਾ ਡੇਰਿਆਂ ਤੇ ਜਾਂਦੇ ।
ਚੋਣਾਂ ਲਈ ਵੋਟ ਬੈਂਕ ਬਣਾਂਦੇ ।
ਮਾਇਆ ਜਾਲ ਵਿਛਾਈ ਬੈਠੇ ।
ਇਹ ਬਾਬੇ ਠੱਗੀ ਖਾਈ ਜਾਂਦੇ ।

ਬਾਬੇ ਜਦ ਖੂਬ ਨਾਮ ਕਮਾਂਦੇ ।
ਸਾਸਨ ਨੂੰ ਫਿਰ ਅੱਖ ਦਿਖਾਂਦੇ।
ਡੇਰਿਆਂ ਤੇ ਛਾਪੇ ਸੁਰੂ ਹੋ ਜਾਂਦੇ ।
ਅਖੀਰ ਜੇਲ ਦੀਆਂ ਉਹ ਖਾਂਦੇ ।

ਮੱਕੜੀ ਜਾਲ ਜੈਸਾ ਇਹ ਜਾਲ ।
ਫਸਿਆ ਬੰਦਾ ਨਿਕਲ ਨ ਪਾਏ ।
ਭਰੋਸਾ ਕਰਕੇ ਬਿਨੈ ਗੁਰ ਅੱਗੇ ।
ਜਾਲ 'ਚ ਫਸੇ ਨੂੰ ਮੁਕਤ ਕਰਾਏ ।

ਬਾਬਿਆਂ ਨੂੰ ਸਿੱਧੇ ਰਾਹ ਪਾਉ ।
ਜੜ੍ਹੋਂ ਹੀ ਇਨ੍ਹਾਂ ਦਾ ਡਰ ਮੁਕਾਉ ।
ਸਭ ਭਟਕੇ ਸਿੱਖਾਂ ਨੂੰ ਸੋਝੀ ਪਾਉ ।
ਅਮਰੀਕ ਦੀ ਝੋਲੀ ਬਾਣੀ ਪਾਉ ।


ਅਮਰੀਕ ਸਿੰਘ ਢਿਗਰਾ



ਹੜ੍ਹਾਂ ਦੀ ਮਾਰ-ਨਾ ਮੰਨੋਇੰ ਹਾਰ

ਭਾਵੇਂ ਆਫਤ ਬਣ ਆਇਆ, ਇਹ ਹੜ੍ਹਾਂ ਦਾ ਪਾਣੀ।
ਪਰ ਸਾਡੇ ਵੀ ਸਿਦਕ ਦੀ, ਹੈ ਅਜਬ ਕਹਾਣੀ।
ਕੁਦਰਤ ਨਾਲ ਛੇੜ ਛਾੜ , ਮਹਿੰਗੀ ਹੈ ਪੈਂਦੀ।
ਜੰਗਲ ਘਟ ਗਏ ਜਮੀਨ ਵੀ, ਹੈ ਖਿਸਕਦੀ ਰਹਿੰਦੀ।
ਤਾਹੀਂ ਤਾਂ ਕਹਿਰ ਕਮਾਂਵਦੀ, ਹੈ ਕੁਦਰਤ ਰਾਣੀ
ਭਾਵੇਂ ਇਹ ਕਹਿਰ ਵੀ, ਇੱਕ ਦਿਨ ਘਟ ਜਾਣਾ।
ਉਸਦੀ ਰਜਾ ਚ ਰਹਿ ਕੇ, ਅਸੀ ਮੰਨਣਾ ਭਾਣਾ।
ਪਰ ਦੁੱਖ ਸਿਆਸਤ ਦੀ, ਉਲਝੀ ਜੋ ਤਾਣੀ
ਸਾਡੀ ਜਰਖੇਜ ਜਮੀਨ ਤੇ, ਨਜਰਾਂ ਨੇ ਲੱਗੀਆਂ।
ਹਰ ਵਾਰੀ ਫੇਰੀ ਮਾਰਦਾ, ਸਾਡੇ ਨਾਲ ਠੱਗੀਆਂ।
ਬੇਈਮਾਨੀ ਪਰ ਓਸ ਦੀ, ਹੈ ਸਭ ਪਹਿਚਾਣੀ
ਸਾਨੂੰ ਥਾਪੜਾ ਸਾਡੇ ਗੁਰਾਂ ਦਾ, ਨਾ ਕਦੇ ਵੀ ਡੁਲ੍ਹੇ।
ਅਸੀ ਔਖੇ ਸਮੇਂ ਵਿੱਚ ਵੀ, ਚੜ੍ਹਦੀ ਕਲਾ ਚ ਬੋਲੇ।
ਮੁਕਾਬਲਾ ਨਾ ਕਦੇ ਕਰ ਸਕੀ, ਦੁਸਮਣ ਦੀ ਢਾਣੀ..
ਅਸੀ ਸੰਤਾਲੀ ਵੀ ਦੇਖਿਆ, ਤੇ ਝੱਲਿਆ ਚੁਰਾਸੀ।
ਸਾਡੇ ਰਾਹ ਦਿਸੇਰਾ ਰਹਿਣਗੇ, ਅਨੰਦਪੁਰ ਦੇ ਵਾਸੀ।
ਸੰਗ ਮੁਸੀਬਤਾਂ ਟਕਰਾਂ, ਅਸੀ ਲੈਣ ਦੀ ਠਾਣੀ..
ਭਾਵੇਂ ਘਰ ਅਸਾਡੇ ਢਹਿ ਗਏ, ਫਸਲਾਂ ਨੇ ਰੁੜ੍ਹੀਆਂ।
ਪਰ ਓਸ ਅਕਾਲ ਪੁਰਖ ਨਾਲ, ਸੁਰਤਾਂ ਨੇ ਜੁੜੀਆਂ।
ਸਾਨੂੰ ਅਟੁੱਟ ਭਰੋਸਾ ਓਸਤੇ, ਨਾਂ ਵੇਡ ਕਰਦਾ ਕਾਣੀ..
ਸਾਡੇ ਮਾਂ ਜਾਏ ਸਾਡੇ ਨਾਲ ਨੇ, ਸਭ ਆ ਖੜ੍ਹੇਏ।
ਇਸ ਸੰਕਟ ਘੜੀ ਚ ਹੌਸਲੇ, ਸਾਡੇ ਦੂਣੇ ਹੋਏ।
ਕਹਿੰਦ ਵੰਡ ਕੇ ਝੱਲਾਂਗੇ, ਮੁਸੀਬਤ ਜੋ ਆਣੀ..
ਆਓ ਏਸ ਘੜੀ ਚ ਆਪਣਾ, ਹਿੱਸਾ ਵੀ ਪਾਈਏ।
ਇਸ ਸੰਕਟ ਵਿੱਚੋਂ ਕੱਢਕੇ, ਕੁੱਝ ਦਰਦ ਵੰਡਾਈਏ।
"ਸਿਧੂ" ਗਲ ਬਣ ਜਾਈਏ, ਫਿਰ ਸਮੇਂ ਦੇ ਹਾਣੀ..


ਦਰਸਨ ਸਿੰਘ ਸਿੱਧੂ

ਧੀਆਂ ਦੀਆਂ ਉੱਚੀਆਂ ਉਡਾਰੀਆਂ

ਹਰ ਖੇਤਰ ਵਿੱਚ ਧੀਆਂ ਮੱਲਾਂ
ਮਾਰਦੀਆਂ ।
ਦਿੜ੍ਹ ਹੌਸਲਾ ਤੇ ਵਿਸਵਾਸ ਮਨ
ਵਿੱਚ ਧਾਰਦੀਆਂ।

ਹਾਕੀ ਖੇਡ ਕੇ ਤਗਮਾਂ ਜਿੱਤ
ਲਿਆਈਆਂ ਨੇ।
ਵਿੱਚ ਜਪਾਨ ਦੇ ਜਾ ਕੇ ਧੁੰਮਾਂ
ਪਾਈਆਂ ਨੇ।

ਹਰ ਵੀ ਕਿੰਨੇ ਤਗਮੇਂ ਜਿੱਤ
ਲਿਆਦੇ ਨੇ।
ਧੀਆਂ ਨਹੀ ਹੁਣ ਘੱਟ ਲੋਕੀ
ਆਂਹਦੇ ਨੇ।

ਵੇਖ ਕਿੰਨਾਂ ਦੇਸ਼ ਦਾ ਮਾਣ
ਵਧਾਇਆ ਹੈ,
ਪੂਰੀ ਦੁਨੀਆਂ ਦੇ ਵਿੱਚ ਨਾਂ
ਚਮਕਾਇਆ ਹੈ।

ਸਰਕਾਰਾਂ ਨੇ ਦਿਲ ਖੋਲ੍ਹ ਇਨਾਮ
ਵੀ ਦਿੱਤੇ ਨੇ।
ਬੁਲੰਦ ਹੌਸਲੇ ਧੀਆਂ ਦੇ ਵੱਧ
ਕੀਤੇ ਨੇ।

ਪੜ੍ਹਾਈ, ਖੇਡਾਂ ਤੇ ਜੰਗ ਵਿੱਚ ਜੌਹਰ
ਦਿਖਾਉਂਦੀਆਂ ਨੇ।
ਅੱਬਲਾ ਨਹੀਂ, ਹੁਣ ਇਹ ਝਾਂਸੀ
ਅਖਵਾਉਂਦੀਆਂ ਨੇ।

'ਪੱਤੋ' ਆਖੇ ਸਭ ਤੋਂ ਮੂਹਰੇ ਰਹਿਣ
ਧੀਆਂ।
ਸਭ ਦੀਆਂ ਦਿੱਲੋਂ ਦੁਆਵਾਂ, ਲੈਂਦੀਆਂ
ਰਹਿਣ ਧੀਆਂ।


ਹਰਪ੍ਰੀਤ ਪੱਤੋ

ਮਾਂ ਦੀ ਮਮਤਾ

ਪਾਲ ਪੋਸ਼ਣ ਕੇ ਵੱਡਾ ਕੀਤਾ,
ਬੀ ਏ ਤੱਕ ਪੜਾਇਆ।
ਮਾਪਿਆਂ ਦਾ ਇਕਲੌਤਾ ਪੁੱਤਰ,
ਸੀਹਣੀ ਮਾਂ ਦਾ ਜਾਇਆ।

ਬ੍ਰਾਂਡਡ ਕਪੜੇ ਪਾਉਣ ਦਾ ਸੌਕੀ,
ਸੋਹਣੀ ਪੱਗ ਸਜਾਉਣ ਦਾ ਸੌਕੀ ।
ਹਸਦੇ ਵਸਦੇ ਘਰਦੇ ਵਿਹੜੇ,
ਹਰਦਮ ਰਹਿੰਦੇ ਹਾਸੇ ਖੇੜੇ।

ਅਚਾਨਕ ਪੁਤਰ ਚੁਪ ਹੋ ਗਿਆ,
ਕਿਸੇ ਨਾਲ ਨਾ ਬੋਲੇ।
ਮਾਵਾਂ ਹੁੰਦੀਆਂ ਢਿਡ ਦੀਆਂ ਜਾਨਣ,
ਗੱਲ ਬਿਠਾਕੇ ਪੁਛਦੀ ਕੋਲੇ।

ਕਹਿੰਦੀ ਕਾਕਾ ਚੁਪ ਕਿਉਂ ਰਹਿੰਦਾ,
ਦਿਲ ਦੀ ਗੱਲ ਤੂੰ ਕਿਉਂ ਨੀ ਕਹਿੰਦਾ।
ਹੌਕਾ ਲੈਕੇ ਬੋਲਣ ਲਗ ਪਿਆ,
ਉਹ ਦਿਲ ਦੀ ਘੁੰਡੀ
ਖੋਲਣ ਲਗ ਪਿਆ।

ਜਹਾਜੇ ਚੜ ਗਿਆ ਯਾਰ ਪੁਰਾਣਾ,
ਮੈਂ ਵੀ ਬੇਬੇ ਬਾਹਰ ਨੂੰ ਜਾਣਾ।
ਗਹਿਣੇ ਗੱਟੇ ਵਚ ਵੱਟ ਕੇ,
ਪੁਤਰ ਦੀ ਸੀ ਜਿੱਦ ਪੁਗਾਤੀ।
ਦਿਲ ਆਪਣੇ ਤੇ ਪੱਥਰ ਰਖਕੇ,
ਬਾਹਰ ਦੀ ਫਿਰ ਟਿਕਟ ਕਟਾ ਤੀ।

ਮਾਂ ਪਿਉ ਕੱਖੋਂ ਹੌਲੇ ਹੋਗੇ,
ਗਵਾਂਢੀ ਮੰਚਕੇ ਕੋਲੋ ਹੋਗੇ।
ਸਰੀਕਾਂ ਦੇ ਦਿਲ ਅੱਗਾਂ ਲਗਣ,
ਔਖਾ ਹੋ ਗਏ ਜੀਣੇ।
ਦੂਜੇ ਨੂੰ ਜੋ ਦੇਖਕੇ ਸੜਦੇ
ਹੁੰਦੇ ਲੋਕ ਕਮੀਣੇ।

ਉੱਪਰੋਂ ਉੱਪਰੋਂ ਹਸਦੀ ਫਿਰਦੀ,
ਮਾਂ ਲੋਕਾਂ ਨੂੰ ਦਸਦੀ ਫਿਰਦੀ।
ਪੁਤਰ ਅਸਾਡਾ ਸੁਰਗੀਂ ਰਹਿੰਦਾ,
ਕਾਰਾਂ ਦੇ ਵਿਚ ਝੂਟੇ ਲੈਂਦਾ।
ਰਾਤ ਨੂੰ ਦਿਲ ਵਿਚ ਹੌਕੇ ਲੈਂਦੀ,
ਅਧੀ ਰਾਤ ਤੱਕ ਰੋਂਦੀ ਰਹਿੰਦੀ।

ਇਕ ਦਿਨ ਮਾਂ ਨੂੰ ਸੁਫਨਾ ਆਇਆ,
ਰੱਬ ਨੇ ਪੁਤ ਨਾਲ ਮੇਲ ਕਰਾਇਆ।
ਪੁਤਰ ਬੈਠਾ ਰੋਈ ਜਾਵੇ,
ਹੰਝੂਆਂ ਹਾਰ ਪਰੋਈ ਜਾਵੇ।

ਕਹਿੰਦਾ ਬੇਬੇ ਰੋਟੀ ਲਾਹ ਦੇ,
ਕਾੜ੍ਹਨੀ ਵਿਚੋਂ ਦੁਧ ਪਿਲਾਦੇ।
ਹਾਇ ਮਾਂ ਮੇਰਾ ਜੀ ਨੀ ਲਗਦਾ,
ਔਖੇ ਨੀ ਮੈਨੂੰ ਬਾਪੂ ਲਭਦਾ।

ਉਭੜ ਵਾਹੇ ਮਾਂ ਫਿਰ ਉਠੀ,
ਇਹ ਤਾਂ ਬਾਜੀ ਪੈਗੀ ਪੁਠੀ।
ਝੱਟ ਫੋਨ ਦੀ ਘੰਟੀ ਖੜਕਾਤੀ,
ਬਾਪੂ ਦੀ ਵੀ ਨੀਂਦ ਗਵਾਤੀ।

ਪੁਤਰਾ ਜਲਦੀ ਫੇਰੀ ਪਾਦੇ,
ਕੜੀਆਂ ਕਮਾਈਆਂ ਅਗ ਵਿਚ ਡਾਹ ਦੇ।
ਸਾਥੋਂ ਹੁਣ ਜਿਉਂ ਨੀ ਹੁੰਦਾ,
ਰੋਜ ਰਾਤ ਨੂੰ ਰੋ ਨੀ ਹੁੰਦਾ।

ਬੁੱਢਿਆਂ ਦਾ ਤੂੰ ਦੁਖ ਵੰਡਾ ਜਾ,
ਪੁਤਰਾ ਮੁੜਕੇ ਘਰ ਨੂੰ ਆ ਜਾ।
ਪੁਤਰਾ ਮੁੜਕੇ ਘਰ ਨੂੰ ਆ ਜਾ।


